Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: **Gurjatinder Singh Randhawa**

Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 768, 21 to 27 Sept., 2023, Ph: 916-320-9444, E-mail: punjabmailusa@yahoo.com, Web: punjabmailusa.com

# ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਨੂੰ ਲੈ ਕੇ ਭਾਰਤ ਤੇ ਕੈਨੇਡਾ ਵਿਚਾਲੇ ਵਿਵਾਦ ਭਖਿਆ



- ਟਰੂਡੋ ਨੇ ਕਿਹਾ: ਅਸੀਂ ਭਾਰਤ ਨੂੰ ਉਕਸਾ ਨਹੀਂ ਰਹੇ; ਭਾਰਤ ਨੂੰ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ
- ਟਰੂਡੋ ਨੇ ਨਿੱਝਰ ਦੇ ਕਤਲ ਤੇ ਭਾਰਤ ਸਰਕਾਰ ਦੇ ਏਜੰਟਾਂ ਵਿਚਕਾਰ ਸੰਭਾਵੀ ਸਬੰਧ ਹੋਣ ਦਾ ਕੀਤਾ ਸੀ ਦਾਅਵਾ
- ਨਿੱਝਰ ਦੀ ਹੱਤਿਆ ਬਾਰੇ ਦਾਅਵੇ ਮਗਰੋਂ ਭਾਰਤ ਸਰਕਾਰ ਵੱਲੋਂ ਕੈਨੇਡੀਅਨ ਡਿਪਲੋਮੈਟ ਨੂੰ ਦੇਸ਼ ਛੱਡਣ ਦਾ ਹੁਕਮ



### ਕੈਨੇਡਾ ਕਰ ਸਕਦੈ ਭਾਰਤੀ ਪੁਲਿਸ ਅਧਿਕਾਰੀਆਂ ਦੇ ਵਿਜ਼ਟਰ ਵੀਜ਼ੇ ਰੱਦ!

ਕੈਨੇਡਾ ਦੀ ਪਾਰਲੀਮੈਂਟ ਵਿਚ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਦਿੱਤੇ ਬਿਆਨ ਤੋਂ ਬਾਅਦ ਕੈਨੇਡਾ ਸਖਤੀ ਕਰਨ ਦੇ ਰੌਅ ਵਿਚ ਹੈ। ਮਿਲੀ ਜਾਣਕਾਰੀ ਅਨੁਸਾਰ ਹੋ ਸਕਦਾ ਹੈ ਕਿ ਹੁਣ ਕੈਨੇਡਾ ਭਾਰਤੀ ਪੁਲਿਸ ਅਧਿਕਾਰੀਆਂ ਦੇ ਵਿਜ਼ਟਰ ਵੀਜ਼ੇ ਰੱਦ ਕਰ ਦੇਵੇ। ਜ਼ਿਕਰਯੋਗ ਹੈ ਕਿ ਇਸ ਵਕਤ ਭਾਰੀ ਗਿਣਤੀ ਵਿਚ ਭਾਰਤੀ ਪੁਲਿਸ ਅਧਿਕਾਰੀਆਂ ਕੋਲ ਕੈਨੇਡਾ ਦੇ ਵੀਜ਼ੇ ਹਨ।

**ਟੋਰਾਂਟੋ, (ਪੰਜਾਬ ਮੇਲ)-** ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਵਿਵਾਦ ਵਧ ਗਿਆ ਹੈ। ਕੈਨੇਡਾ ਦੀ ਕਾਰਵਾਈ ਤੋਂ ਬਾਅਦ ਭਾਰਤ ਨੇ ਵੀ ਜਵਾਬ ਦਿੱਤਾ ਹੈ। ਇਸ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ (19 ਸਤੰਬਰ) ਨੂੰ ਕਿਹਾ ਕਿ ਅਸੀਂ ਭਾਰਤ ਨੂੰ ਉਕਸਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਪਰ ਓਟਾਵਾ (ਕੈਨੇਡਾ ਦੀ ਰਾਜਧਾਨੀ) ਚਾਹੁੰਦਾ ਹੈ ਕਿ ਨਵੀਂ ਦਿੱਲੀ ਇਸ ਮੁੱਦੇ ਨੂੰ ਸਹੀ ਢੰਗ ਨਾਲ ਨਜਿੱਠੇ। ਟਰੂਡੋ ਨੇ ਕਿਹਾ, "ਭਾਰਤ ਸਰਕਾਰ ਨੂੰ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਲੋੜ ਹੈ।" ਅਸੀਂ ਵੀ ਅਜਿਹਾ ਹੀ ਕਰ ਰਹੇ ਹਾਂ। ਅਸੀਂ ਇਸ ਨੂੰ ਉਕਸਾਉਣ ਜਾਂ ਵਧਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਹਾਂ।" ਟਰੂਡੋ ਨੇ ਨਿੱਝਰ ਦੇ ਕਤਲ ਅਤੇ ਭਾਰਤ ਸਰਕਾਰ ਦੇ ਏਜੰਟਾਂ ਵਿਚਕਾਰ ਸੰਭਾਵੀ ਸਬੰਧ ਹੋਣ ਦਾ ਦਾਅਵਾ ਕੀਤਾ ਹੈ। ਦਰਅਸਲ, ਇਲਜ਼ਾਮ ਲਗਾਉਣ ਦੇ ਨਾਲ ਹੀ ਕੈਨੇਡਾ ਨੇ ਇੱਕ ਸੀਨੀਅਰ ਭਾਰਤੀ ਡਿਪਲੋਮੈਟ ਨੂੰ ਕੱਢ ਕੇ ਕਾਰਵਾਈ ਕੀਤੀ ਸੀ। ਕੁਝ ਘੰਟਿਆਂ ਬਾਅਦ ਭਾਰਤ ਨੇ ਵੀ ਕਾਰਵਾਈ ਕਰਦੇ ਹੋਏ ਕੈਨੇਡੀਅਨ ਡਿਪਲੋਮੈਟ ਨੂੰ ਬਾਹਰ ਕੱਢ ਦਿੱਤਾ। ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨਰ ਕੈਮਰਨ ਮੈਕੇ ਨੂੰ ਵਿਦੇਸ਼ ਮੰਤਰਾਲੇ ਨੇ ਤਲਬ ਕੀਤਾ ਅਤੇ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਕੱਢਣ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਕਦਮ "ਸਾਡੇ ਅੰਦਰੂਨੀ ਮਾਮਲਿਆਂ ਵਿਚ ਕੈਨੇਡੀਅਨ ਡਿਪਲੋਮੈਟਾਂ ਦੀ ਦਖਲਅੰਦਾਜ਼ੀ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ" ਨੂੰ ਲੈ ਕੇ ਭਾਰਤ ਦੀ ਵਧਦੀ ਚਿੰਤਾ ਨੂੰ ਦਰਸਾਉਂਦਾ ਹੈ। ਵਿਦੇਸ਼ ਮੰਤਰਾਲੇ ਨੇ ਟਰੂਡੋ ਅਤੇ ਉਨ੍ਹਾਂ ਦੇ ਵਿਦੇਸ਼ ਮੰਤਰੀ ਦੇ ਬਿਆਨਾਂ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਅਜਿਹੇ ਬੇਬੁਨਿਆਦ ਦੋਸ਼ ਖਾਲਿਸਤਾਨੀ ਅੱਤਵਾਦੀਆਂ ਅਤੇ ਕੱਟੜਪੰਥੀਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਹੈ, ਜਿਨ੍ਹਾਂ ਨੂੰ ਕੈਨੇਡਾ 'ਚ ਪਨਾਹ ਦਿੱਤੀ ਗਈ ਹੈ ਅਤੇ ਇਹ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਖਤਰਾ ਹਨ। ਖ਼ਤਰਾ ਬਣਿਆ ਰਹਿੰਦਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦੇ ਹੱਥ ਬਾਰੇ ਦਾਅਵਾ ਕਰਨ ਮਗਰੋਂ ਭਾਰਤ ਨੇ ਵੱਡਾ ਐਕਸ਼ਨ ਲਿਆ ਹੈ। ਭਾਰਤ ਨੇ ਇੱਕ ਕੈਨੇਡੀਅਨ ਡਿਪਲੋਮੈਟ ਨੂੰ ਦੇਸ਼ ਵਿਚ ਕੱਢ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ, "ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਗਿਆ ਤੇ ਭਾਰਤ ਵਿਚ ਸਥਿਤ ਇੱਕ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਕੱਢਣ ਦੇ ਭਾਰਤ ਸਰਕਾਰ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ। ਸਬੰਧਤ ਡਿਪਲੋਮੈਟ ਨੂੰ ਅਗਲੇ ਪੰਜ ਦਿਨਾਂ ਵਿਚ ਭਾਰਤ ਛੱਡਣ ਲਈ ਕਿਹਾ ਗਿਆ ਹੈ। ਇਹ ਫੈਸਲਾ ਸਾਡੇ ਅੰਦਰੂਨੀ ਮਾਮਲਿਆਂ ਵਿਚ ਕੈਨੇਡੀਅਨ ਡਿਪਲੋਮੈਟਾਂ ਦੀ ਦਖਲਅੰਦਾਜ਼ੀ ਤੇ ਭਾਰਤ ਵਿਰੋਧੀ ਗਤੀਵਿਧੀਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ 'ਤੇ ਭਾਰਤ ਸਰਕਾਰ ਦੀ ਵਧ ਰਹੀ ਚਿੰਤਾ ਨੂੰ ਦਰਸਾਉਂਦਾ ਹੈ।"

■ ਬਾਕੀ ਖਬਰ ਸਫਾ 19 'ਤੇ

## ਸੰਵਿਧਾਨ ਦਿਵਸ ਮੌਕੇ ਅਮਰੀਕਾ 'ਚ 7 ਹਜ਼ਾਰ ਨਵੇਂ ਨਾਗਰਿਕਾਂ ਨੂੰ ਮਿਲੀ ਸਿਟੀਜ਼ਨਸ਼ਿਪ





**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਨਾਗਰਿਕਤਾ ਅਤੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਅਮਰੀਕਾ ਦੇ ਸੰਵਿਧਾਨ ਦਿਵਸ ਮੌਕੇ 7 ਹਜ਼ਾਰ ਤੋਂ ਵੱਧ ਲੋਕਾਂ ਨੂੰ ਅਮਰੀਕਾ ਦੀ ਨਾਗਰਿਕਤਾ ਦਿੱਤੀ ਗਈ।

ਅਧਿਕਾਰੀਆਂ ਦਾ ਮੰਨਣਾ ਹੈ ਕਿ ਯੋਗ ਪ੍ਰਵਾਸੀਆਂ ਨੂੰ ਸਾਡੇ ਲੋਕਤੰਤਰ ਵਿਚ ਸੁਭਾਵਿਕ ਬਣਾਉਣ ਅਤੇ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਆਮ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਹਰ ਸਾਲ 17 ਤੋਂ 23 ਸਤੰਬਰ ਤੱਕ ਨਾਗਰਿਕਤਾ ਹਫਤਾ ਮਨਾਇਆ ਜਾਂਦਾ ਹੈ। 17 ਸਤੰਬਰ 1787 ਨੂੰ ਅਮਰੀਕੀ ਸੰਵਿਧਾਨ 'ਤੇ ਦਸਤਖਤ ਕੀਤੇ ਗਏ ਸਨ। ਨਾਗਰਿਕਤਾ ਦਿਵਸ 1952 ਵਿਚ ਸ਼ੁਰੂ ਹੋਇਆ ਸੀ। ਉਪਰੰਤ ਉਸ ਵਕਤ ਦੇ ਰਾਸ਼ਟਰਪਤੀ ਹੈਰੀ ਟਰੂਮੈਨ ਵੱਲੋਂ ਕਾਨੂੰਨ 'ਤੇ ਦਸਤਖਤ ਕੀਤੇ ਗਏ ਅਤੇ 1955 ਵਿਚ ਇਸ ਨੂੰ ਸੰਵਿਧਾਨ ਹਫਤੇ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਗਈ ਸੀ। ਹੁਣ ਹਰ ਸਾਲ USCIS ਵੱਲੋਂ 17 ਤੋਂ 22 ਸਤੰਬਰ ਤੱਕ ਵੱਖ-ਵੱਖ ਸਮਾਗਮ ਕੀਤੇ ਜਾਂਦੇ ਹਨ ਅਤੇ ਇਸ ਦੌਰਾਨ ਵੱਧ ਤੋਂ ਵੱਧ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਪ੍ਰਦਾਨ ਕੀਤੀ ਜਾਂਦੀ ਹੈ।

## ਅਮਰੀਕੀ 'ਚ ਸਿੱਖਾਂ ਦੀ ਇਤਿਹਾਸਿਕ ਜਿੱਤ

■ ਕੈਲੀਫੋਰਨੀਆਂ ਵਸਦੇ ਸਿੱਖ ਬਿਨਾਂ ਹੈਲਮਟ ਤੋਂ ਪੱਗੜੀ ਨਾਲ ਚਲਾ ਸਕਣਗੇ ਮੋਟਰਸਾਈਕਲ




ਸੈਨੇਟਰ ਬਰਾਇਨ ਡਾਹਲੀ ਅਤੇ ਮਨਦੀਪ ਸਿੰਘ।



ਸਿੱਖ ਮੋਟਰਸਾਈਕਲ ਚਾਲਕ।

**ਸੈਕਰਾਮੈਂਟੋ, (ਮਾਛੀਕੇ/ ਧਾਲੀਆਂ/ ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸਿੱਖ ਭਾਈਚਾਰੇ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ 14 ਸਤੰਬਰ 2023 ਨੂੰ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆਂ ਸਟੇਟ ਸੈਨੇਟ ਵਿਚ ਬਿੱਲ SB-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ 'ਤੇ ਕੈਲੀਫੋਰਨੀਆ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿਚ ਕਾਨੂੰਨੀ ਤੌਰ ਤੇ ਮੋਟਰਸਾਈਕਲ ਚਲਾ ਸਕਦੇ ਹਨ। ਬਿੱਲ SB-847 ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ SB-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿਚੋਂ ਲੰਘਣਾ ਪਿਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ SB-847 ਨੂੰ ਹਰ ਇੱਕ ਪੜਾਵ ਵਿਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿਚ ਵੱਡੀ ਗਿਣਤੀ ਵਿਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ 'ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿਚ ਕਾਨੂੰਨੀ ਤੌਰ 'ਤੇ ਪੱਗ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਿਹਾ ਹੈ।

## ਅਮਰੀਕਾ ਵੱਲੋਂ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਏ ਢਾਈ ਲੱਖ ਤੋਂ ਵੱਧ ਲੋਕਾਂ ਕੀਤੇ ਗਏ ਡਿਪੋਰਟ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਇੰਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ, ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਤੇ ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਤਾਲਮੇਲ ਨਾਲ 2023 'ਚ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਏ ਢਾਈ ਲੱਖ ਤੋਂ ਵੱਧ ਲੋਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਇਸ ਦੇ ਲਈ ਇਨ੍ਹਾਂ ਵਿਭਾਗਾਂ ਵੱਲੋਂ ਬਹੁਤ ਸਾਰੀਆਂ ਫਲਾਈਟਾਂ ਵੀ ਚਲਾਈਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ 2022 ਵਿਚ ਇਨ੍ਹਾਂ ਵਿਭਾਗਾਂ ਨੇ ਦੁਨੀਆਂ ਭਰ ਦੇ 150 ਦੇਸ਼ਾਂ ਵਿਚ 72177 ਲੋਕਾਂ ਨੂੰ ਡਿਪੋਰਟ ਕੀਤਾ ਸੀ, ਜੋ ਕਿ ਅਮਰੀਕਾ 'ਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਏ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਅਮਰੀਕਾ ਵਿਚ ਅਪਰਾਧਿਕ ਮਾਮਲਿਆਂ ਵਿਚ ਵੀ ਸ਼ਾਮਲ ਸਨ।

## ਅਮਰੀਕੀ ਅਦਾਲਤ ਵੱਲੋਂ DACA ਗੈਰ-ਕਾਨੂੰਨੀ ਕਰਾਰ

■ 6 ਲੱਖ ਤੋਂ ਵੱਧ ਭਾਰਤੀ ਹੋ ਸਕਦੇ ਹਨ ਪ੍ਰਭਾਵਿਤ




**ਵਸ਼ਿੰਗਟਨ, (ਪੰਜਾਬ ਮੇਲ)-** ਹਿਊਸਟਨ ਦੇ ਇੱਕ ਸੰਘੀ ਜੱਜ ਨੇ ਅਮਰੀਕਾ ਲਿਆਂਦੇ ਗਏ ਹਜ਼ਾਰਾਂ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਨੂੰ ਰੋਕਣ ਵਾਲੀ ਸੰਘੀ ਨੀਤੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ, ਜਿਨ੍ਹਾਂ ਵਿਚ ਸੈਂਕੜੇ ਭਾਰਤੀ ਬੱਚੇ ਵੀ ਸ਼ਾਮਲ ਹਨ। ਪਰ ਨਾਲ ਹੀ ਕਿਹਾ ਕਿ ਸਰਕਾਰ ਆਪਣੇ ਮੌਜੂਦਾ ਬਿਨੈਕਾਰਾਂ ਲਈ ਨਵਿਆਉਣ ਦੀ ਪ੍ਰਕਿਰਿਆ ਜਾਰੀ ਰੱਖ ਸਕਦੀ ਹੈ।

ਅਮਰੀਕਾ ਦੇ ਜ਼ਿਲ੍ਹਾ ਅਦਾਲਤ ਦੇ ਜੱਜ ਐਂਡਰਿਊ ਹੈਨਨ ਦਾ ਫ਼ੈਸਲਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸਮੇਂ ਦੇ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ ਪ੍ਰੋਗਰਾਮ' (ਡੀ.ਏ.ਸੀ.ਏ.) ਲਈ ਵੱਡਾ ਝਟਕਾ ਸੀ। ਜੱਜ ਨੇ ਲਿਖਿਆ ਕਿ ਅਦਾਲਤ ਨੇ ਪਹਿਲਾਂ ਵੀ ਅਜਿਹਾ ਹੀ ਫ਼ੈਸਲਾ ਸੁਣਾਇਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਉਨ੍ਹਾਂ ਸਾਰੇ ਡੀ.ਏ.ਸੀ.ਏ. ਪ੍ਰਾਪਤਕਰਤਾਵਾਂ ਲਈ ਖਾਲੀ ਅਸਾਮੀਆਂ ਦੀ ਪ੍ਰਭਾਵੀ ਮਿਤੀ ਨੂੰ ਰੋਕ ਦਿੱਤਾ ਗਿਆ ਹੈ, ਜਿਨ੍ਹਾਂ ਨੇ 16 ਜੁਲਾਈ, 2021 ਤੋਂ ਪਹਿਲਾਂ ਆਪਣੇ ਸ਼ੁਰੂਆਤੀ ਡੀ.ਏ.ਸੀ.ਏ. ਦਰਜੇ ਨੂੰ ਪ੍ਰਾਪਤ ਕੀਤਾ ਸੀ। ਹੈਨਨ ਨੇ ਫੈਸਲਾ ਸੁਣਾਇਆ ਕਿ ਪ੍ਰਤੀਵਾਦੀ ਉਨ੍ਹਾਂ ਵਿਅਕਤੀਆਂ ਲਈ ਪ੍ਰੋਗਰਾਮ ਦਾ ਪ੍ਰਬੰਧਨ ਕਰਨਾ ਜਾਰੀ ਰੱਖ ਸਕਦੇ ਹਨ ਅਤੇ ਪ੍ਰਸ਼ਾਸਨ ਉਨ੍ਹਾਂ ਵਿਅਕਤੀਆਂ ਲਈ DACA ਨਵਿਆਉਣ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਅਤੇ ਮਨਜ਼ੂਰੀ ਦੇਣਾ ਜਾਰੀ ਰੱਖ ਸਕਦਾ ਹੈ"। ਉੱਥੇ ਜੱਜ ਹੈਨਨ ਨੇ ਲਗਭਗ 580,000 ਲੋਕਾਂ ਲਈ ਦੇਸ਼ ਨਿਕਾਲੇ ਸੁਰੱਖਿਆ ਅਤੇ ਵਰਕ ਪਰਮਿਟਾਂ ਨੂੰ ਖ਼ਤਮ ਕਰਨ ਦੇ ਆਦੇਸ਼ ਦੇਣ ਤੋਂ ਪਰਹੇਜ਼ ਕੀਤਾ। ਸਾਊਥ ਏਸ਼ੀਅਨ ਅਮਰੀਕਨ ਲੀਡਿੰਗ ਟੂਗੈਦਰ (SAALT) ਦੀ 2019 ਦੀ ਰਿਪੋਰਟ ਅਨੁਸਾਰ ਘੱਟੋ-ਘੱਟ 6,30,000 ਭਾਰਤੀ ਗੈਰ-ਦਸਤਾਵੇਜ਼ਿਤ ਹਨ, ਜਿਨ੍ਹਾਂ ਵਿਚ 2010 ਤੋਂ ਬਾਅਦ ਤੋਂ 72 ਪ੍ਰਤੀਸ਼ਤ ਵਾਧਾ ਹੋਇਆ ਹੈ। ਮੌਜੂਦਾ ਸਮੇਂ ਘੱਟੋ-ਘੱਟ 4,300 ਸਰਗਰਮ ਦੱਖਣੀ ਏਸ਼ੀਆਈ DACA ਪ੍ਰਾਪਤਕਰਤਾ ਹਨ। ਅਗਸਤ 2018 ਤੱਕ ਲਗਭਗ 2,550 ਸਰਗਰਮ ਭਾਰਤੀ DACA ਪ੍ਰਾਪਤਕਰਤਾ ਹਨ। SAALT ਨੇ ਕਿਹਾ ਕਿ ਕੁੱਲ 20,000 DACA-ਯੋਗ ਭਾਰਤੀਆਂ ਵਿਚੋਂ ਸਿਰਫ਼ 13 ਪ੍ਰਤੀਸ਼ਤ ਨੇ DACA ਲਈ ਅਰਜ਼ੀ ਦਿੱਤੀ ਹੈ ਅਤੇ ਪ੍ਰਾਪਤ ਕੀਤੀ ਹੈ। 2012 ਤੋਂ DACA ਨੇ ਹਜ਼ਾਰਾਂ ਪ੍ਰਵਾਸੀਆਂ ਨੂੰ ਜਿਨ੍ਹਾਂ ਨੇ ਕੁਝ ਸ਼ਰਤਾਂ ਪੂਰੀਆਂ ਕੀਤੀਆਂ ਹਨ, ਜਿਨ੍ਹਾਂ ਨੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਦੀ ਦੱਖਣੀ ਸਰਹੱਦ ਨੂੰ ਪਾਰ ਕੀਤਾ ਹੈ ਜਾਂ ਬੱਚਿਆਂ ਦੇ ਤੌਰ 'ਤੇ ਆਪਣੇ ਵੀਜ਼ਿਆਂ ਨੂੰ ਓਵਰਸਟੇਟ ਕੀਤਾ ਹੈ, ਨੂੰ ਦੇਸ਼ ਵਿਚ ਪਰਵਾਸ ਕਰਨ ਅਤੇ ਦੇਸ਼ ਨਿਕਾਲੇ ਦੇ ਡਰ ਤੋਂ ਬਿਨਾਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਹੈ।

ਵ੍ਹਾਈਟ ਹਾਊਸ ਨੇ ਕਿਹਾ ਕਿ ਉਹ ਅਦਾਲਤ ਦੇ ਫ਼ੈਸਲੇ ਤੋਂ ਨਿਰਾਸ਼ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ ਪੀਅਰੇ ਨੇ ਇੱਕ ਬਿਆਨ ਵਿਚ ਕਿਹਾ ਕਿ ਅਸੀਂ ਡੀ.ਏ.ਸੀ.ਏ. 'ਤੇ ਦੱਖਣੀ ਟੈਕਸਾਸ ਵਿਚ ਜ਼ਿਲ੍ਹਾ ਅਦਾਲਤ ਦੇ ਇਸ ਫ਼ੈਸਲੇ ਤੋਂ ਬਹੁਤ ਨਿਰਾਸ਼ ਹਾਂ। ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਇੱਕ ਮੈਮੋਰੰਡਮ ਜਾਰੀ ਕੀਤਾ, ਜਿਸ ਵਿਚ ਸੰਘੀ ਸਰਕਾਰ ਨੂੰ ਡੀ.ਏ.ਸੀ.ਏ. ਨੀਤੀ ਨੂੰ "ਬਚਾਅ ਅਤੇ ਮਜ਼ਬੂਤ" ਕਰਨ ਲਈ ਸਾਰੀਆਂ ਉਚਿਤ ਕਾਰਵਾਈਆਂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

# ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ ਯੂਨੀਅਨ ਸਿਟੀ ਵਿਖੇ ਕਰਵਾਏ ਵਰਲਡ ਕਬੱਡੀ ਕੱਪ 'ਚ ਪਹਿਲਾ ਸਥਾਨ ਹਾਸਲ ਕਰਨ 'ਤੇ ਸਮੂਹ ਖੇਡ ਪ੍ਰੇਮੀਆਂ ਨੂੰ ਲੱਖ-ਲੱਖ ਵਧਾਈ



Designed By Punjab Mail USA







- ਬੇਏਰੀਆ ਨੂੰ ਹਰਾ ਕੇ ਹਾਸਲ ਕੀਤੀ ਇਤਿਹਾਸਕ ਜਿੱਤ
- ਚੜ੍ਹਦਾ ਪੰਜਾਬ ਕਲੱਬ ਵੱਲੋਂ ਜਿੱਤ ਦੀ ਖੁਸ਼ੀ ਵਿਚ ਪਾਏ ਗਏ ਭੰਗੜੇ











## CHARDA PUNJAB CLUB
*Sacramento, Ca*

# ਸੈਕਰਾਮੈਂਟੋ 'ਚ ਅੰਗਰੇਜ਼ੀ ਸਿੱਖੋ ਬਿਲਕੁਲ ਮੁਫਤ

## ਬਾਲਗਾਂ ਲਈ ਅੰਗਰੇਜ਼ੀ ਸਿੱਖਣ ਦਾ ਸੁਨਿਹਰੀ ਮੌਕਾ

# HIGHLANDS

COMMUNITY CHARTER AND TECHNICAL SCHOOLS

"...ਹਾਈਲੈਂਡਜ਼ 'ਤੇ, "ਇਹ ਕਦੇ ਵੀ ਬਹੁਤ ਦੇਰ ਨਹੀਂ ਹੁੰਦਾ" At Highlands, "it's Never Too Late..."



### ਅੰਗਰੇਜ਼ੀ ਸਿੱਖੋ

ਅਸੀਂ ਆਪਣੇ ਇੰਟਰਨੈਸ਼ਨਲ ਹਾਈ ਸਕੂਲ (IHS) ਪ੍ਰੋਗਰਾਮ ਰਾਹੀਂ ਅੰਗਰੇਜ਼ੀ ਭਾਸ਼ਾ ਦੀਆਂ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ, ਜੋ ਤੁਹਾਨੂੰ ਤੁਹਾਡੇ ਯੂ.ਐੱਸ. ਹਾਈ ਸਕੂਲ ਡਿਪਲੋਮਾ ਲਈ ਕ੍ਰੈਡਿਟ ਹਾਸਲ ਕਰਨ ਦੀ ਇਜਾਜ਼ਤ ਦਿੰਦਾ ਹੈ।

### LEARN ENGLISH

We offer English language classes through our international High School (IHS) program that allows you to earn credits towards your U.S. High School Diploma.



### ਆਪਣਾ ਹਾਈ ਸਕੂਲ ਡਿਪਲੋਮਾ ਕਮਾਓ

ਅਸੀਂ ਕਲਾਸਰੂਮ-ਆਧਾਰਿਤ ਅਤੇ ਸੁਤੰਤਰ ਅਧਿਐਨ ਕਲਾਸਾਂ ਦੀ ਪੇਸ਼ਕਸ਼ ਕਰਦੇ ਹਾਂ। ਰੁਕਾਵਟਾਂ ਨੂੰ ਦੂਰ ਕਰਨ ਲਈ, ਅਸੀਂ ਬੱਸ ਪਾਸ 2.5-5 ਸਾਲ ਦੀ ਉਮਰ ਦੇ ਬੱਚਿਆਂ ਲਈ ਇਕ ਅਰਲੀ ਲਰਨਿੰਗ ਸੈਂਟਰ ਅਤੇ ਟਿਊਸ਼ਨ ਦੀ ਪੇਸ਼ਕਸ਼ ਕਰਦੇ ਹਾਂ।

### EARN YOUR HIGH SCHOOL DIPLOMA

We offer classroom-based and independent Study classes. To remove barriers, we offer bus passes, an Early Learning Center for children aged 2.5-5, and tutoring.



### ਇਕ ਹੁਨਰ ਸਿੱਖੋ

ਸਾਡੇ ਵਿਦਿਆਰਥੀਆਂ ਲਈ ਕਰੀਅਰ ਟੈਕਨੀਕਲ ਪ੍ਰੋਗਰਾਮਾਂ ਦੀ ਸਾਡੀ ਵਧਦੀ ਸੂਚੀ ਵਿਚ ਸ਼ਾਮਲ ਹਨ, ਟਰੱਕ ਡਰਾਈਵਿੰਗ, ਅਰਲੀ ਚਾਈਲਡਹੁੱਡ ਐਜੂਕੇਸ਼ਨ, ਡਿਜੀਟਲ ਨੇਵੀਗੇਟਰ, ਬਿਜ਼ਨਸ ਅਸੈਂਸ਼ੀਅਲਸ, ਕਾਸਮੈਟੋਲੋਜੀ, $33 ਕੰਸਟਰਕਸ਼ਨ, ਗਰੁੱਪ ਫਿਟਨੈੱਸ ਅਤੇ ਹੋਰ ਬਹੁਤ ਕੁੱਝ!

### LEARN A SKILL

Our growing list of Career Technical programs for our students includes Truck Driving, Early Childhood Education, Digital Navigator, Business Essentials, Cosmetology, MC3 Construction, Group Fitness, and more!

20 sept.

## ਬਿਲਕੁਲ ਬਿਨਾਂ ਕਿਸੇ ਕੀਮਤ ਦੇ ALL AT ABSOLUTELY NO COST!

ਬਾਲਗਾਂ ਲਈ ਗ੍ਰੇਟਰ ਸੈਕਰਾਮੈਂਟੋ ਖੇਤਰ ਵਿਚ ਕਲਾਸਾਂ ਉਪਲਬਧ ਹਨ +22

Classes are available throughout the Greater Sacramento Area for Adults 22+

## 7720 24th St, Sacramento, CA

Learn more at HCCTS.org 916-844-2283 @HCCTS

# ਯੂਨੀਅਨ ਸਿਟੀ ਵਿਖੇ ਯੂਨਾਈਟਿਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵੱਲੋਂ 16ਵਾਂ ਵਰਲਡ ਕਬੱਡੀ ਟੂਰਨਾਮੈਂਟ ਕਾਮਯਾਬੀ ਨਾਲ ਕਰਾਉਣ 'ਤੇ ਖੇਡ ਪ੍ਰੇਮੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਸਹਿਯੋਗੀਆਂ ਦਾ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ ਵੱਲੋਂ ਤਹਿ ਦਿਲੋਂ ਧੰਨਵਾਦ























Copyright @ Punjab Mail USA







Amolak Singh Gakhal, Iqbal Singh Gakhal, Palwinder Singh Gakhal

123, E LEE ROAD WATSONVILLE, CA 95076

# ਕੋਹਿਨੂਰ ਕਲੱਬ ਵੱਲੋਂ ਬਜ਼ੁਰਗਾਂ ਲਈ ਮਨਾਈ ਗਈ ਗੋਲਡਨ ਨਾਈਟ ਰਹੀ ਕਾਮਯਾਬ






















Copyright @ Punjab Mail USA




**ਸੈਕਰਾਮੈਂਟੋ, (ਪੰਜਾਬ ਮੇਲ)-** ਕੋਹਿਨੂਰ ਕਲੱਬ ਪਿਛਲੇ 30 ਸਾਲ ਤੋਂ ਸੈਕਰਾਮੈਂਟੋ ਅਤੇ ਨਾਲ ਲੱਗਦੇ ਇਲਾਕਿਆਂ 'ਚ ਆਪਣੀਆਂ ਸਰਗਰਮੀਆਂ ਕਰ ਰਿਹਾ ਹੈ। ਇਸ ਕਲੱਬ ਵੱਲੋਂ ਜ਼ਰੂਰਤਮੰਦ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ ਅਤੇ ਨਾਲ ਹੀ ਆਪਣੇ ਭਾਈਚਾਰੇ ਨਾਲ ਸਾਂਝ ਵਧਾਈ ਜਾਂਦੀ ਹੈ।

ਇਸ ਵਾਰ ਦਾ ਸਾਲਾਨਾ ਗੋਲਡਨ ਨਾਈਟ ਮੇਲਾ ਰਿਆੜ ਫਾਰਮ, ਰੋਜ਼ਵਿਲ ਵਿਖੇ ਬੜੀ ਕਾਮਯਾਬੀ ਨਾਲ ਸੰਪੰਨ ਹੋਇਆ। ਕਲੱਬ ਵੱਲੋਂ ਇਥੇ ਬਜ਼ੁਰਗਾਂ ਨੂੰ ਇਕੱਤਰ ਕਰਕੇ ਉਨ੍ਹਾਂ ਲਈ ਜਿੱਥੇ ਖਾਣ-ਪੀਣ ਦਾ ਇੰਤਜ਼ਾਮ ਕੀਤਾ ਜਾਂਦਾ ਹੈ, ਉਥੇ ਉਨ੍ਹਾਂ ਨੂੰ ਸੱਭਿਆਚਾਰ ਪ੍ਰੋਗਰਾਮ ਵੀ ਦਿਖਾਇਆ ਜਾਂਦਾ ਹੈ। ਇਸ ਮੌਕੇ ਡਾ. ਕੁਲਦੀਪ ਗਿੱਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ ਦੇ ਸ਼ੁਰੂ ਵਿਚ ਡਾ. ਪਰਮ ਰੰਧਾਵਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਰੰਗਾਰੰਗ ਪ੍ਰੋਗਰਾਮ ਸ਼ੁਰੂ ਹੋਇਆ, ਜਿਸ ਵਿਚ ਗਾਇਕੀ, ਕਵਿਤਾਵਾਂ, ਚੁਟਕੁਲੇ ਅਤੇ ਭੰਗੜੇ ਆਦਿ ਦੀ ਪੇਸ਼ਕਾਰੀ ਕੀਤੀ ਗਈ। ਹਰ ਆਈਟਮ ਸ਼ਲਾਘਾਯੋਗ ਸੀ। ਸਮਾਗਮ ਦੌਰਾਨ ਬਜ਼ੁਰਗਾਂ ਨੂੰ ਕਈ ਤਰ੍ਹਾਂ ਦੇ ਇਨਾਮ ਦਿੱਤੇ ਗਏ। ਨਵਤੇਜ ਰਿਆੜ ਨੇ ਕਲੱਬ ਦੀ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਸਟੇਜ ਦੀ ਸੇਵਾ ਡਾ. ਪਰਮ ਰੰਧਾਵਾ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਨਿਭਾਈ।








ਵਿਚ ਸੈਕਰਾਮੈਂਟੋ ਕਬੱਡੀਆਂ ਪੈਣੀਆਂ, ਚਾਰੇ ਟੀਮਾਂ ਇਕ ਦੂਜੇ ਨਾਲ ਖਹਿਣੀਆਂ, ਜੋਰ ਵੇਖਣਾ ਖਾਧੀ ਘਿਓ ਦੀ ਚੂਰੀ ਦਾ, ਮੁੱਲ ਪੈਣਾਂ ਅੱਖਾਂ ਦੀ ਘੂਰੀ ਦਾ,
ਰੇਡਰਾਂ ਵੀ ਪੱਟਾਂ ਦਾ ਜੋਰ ਵਿਖਾਉਣਾ, ਜਾਫੀਆਂ ਵੀ ਹੱਸ-ਹੱਸ ਜੱਫਾ ਲਾਉਣਾ, ਨਜ਼ਾਰਾ ਆਉਣਾ ਸਾਨ੍ਹਾਂ ਦੇ ਭੇੜ ਦਾ, ਵੱਖਰਾ ਨਜ਼ਾਰਾ ਯਾਰੋ ਕਬੱਡੀ ਖੇਡ ਦਾ।
SHAHEED BABA DEEP SINGH SPORTS ACADEMY SACRAMENTO PRESENTS
INTERNATIONAL KABADDI CUP SACRAMENTO 2023
SIKH TEMPLE, 7676 BRADSHAW ROAD, SACRAMENTO CA 95829
ਇੰਟਰਨੈਸ਼ਨਲ ਕਬੱਡੀ ਕੱਪ
ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀ ਗਰਾਂਊਡ ਵਿੱਚ
SUNDAY, OCTOBER 1, 2023
ਜਿਸ ਵਿੱਚ ਇੰਟਰਨੈਸ਼ਨਲ ਖਿਡਾਰੀ ਹਿੱਸਾ ਲੈ ਰਹੇ ਹਨ, ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ।
1st PRIZE CHARDA PUNJBA
2nd PRIZE CHARDI KALA GROUP
3rd PRIZE JASPREET SINGH ATTORNEY AT LAW
4th PRIZE SAC BROTHERS
5th PRIZE YUBA BROTHERS YUBA CITY, CA
ਸ਼ਰਤਾਂ ਤੇ ਨਿਯਮ : ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ
ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਵੀ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ।
ਬੀਬੀਆਂ ਦੇ ਬੈਠਣ ਦਾ ਅਲੱਗ ਅਤੇ ਖਾਸ ਪ੍ਰਬੰਧ ਹੋਵੇਗਾ, ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਕਿਊਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਸ਼ੁਭਚਿੰਤਕ
ਕੁਮੈਂਟਰੀ
ਰੁੜਕੀਆਂਵਾਲਾ
ਮੱਖਣ ਅਲੀ
ਇਕਬਾਲ ਗਾਲਿਬ
ਆਸ਼ਾ ਸ਼ਰਮਾ
PARGAT SANDHU
GURMEET WARAICH
DHEERA NIJJAR
HAPPY BARIANA
BITTU RANDHAWA
HARRY SANGHA
TARLOCHAN ATWAL
GOLDY LALLY
SHERU BHATIA
GURDEV S TOOR
RAJA KOONER
BHUPINDER SANGHERA
BHINDA CHAHAL
SUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
KEHAR S GILL
LADDA KAHLON
SABI HAYER
GURJIT DEOL
BALPREET BRAR
Contact for More info:
Pargat Sandhu Tel 209.810.5667
Randhir Nijjar Tel 916.416.9527
Happy Bariana Tel 916.240.4110
ਅਸੀਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਦੇਖਣ ਆਏ ਸਾਰੇ ਵੀਰਾਂ, ਭੈਣਾਂ ਅਤੇ ਬਜ਼ੁਰਗਾਂ ਦਾ ਨਿੱਘਾ ਸਵਾਗਤ ਕਰਦੇ ਹਾਂ
LIVE KABADDI on
ਲਾਈਵ ਕਬੱਡੀ ਵਲੋਂ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ
Design & Print Quik Signs
*661-703-8795 *661-900-7357



SHAHEED BABA DEEP SINGH SPORTS ACADEMY
SACRAMENTO KABADDI CUP 2023
SIKH TEMPLE, 7676 BRADSHAW ROAD, SACRAMENTO
Welcome to SACRAMENTO CALIFORNIA
WELCOME
ਜੀ ਆਇਆਂ ਨੂੰ
DHEERA NIJJAR
SUNDAY, OCTOBER 1, 2023
ਇੰਟਰਨੈਸ਼ਨਲ ਕਬੱਡੀ ਕੱਪ ਸੈਕਰਾਮੈਂਟੋ ਕੈਲੀਫੋਰਨੀਆ 2023

# ਡਾ. ਐੱਸ.ਪੀ. ਸਿੰਘ ਓਬਰਾਏ ਦਾ ਇੱਕ ਹੋਰ ਵੱਡਾ ਪਰਉਪਕਾਰ

- ਬਜ਼ੁਰਗ ਮਾਪਿਆਂ ਦੇ ਇਕਲੌਤੇ ਪੁੱਤਰ ਹਰਜੋਤ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ
- ਬੀਤੀ 30 ਅਗਸਤ ਨੂੰ ਦੁਬਈ ਵਿਚ ਹੋਈ ਸੀ ਮੌਤ



ਹਵਾਈ ਅੱਡੇ ਤੇ ਹਰਜੋਤ ਸਿੰਘ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਅੱਜ ਹੁਸ਼ਿਆਰਪੁਰ ਦੇ ਦੀਪ ਨਗਰ ਨਾਲ ਸਬੰਧਿਤ 22 ਸਾਲਾ ਹਰਜੋਤ ਸਿੰਘ ਪੁੱਤਰ ਸੁਰਿੰਦਰ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।



ਮ੍ਰਿਤਕ ਹਰਜੋਤ ਸਿੰਘ ਦੀ ਫਾਈਲ ਫੋਟੋ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਮਾਪਿਆਂ ਦਾ ਇਕਲੌਤਾ ਪੁੱਤਰ ਹਰਜੋਤ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਆਰਥਿਕ ਹਾਲਾਤ ਸੁਧਾਰਨ ਲਈ ਕਰੀਬ ਡੇਢ ਸਾਲ ਪਹਿਲਾਂ ਹੀ ਦੁਬਈ ਆਇਆ ਸੀ ਕਿ ਬੀਤੀ 30 ਅਗਸਤ ਨੂੰ ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਉਸਦੀ ਮੌਤ ਹੋ ਗਈ ਸੀ। ਡਾ. ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨਾਲ ਸੰਪਰਕ ਕਰ ਕੇ ਦੱਸਿਆ ਕਿ ਮ੍ਰਿਤਕ ਹਰਜੋਤ ਸਿੰਘ ਜੋ ਕਿ ਆਪਣੇ ਬਜ਼ੁਰਗ ਮਾਪਿਆਂ ਦਾ ਇੱਕੋ ਇੱਕ ਸਹਾਰਾ ਸੀ, ਉਸਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ, ਜਿਸ ਉਪਰੰਤ ਉਨ੍ਹਾਂ ਭਾਰਤੀ ਦੂਤਾਵਾਸ ਦੇ ਮਾਇਕ ਸਹਿਯੋਗ ਅਤੇ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਤੁਰੰਤ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਅੱਜ ਹਰਜੋਤ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਦੱਸਿਆ ਕਿ ਹਰਜੋਤ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਦੁਬਈ ਸਥਿਤ ਭਾਰਤੀ ਕੌਂਸਲੇਟ ਨੇ ਕੀਤਾ ਹੈ।



ਡਾ. ਐੱਸ.ਪੀ. ਸਿੰਘ ਓਬਰਾਏ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਅੰਮ੍ਰਿਤਸਰ ਟੀਮ ਵੱਲੋਂ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ ਤੇ ਖਜ਼ਾਨਚੀ ਨਵਜੀਤ ਘਈ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 350 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

ਇਸ ਦੌਰਾਨ ਹਵਾਈ ਅੱਡੇ 'ਤੇ ਮ੍ਰਿਤਕ ਦੇਹ ਲੈਣ ਪਹੁੰਚੇ, ਹਰਜੋਤ ਸਿੰਘ ਦੇ ਚਚੇਰੇ ਭਰਾ ਇਕਬਾਲ ਸਿੰਘ, ਦੋਸਤ ਸ਼ਿਵਮ ਠਾਕੁਰ ਅਤੇ ਰਿਸ਼ਤੇਦਾਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਹਰਜੋਤ ਦੇ ਬਜ਼ੁਰਗ ਮਾਪਿਆਂ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨੂੰ ਉਸ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਤਲਵੰਡੀ ਭਾਈ ਵਿਚ ਲੋੜਵੰਦ ਪਰਿਵਾਰਾਂ ਨੂੰ ਦਿਤੇ ਗਏ ਆਰਥਿਕ ਸਹਾਇਤਾ ਦੇ ਚੈੱਕ

**ਫਿਰੋਜ਼ਪੁਰ, (ਪੰਜਾਬ ਮੇਲ)-** ਸਮਾਜਸੇਵੀ ਅਤੇ ਦੁਬੱਈ ਦੇ ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿਚ ਕਰਵਾਏ ਗਏ ਇੱਕ ਸਾਦਾ ਸਮਾਗਮ ਦੌਰਾਨ ਤਲਵੰਡੀ ਭਾਈ ਅਤੇ ਮੁੱਦਕੀ ਇਲਾਕਿਆਂ ਨਾਲ ਸਬੰਧਿਤ 30 ਜ਼ਰੂਰਤਮੰਦ, ਵਿਧਵਾਵਾਂ ਅਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਅਤੇ ਡਾ. ਲਖਵਿੰਦਰ ਸਿੰਘ ਕਰਮੂਵਾਲਾ ਵੱਲੋਂ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਅਤੇ ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ। ਜਿਨ੍ਹਾਂ ਵਿਚ ਲੋੜਵੰਦਾਂ, ਅੰਗਹੀਣਾਂ ਅਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਅਤੇ ਜਨਤਕ ਸਥਾਨਾਂ 'ਤੇ ਸਾਫ਼ ਪਾਣੀ ਵਾਲੇ ਆਰ.ਓ. ਲਗਾਏ ਜਾਂਦੇ ਹਨ।





ਡਾ. ਐੱਸ.ਪੀ. ਸਿੰਘ ਓਬਰਾਏ ਦੇ ਨਿਰਦੇਸ਼ਾਂ ਤਹਿਤ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡਦੀ ਹੋਈ ਸਰਬੱਤ ਦਾ ਭਲਾ ਟਰੱਸਟ ਦੀ ਟੀਮ।

# ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਲਾਰੈਂਸ ਬਿਸ਼ਨੋਈ ਦੀ ਵੀਡੀਓ ਪੰਜਾਬ ਦੀਆਂ ਜੇਲ੍ਹਾਂ 'ਚ ਨਹੀਂ ਬਣਾਈ ਗਈ : ਆਈ.ਜੀ. ਜੇਲ੍ਹਾਂ

**ਚੰਡੀਗੜ੍ਹ, (ਪੰਜਾਬ ਮੇਲ)-** ਜੇਲ੍ਹ ਵਿਭਾਗ ਪੰਜਾਬ ਨੇ ਸੂਬੇ ਦੀਆਂ ਜੇਲ੍ਹਾਂ ਵਿਚ ਮੋਬਾਈਲਾਂ ਦੀ ਵਰਤੋਂ ਸਬੰਧੀ ਨਸ਼ਰ ਹੋ ਰਹੀਆਂ ਮੀਡੀਆ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਨੂੰ ਗੁੰਮਰਾਹਕੁੰਨ, ਬੇਬੁਨਿਆਦ ਦੱਸਿਆ ਹੈ ਅਤੇ ਕਿਹਾ ਕਿ ਇਸ ਵੀਡੀਓ ਦਾ ਸੂਬੇ ਦੀਆਂ ਜੇਲ੍ਹਾਂ ਨਾਲ ਕੋਈ ਸਬੰਧ ਨਹੀਂ ਹੈ।ਜ਼ਿਕਰਯੋਗ ਹੈ ਕਿ ਇੱਕ ਨਿਊਜ਼ ਚੈਨਲ ਨੇ 17 ਸਤੰਬਰ, 2023 ਦੀ ਇੱਕ ਵੀਡੀਓ ਨਸ਼ਰ ਕੀਤੀ ਹੈ, ਜਿਸ ਵਿਚ ਕਥਿਤ ਹਾਈ ਰਿਸਕ ਕੈਦੀ ਲਾਰੈਂਸ ਬਿਸ਼ਨੋਈ ਵਟਸਐਪ ਵੀਡੀਓ ਕਾਲ ਰਾਹੀਂ ਮੋਨੂੰ ਮਾਨੇਸਰ ਨਾਲ ਗੱਲਬਾਤ ਕਰਦਾ ਦੇਖਿਆ ਗਿਆ ਸੀ। ਮੋਨੂੰ ਮਾਨੇਸਰ ਹਰਿਆਣਾ ਦੇ ਨੂਹ ਜ਼ਿਲ੍ਹੇ 'ਚ ਗੜਬੜੀ ਕਰਨ ਅਤੇ ਹਿੰਸਾ ਭੜਕਾਉਣ ਦੇ ਮੁੱਖ ਦੋਸ਼ੀਆਂ 'ਚੋਂ ਇੱਕ ਹੈ। ਵੀਡੀਓ ਵਿਚ ਇਕ ਹੋਰ ਵਿਅਕਤੀ ਲਾਰੈਂਸ ਬਿਸ਼ਨੋਈ ਦੇ ਨਾਲ ਦਫ਼ਤਰੀ ਕੁਰਸੀ 'ਤੇ ਬੈਠਾ ਦਿਖ ਰਿਹਾ ਹੈ।

ਇਹ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਗਈ ਸੀ ਅਤੇ ਦੋਸ਼ ਲਾਇਆ ਗਿਆ ਸੀ ਕਿ ਲਾਰੈਂਸ ਬਿਸ਼ਨੋਈ ਬਠਿੰਡਾ ਜੇਲ੍ਹ 'ਚ ਹਿਰਾਸਤ ਦੌਰਾਨ ਮੋਬਾਈਲ ਫ਼ੋਨ ਦੀ ਵਰਤੋਂ ਕਰ ਰਿਹਾ ਸੀ। ਮਾਮਲੇ ਦੀ ਜਾਂਚ ਇੰਸਪੈਕਟਰ ਜਨਰਲ ਜੇਲ੍ਹਾਂ, ਪੰਜਾਬ ਨੂੰ ਸੌਂਪੀ ਗਈ ਸੀ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਵੈਨ ਲਾਵਾਰਿਸ ਲਾਸ਼ਾਂ ਸੰਭਾਲਣ ਲਈ ਬਣ ਰਹੀ ਵਰਦਾਨ

**ਮਲੋਟ, (ਪੰਜਾਬ ਮੇਲ)**-ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਵੱਖ-ਵੱਖ ਸ਼ਹਿਰਾਂ ਵਿਚ ਵੈਨਾਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ, ਜੋ ਲੋੜਵੰਦ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀਆਂ ਹਨ। ਇਸ ਮੌਕੇ ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾ. ਓਬਰਾਏ ਵਲੋਂ ਮਲੋਟ ਵਾਸਤੇ ਵੀ ਵੈਨ ਦਿੱਤੀ ਗਈ ਹੈ, ਜੋ ਕਿ ਦੂਰ-ਦੁਰਾਡੇ ਖੇਤਰਾਂ ਵਿਚੋਂ ਲਾਵਾਰਿਸ ਲਾਸ਼ਾਂ ਲਿਆ ਕੇ ਅਤੇ ਗਰੀਬੀ ਪਰਿਵਾਰਾਂ ਦੀਆਂ ਲਾਸ਼ਾਂ ਸ਼ਮਸ਼ਾਨ ਘਾਟ ਵਿਚ ਵੀ ਮੁਫ਼ਤ ਲਿਜਾ ਰਹੀ ਹੈ। ਮਲੋਟ ਇਕਾਈ ਦੇ ਪ੍ਰਧਾਨ ਅਨਿਲ ਜੁਨੇਜਾ ਨੇ ਦੱਸਿਆ ਕਿ ਸੰਸਥਾ ਨੂੰ ਪਤਾ ਲੱਗਾ ਕਿ ਬੀਤੀ ਦਿਨੀਂ ਅਬੋਹਰ ਰੇਲਵੇ ਟਰੈਕ 'ਤੇ ਕਿਸੇ ਵਿਅਕਤੀ ਦੀ ਰੇਲ ਗੱਡੀ ਹੇਠ ਆ ਕੇ ਮੌਤ ਹੋ ਗਈ ਹੈ, ਜਿਸ ਦੀ ਪਹਿਚਾਣ ਬਾਦ ਵਿਚ ਹਰਪਾਲ ਰਾਮ ਵਾਸੀ ਪਿੰਡ ਕਰਮਗੜ੍ਹ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਵੈਨ ਰਾਹੀਂ ਰੇਲਵੇ ਪੁਲਿਸ ਮਲੋਟ ਦੀ ਅਗਵਾਈ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮਲੋਟ ਦੇ ਮੈਂਬਰ ਸ਼ੰਭੂ ਮੰਡਲ ਅਤੇ ਰਾਮ ਲਾਲ ਦੁਆਰਾ ਲਾਸ਼ ਨੂੰ ਸਰਕਾਰੀ ਹਸਪਤਾਲ ਮਲੋਟ ਵਿਖੇ ਪਹੁੰਚਾਇਆ ਗਿਆ। ਇਸ ਉਪਰਾਲੇ ਦੀ ਮਲੋਟ ਵਾਸੀਆਂ ਅਤੇ ਜੈ ਮਾਂ ਅੰਗੂਰੀ ਦੇਵੀ ਸਮਾਜ ਸੇਵੀ ਸੰਸਥਾ ਦੇ ਸਰਪ੍ਰਸਤ ਸੁਭਾਸ਼ ਦਹੂਜਾ ਵਲੋਂ ਸ਼ਲਾਘਾ ਕੀਤੀ ਗਈ।



## ਹੁਣ ਟੀ.ਵੀ. 'ਤੇ ਇਸ਼ਤਿਹਾਰਾਂ 'ਚ ਭੀਖ ਮੰਗਦੇ ਬੱਚੇ ਵਿਖਾਉਣ 'ਤੇ ਲੱਗੇਗਾ 10 ਲੱਖ ਦਾ ਜੁਰਮਾਨਾ

**ਨਵੀਂ ਦਿੱਲੀ, (ਪੰਜਾਬ ਮੇਲ)**- ਹੁਣ ਟੀ.ਵੀ. 'ਤੇ ਕਿਸੇ ਵੀ ਇਸ਼ਤਿਹਾਰ ਜਾਂ ਪ੍ਰਚਾਰ ਕਲਿੱਪ ਵਿਚ ਬੱਚਿਆਂ ਨੂੰ ਭੀਖ ਮੰਗਦੇ, ਗਲਤ ਵਿਵਹਾਰ ਕਰਦੇ ਜਾਂ ਅਸ਼ਲੀਲ ਢੰਗ ਨਾਲ ਬੋਲਦੇ ਨਹੀਂ ਦਿਖਾਇਆ ਜਾ ਸਕੇਗਾ। ਖਪਤਕਾਰ ਸੁਰੱਖਿਆ ਅਥਾਰਟੀ ਨੇ ਸਾਰੇ ਟੀ.ਵੀ. ਚੈਨਲਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਨੂੰ ਖਪਤਕਾਰ ਸੁਰੱਖਿਆ ਐਕਟ ਤਹਿਤ ਬੱਚਿਆਂ ਸਬੰਧੀ ਵੱਖ-ਵੱਖ ਧਾਰਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਆਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ, ਖਪਤਕਾਰ ਸੁਰੱਖਿਆ ਐਕਟ 2019 ਦੇ ਤਹਿਤ, ਦੇਸ਼ ਭਰ ਵਿਚ ਝੂਠੇ ਅਤੇ ਗੁੰਮਰਾਹਕੁੰਨ ਇਸ਼ਤਿਹਾਰਾਂ ਨੂੰ ਰੋਕਣ ਲਈ 24 ਜੁਲਾਈ 2020 ਨੂੰ ਖਪਤਕਾਰ ਸੁਰੱਖਿਆ ਅਥਾਰਟੀ ਦਾ ਗਠਨ ਕੀਤਾ ਗਿਆ ਸੀ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਅਤੇ ਕਈ ਹੋਰ ਸਵੈ-ਸੇਵੀ ਸੰਸਥਾਵਾਂ ਨੇ ਫਰਵਰੀ 2022 ਵਿਚ ਅਥਾਰਟੀ ਨੂੰ ਸੁਝਾਅ ਦਿੱਤੇ ਸਨ ਅਤੇ ਇਹ ਕਿਹਾ ਗਿਆ ਸੀ ਕਿ ਬੱਚਿਆਂ ਦੇ ਸੰਦਰਭ ਵਿਚ ਦਿਖਾਏ ਜਾਣ ਵਾਲੇ ਇਸ਼ਤਿਹਾਰਾਂ 'ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ। ਇਨ੍ਹਾਂ ਸੁਝਾਵਾਂ 'ਤੇ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਕਾਰਜ ਜਾਰੀ



**ਪਿੰਡ ਰੁਕਨੇਵਾਲਾ 'ਚ ਤਰਪਾਲਾਂ, ਮੱਛਰਦਾਨੀਆਂ ਤੇ ਓਡੋਮਾਸ ਦੀਆਂ ਟਿਊਬਾਂ ਵੰਡੀਆਂ**

**ਮੱਖੂ, (ਪੰਜਾਬ ਮੇਲ)**- ਜਦ ਵੀ ਕਦੇ ਲੋਕਾਂ 'ਤੇ ਔਖੀ ਘੜੀ ਆਈ, ਤਾਂ ਉੱਘੇ ਸਮਾਜ ਸੇਵੀ ਡਾ. ਐੱਸ.ਪੀ. ਸਿੰਘ ਓਬਰਾਏ ਮੁਸ਼ਕਿਲ ਅਤੇ ਲੋਕਾਂ ਵਿਚਕਾਰ ਚੱਟਾਨ ਬਣ ਕੇ ਖੜ੍ਹ ਗਏ। ਪਿਛਲੇ ਦਿਨੀਂ ਦਰਿਆਵੀ ਖੇਤਰਾਂ ਵਿਚ ਆਏ ਹੜ੍ਹਾਂ ਕਰਕੇ ਵੱਡੀ ਗਿਣਤੀ ਵਿਚ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਗਿਆ। ਇਸੇ ਤਰ੍ਹਾਂ ਸਤਲੁਜ ਦਰਿਆ ਦੇ ਖੇਤਰਾਂ ਵਿਚ ਵਸਦੇ ਪਿੰਡਾਂ 'ਚ ਪਾਣੀ ਨੇ ਵੀ ਭਾਰੀ ਨੁਕਸਾਨ ਕੀਤਾ ਹੈ। ਵਿਸ਼ਵ ਪ੍ਰਸਿੱਧ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪਭਾਵਿਤ ਇਲਾਕਿਆਂ ਵਿਚ ਰਾਹਤ ਕਾਰਜ ਆਰੰਭ ਕਰ ਦਿੱਤੇ ਸਨ। ਉਨ੍ਹਾਂ ਦੀ ਸੰਸਥਾ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ, ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਅਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਸਤਲੁਜ ਦਰਿਆ ਦੇ ਨੇੜਲੇ ਪਿੰਡਾਂ ਵਿਚ ਹੜ੍ਹਾਂ ਦੀ ਭਾਰੀ ਮਾਰ ਪਈ ਹੈ ਤੇ ਇੱਥੋਂ ਦੇ ਵਸਨੀਕਾਂ ਨੂੰ ਖਾਣ-ਪੀਣ ਅਤੇ ਪਸ਼ੂਆਂ ਦੇ ਚਾਰੇ ਦੀ ਕਾਫੀ ਸਮੱਸਿਆ ਆ ਰਹੀ ਹੈ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਭਾਵਿਤ ਪਿੰਡਾਂ ਦੀ ਪਹਿਚਾਣ ਕਰਕੇ ਸੰਸਥਾ ਵੱਲੋਂ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਦੀ ਨਿਗਰਾਨੀ ਹੇਠ ਪਿੰਡ ਰੁਕਨੇ ਵਾਲਾ ਬੰਨ੍ਹ ਨੇੜੇ ਮਖੂ ਵਿਚ ਬਾਰਸ਼ ਤੋਂ ਬਚਾਅ ਲਈ ਤਰਪਾਲਾਂ ਅਤੇ ਮੱਛਰ ਤੋਂ ਬਚਾਅ ਲਈ ਮੱਛਰਦਾਨੀਆਂ ਤੇ ਓਡੋਮਾਸ ਦੀਆਂ ਟਿਊਬਾਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹਾਲਾਤ ਨਾਰਮਲ ਹੋਣ ਤੋਂ ਬਾਅਦ ਹੜ੍ਹਾਂ ਕਾਰਨ ਜਿਨ੍ਹਾਂ ਲੋਕਾਂ ਦੇ ਮਕਾਨ ਢਹਿ ਗਏ ਹਨ ਜਾਂ ਜੋ ਰਹਿਣ ਦੇ ਕਾਬਲ ਨਹੀਂ ਰਹੇ, ਉਨ੍ਹਾਂ ਨੂੰ ਨਵੇਂ ਮਕਾਨ ਬਣਾ ਕੇ ਵੀ ਦਿੱਤੇ ਜਾਣਗੇ। ਇਸ ਮੌਕੇ ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ੀਰਾ ਪ੍ਰਧਾਨ ਰਣਜੀਤ ਸਿੰਘ ਰਾਏ, ਕਿਰਨ ਪੇਂਟਰ, ਮੇਜਰ ਸਿੰਘ ਥਿੰਦ ਤੋਂ ਇਲਾਵਾ ਪਿੰਡ ਦੇ ਹੋਰ ਪਤਵੰਤੇ ਵੀ ਮੌਜੂਦ ਸਨ।

# ਯੂ.ਕੇ. ਨਿਵਾਸੀ ਸਰਬਜੀਤ ਸਿੰਘ ਦਿੱਲੀ ਹਵਾਈ ਅੱਡੇ ਪਹੁੰਚਣ 'ਤੇ ਐੱਨ.ਆਈ.ਏ. ਵੱਲੋਂ ਗ੍ਰਿਫ਼ਤਾਰ

**ਲੰਡਨ, (ਪੰਜਾਬ ਮੇਲ)**- ਯੂ.ਕੇ. ਦੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪ੍ਰਧਾਨ ਦੇ ਦਿੱਲੀ ਹਵਾਈ ਅੱਡੇ ਪਹੁੰਚਣ 'ਤੇ ਐੱਨ.ਆਈ.ਏ. ਵੱਲੋਂ ਗ੍ਰਿਫ਼ਤਾਰ ਕਰਨ ਦਾ ਸਮਾਚਾਰ ਹੈ। ਐੱਮ.ਪੀ. ਸਿਮਰਨਜੀਤ ਸਿੰਘ ਮਾਨ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਯੂ.ਕੇ. 'ਚ ਪਾਰਟੀ ਦੇ ਪ੍ਰਧਾਨ ਸਰਬਜੀਤ ਸਿੰਘ ਦੇ ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਸਮੇਂ ਇੰਡੀਅਨ ਏਜੰਸੀਆਂ ਵਿਸ਼ੇਸ਼ ਤੌਰ 'ਤੇ ਐੱਨ.ਆਈ.ਏ. ਵੱਲੋਂ ਉਨ੍ਹਾਂ ਨੂੰ ਕਈ ਘੰਟੇ ਤੰਗ-ਪ੍ਰੇਸ਼ਾਨ ਕਰਨ ਅਤੇ ਫਿਰ ਆਪਣੇ ਨਾਲ ਜਬਰੀ ਲਿਜਾਣ ਦੇ ਵਿਧਾਨ ਵਿਰੋਧੀ ਅਤੇ ਮਨੁੱਖੀ ਅਧਿਕਾਰਾਂ ਵਿਰੋਧੀ ਕਾਰਵਾਈਆਂ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਹੈ।

ਕੈਨੇਡਾ-ਭਾਰਤ ਦੇ ਵਿਗੜਦੇ ਆਪਸੀ ਸਬੰਧਾਂ ਤੋਂ ਬਾਅਦ ਦਿੱਲੀ ਹਵਾਈ ਅੱਡੇ 'ਤੇ ਐੱਨ.ਆਈ.ਏ. ਵੱਲੋਂ ਕੀਤੀ ਕਾਰਵਾਈ ਨਾਲ ਵਿਦੇਸ਼ੀ ਸਿੱਖਾਂ ਨੇ ਆਪਣੇ ਪ੍ਰੋਗਰਾਮ ਰੱਦ ਕਰ ਦਿੱਤੇ ਹਨ। ਕਿਸਾਨ ਮੋਰਚੇ ਜਾਂ ਪੰਥਕ ਕਾਨਫਰੰਸਾਂ ਵਿਚ ਵੱਖ-ਵੱਖ ਪਾਰਟੀਆਂ ਸ਼ਮੂਲੀਅਤ ਕਰਦੀਆਂ ਹਨ ਪਰ ਖੂਫੀਆ ਏਜੰਸੀਆਂ ਵੱਲੋਂ ਇਸ ਤਰ੍ਹਾਂ ਭਾਰਤ ਗਏ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਕਿੱਥੋਂ ਤੱਕ ਜਾਇਜ਼ ਹੈ। ਸੂਤਰਾਂ ਮੁਤਾਬਕ ਸਰਬਜੀਤ ਸਿੰਘ ਤੋਂ ਕਈ ਘੰਟੇ ਪੁੱਛਗਿਛ ਕਰਨ ਤੋਂ ਬਾਅਦ ਐੱਨ.ਆਈ.ਏ. ਦੀ ਟੀਮ ਨੇ ਉਨ੍ਹਾਂ ਨੂੰ ਛੱਡ ਦਿੱਤਾ। ਮਾਨ ਨੇ ਸਰਕਾਰ ਤੇ ਐੱਨ.ਆਈ.ਏ. ਵੱਲੋਂ ਸਰਬਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਿਜਾਣ ਅਤੇ ਉਨ੍ਹਾਂ ਦੀ ਵੱਡੇਰੀ ਉਮਰ 'ਚ ਮਾਨਸਿਕ ਤੇ ਸਰੀਰਕ ਤਸ਼ੱਦਦ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਫੌਰੀ ਰਿਹਾਅ ਦੀ ਮੰਗ ਕੀਤੀ। ਜਾਣਕਾਰ ਸੂਤਰਾਂ ਮੁਤਾਬਕ ਪ੍ਰਧਾਨ ਤੋਂ ਲੰਡਨ ਵਿਚ ਭਾਰਤੀ ਅੰਬੈਸੀ ਤੋਂ ਤਿਰੰਗਾ ਉਤਾਰਨ ਵਾਲੀ ਘਟਨਾ ਬਾਰੇ ਪੁੱਛਗਿਛ ਕੀਤੀ ਗਈ ਦੱਸੀ ਜਾ ਰਹੀ ਹੈ।


Global Allianz

LAW FIRM LLP

ਕਾਨੂੰਨੀ ਸਲਾਹ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 1 ਅਕਤੂਬਰ ਨੂੰ



**ਸੈਕਰਾਮੈਂਟੋ, (ਪੰਜਾਬ ਮੇਲ)-** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ-2023, ਇਸ ਵਾਰ 1 ਅਕਤੂਬਰ, ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੀ ਗਰਾਊਂਡ ਵਿਚ ਹੋਣ ਵਾਲੇ ਇਸ ਟੂਰਨਾਮੈਂਟ ਵਿਚ ਦੁਨੀਆਂ ਭਰ ਦੇ ਚੋਟੀ ਦੇ ਕਬੱਡੀ ਖਿਡਾਰੀ ਹਿੱਸਾ ਲੈਣਗੇ। ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ, ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ। ਖਿਡਾਰੀਆਂ ਨੂੰ ਵੱਡੇ ਕੈਸ਼ ਪ੍ਰਾਈਜ਼ ਦੇ ਕੇ ਨਿਵਾਜਿਆ ਜਾਵੇਗਾ। ਜੇਤੂ ਟੀਮਾਂ 'ਚੋਂ ਪਹਿਲੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਇਨਾਮ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ ਦਿੱਤਾ ਜਾਵੇਗਾ। ਸੈਕਿੰਡ ਪ੍ਰਾਈਜ਼ ਚੜ੍ਹਦੀ ਕਲਾ ਗਰੁੱਪ ਵੱਲੋਂ, ਤੀਜਾ ਪ੍ਰਾਈਜ਼ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵੱਲੋਂ, ਚੌਥਾ ਪ੍ਰਾਈਜ਼ ਸੈਕ ਬ੍ਰਦਰਜ਼ ਵੱਲੋਂ ਅਤੇ ਪੰਜਵੇਂ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਯੂਬਾ ਬ੍ਰਦਰਜ਼ ਯੂਬਾ ਸਿਟੀ ਵੱਲੋਂ ਕੈਸ਼ ਪ੍ਰਾਈਜ਼ ਦੇ ਕੇ ਨਿਵਾਜਿਆ ਜਾਵੇਗਾ। ਇਸ ਤੋਂ ਇਲਾਵਾ ਟਾਪ ਰੇਡਰ ਅਤੇ ਜਾਫੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਬੱਡੀ ਦੇ ਇਸ ਮਹਾਨ ਕੁੰਭ ਵਿਚ ਹੁੰਮਹੁਮਾ ਕੇ ਪਹੁੰਚੋ। ਔਰਤਾਂ ਦੇ ਬੈਠਣ ਦਾ ਵੱਖਰਾ ਬੰਦੋਬਸਤ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਇਸ ਖੇਡ ਮੇਲੇ ਦੌਰਾਨ ਨਸ਼ਾ ਕਰਕੇ ਆਉਣ ਅਤੇ ਹਥਿਆਰ ਆਦਿ ਲਿਆਉਣ ਦੀ ਮਨਾਹੀ ਕੀਤੀ ਗਈ ਹੈ।

ਪਤਾ ਹੈ: 7676, ਬਰਾਡਸ਼ਾਅ ਰੋਡ, ਸੈਕਰਾਮੈਂਟੋ, ਕੈਲੀਫੋਰਨੀਆ

ਹੋਰ ਜਾਣਕਾਰੀ ਲਈ ਪਰਗਟ ਸੰਧੂ : 209-810-5667, ਧੀਰਾ ਨਿੱਜਰ : 916-416-9527 ਅਤੇ ਹੈਪੀ ਬਰਿਆਣਾ ਨੂੰ 916-240-4110 'ਤੇ ਕਾਲ ਕਰ ਸਕਦੇ ਹੋ।

# ਸਿਆਟਲ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 8 ਅਕਤੂਬਰ ਨੂੰ; ਤਿਆਰੀਆਂ ਸ਼ੁਰੂ



ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਮੈਂਬਰ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਬਾਬਾ ਬੁੱਢਾ ਜੀ ਸੰਸਥਾ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ 6, 7, 9 ਅਕਤੂਬਰ ਨੂੰ ਬੜ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜਿਥੇ ਤਿੰਨੇ ਦਿਨ ਸੰਸਥਾ ਵੱਲੋਂ ਲੰਗਰ ਬੜੀ ਸ਼ਰਧਾ ਨਾਲ ਤਿਆਰ ਕੀਤੇ ਜਾਣਗੇ। ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ 6 ਅਕਤੂਬਰ ਨੂੰ ਸਵੇਰੇ 10 ਵਜੇ ਪਾਠ ਆਰੰਭ ਹੋਣਗੇ ਤੇ 8 ਅਕਤੂਬਰ, ਦਿਨ ਐਤਵਾਰ ਨੂੰ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਕਥਾ ਕੀਰਤਨ ਤੇ ਧਾਰਮਿਕ ਵਿਚਾਰਾਂ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਜਾਵੇਗਾ। ਇਸ ਸਾਲ ਸੁਰਿੰਦਰ ਸਿੰਘ ਤੂੰਗ ਨੂੰ ਸਮਾਗਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਬਾਕੀ ਮੈਂਬਰ ਹਾਜ਼ਰ ਰਹਿਣਗੇ।

# ਬਾਇਡਨ ਦੇ ਪੁੱਤਰ ਵਿਰੁੱਧ ਲੱਗੇ ਸੰਘੀ ਗੰਨ ਦੋਸ਼ ਬਣ ਸਕਦੇ ਹਨ ਪਾਰਟੀ ਸਮਰਥਕਾਂ ਲਈ ਚੁਣੌਤੀ



**ਹੰਟਰ ਬਾਇਡਨ ਆਪਣੇ ਪਿਤਾ ਜੋਅ ਬਾਇਡਨ ਨਾਲ।**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਹੰਟਰ ਬਾਈਡਨ ਵਿਰੁੱਧ ਝੂਠ ਬੋਲ ਕੇ ਰਿਵਾਲਵਰ ਲੈਣ ਦੇ ਮਾਮਲੇ ਵਿਚ ਦੋਸ਼ ਉਸ ਸਮੇਂ ਆਇਦ ਹੋਏ ਹਨ, ਜਦੋਂ ਉਨ੍ਹਾਂ ਦੇ ਪਿਤਾ ਜੋਅ ਬਾਇਡਨ 2024 'ਚ ਦੁਬਾਰਾ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਦੋਸ਼ ਆਇਦ ਹੋਣ ਦਾ ਸਮਾਂ ਡੈਮੋਕਰੈਟਿਕ ਪਾਰਟੀ ਦੇ ਸਮਰਥਕਾਂ 'ਚ ਭੰਬਲਭੂਸਾ ਪੈਦਾ ਕਰ ਸਕਦਾ ਹੈ। ਡੈਮੋਕਰੈਟਿਕ ਪਾਰਟੀ ਲਈ ਬਿਹਤਰ ਇਹ ਹੈ ਕਿ ਦੋਸ਼ਾਂ ਦਾ ਨਿਪਟਾਰਾ ਛੇਤੀ ਹੋ ਜਾਵੇ ਪਰੰਤੂ ਜੇਕਰ ਮੱਤਦਾਤਾ ਵੱਲੋਂ ਦੁਬਾਰਾ ਚੋਣ ਲੜਨ ਲਈ ਜੋਅ ਬਾਇਡਨ ਦੇ ਹੱਕ ਵਿਚ ਫੈਸਲਾ ਦੇਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੰਟਰ ਬਾਇਡਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਹੈ, ਤਾਂ ਇਹ ਪਾਰਟੀ ਲਈ ਚੰਗਾ ਨਹੀਂ ਹੋਵੇਗਾ। ਇਸ ਦਾ ਪਾਰਟੀ ਦੀਆਂ ਸੰਭਾਵਨਾਵਾਂ ਉਪਰ ਅਸਰ ਪੈ ਸਕਦਾ ਹੈ। ਹਾਲਾਂਕਿ ਮਾਮਲੇ ਵਿਚ ਸੁਣਵਾਈ ਦੇ ਸਮੇਂ ਬਾਰੇ ਕੋਈ ਭਵਿੱਖਬਾਣੀ ਕਰਨੀ ਮੁਸ਼ਕਿਲ ਹੈ ਪਰੰਤੂ ਅਜਿਹਾ ਲੱਗਦਾ ਹੈ ਕਿ ਹੰਟਰ ਬਾਇਡਨ ਦੇ ਵਕੀਲ ਮਾਮਲੇ ਦੀ ਤੁਰੰਤ ਸੁਣਵਾਈ ਦੇ ਹੱਕ ਵਿਚ ਨਹੀਂ ਹਨ। ਆਮ ਤੌਰ 'ਤੇ ਦੋਸ਼ ਪੱਤਰ ਆਇਦ ਹੋਣ ਉਪਰੰਤ ਮਾਮਲੇ ਦੀ ਸੁਣਵਾਈ 100 ਦਿਨਾਂ 'ਚ ਨਿਸ਼ਚਤ ਹੋ ਜਾਂਦੀ ਹੈ। ਵਕੀਲ ਅਬੇ ਲੋਵੈਲ ਵੱਲੋਂ ਮਾਮਲੇ ਨੂੰ ਨਜਿੱਠਣ ਲਈ ਜੋ ਅਨੇਕਾਂ ਢੰਗ ਤਰੀਕੇ ਅਪਣਾਉਣ ਦੀ ਯੋਜਨਾ ਹੈ, ਉਸ ਤੋਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਹੰਟਰ ਬਾਇਡਨ ਮਾਮਲੇ ਦੀ ਤੇਜ਼ੀ ਨਾਲ ਸੁਣਵਾਈ ਦੇ ਆਪਣੇ ਹੱਕ ਉਪਰ ਜ਼ੋਰ ਨਹੀਂ ਦੇਵੇਗਾ। ਲੋਵੈਲ ਦੇ ਮੰਨਣਾ ਹੈ ਕਿ ਜੁਲਾਈ ਵਿਚ ਹੋਏ ਮੁਕੱਦਮਾ ਸਮਝੌਤੇ ਅਨੁਸਾਰ ਹੰਟਰ ਬਾਇਡਨ ਵਿਰੁੱਧ ਦੋਸ਼ ਆਇਦ ਨਹੀਂ ਹੋ ਸਕਦੇ। ਲੋਵੈਲ ਨੇ ਇਹ ਵੀ ਕਿਹਾ ਹੈ ਕਿ ਡਰੱਗ ਲੈਣ ਵਾਲੇ ਵਿਅਕਤੀਆਂ 'ਤੇ ਰਿਵਾਲਵਰ ਰੱਖਣ ਦੀ ਲੱਗੀ ਪਾਬੰਦੀ ਦੇ ਬਾਵਜੂਦ ਕਥਿਤ ਤੌਰ 'ਤੇ ਹੰਟਰ ਬਾਇਡਨ ਉਪਰ ਰਿਵਾਲਵਰ ਰੱਖਣ ਦੇ ਦੋਸ਼ ਲਾਉਣਾ ਗੈਰਸੰਵਿਧਾਨਕ ਹੈ। ਉਨ੍ਹਾਂ ਕਿਹਾ ਕਿ ਕੁਝ ਸਬੂਤ ਅਜਿਹੇ ਹਨ, ਜਿਨ੍ਹਾਂ ਤੋਂ ਉਹ ਇਨਕਾਰ ਕਰਦੇ ਹਨ। ਅਜਿਹੇ ਵਿਚ ਜਦੋਂ ਵੀ ਜੇਕਰ ਸੁਣਵਾਈ ਹੁੰਦੀ ਹੈ, ਤਾਂ ਹੰਟਰ ਬਾਇਡਨ ਦੋਸ਼ ਮੁਕਤ ਹੋ ਕੇ ਨਿਕਲੇਗਾ।

# ਯੂ.ਕੇ. ਸਰਕਾਰ ਵੱਲੋਂ ਵੀਜ਼ਾ ਫੀਸਾਂ 'ਚ ਵਾਧਾ

**ਲੰਡਨ, (ਪੰਜਾਬ ਮੇਲ)-** ਆਰਥਿਕ ਸੰਕਟ ਨਾਲ ਜੂਝ ਰਹੀ ਯੂ.ਕੇ. ਦੀ ਰਿਸ਼ੀ ਸੁਨਕ ਸਰਕਾਰ ਨੇ ਪੈਸਾ ਹਾਸਲ ਕਰਨ ਲਈ ਵੀਜ਼ਾ ਫੀਸ 'ਚ 15 ਤੋਂ ਲੈ ਕੇ 20 ਫੀਸਦੀ ਤੱਕ ਦਾ ਵਾਧਾ ਕਰ ਦਿੱਤਾ ਹੈ। ਇਸ ਵਾਧੇ ਨਾਲ ਯੂ.ਕੇ. ਦੀ ਸਰਕਾਰ ਨੂੰ 1 ਬਿਲੀਅਨ ਪੌਂਡ ਦਾ ਮਾਲੀਆ ਆਵੇਗਾ ਪਰ 4 ਅਕਤੂਬਰ ਦੇ ਬਾਅਦ ਯੂ.ਕੇ. ਜਾਣ ਦੇ ਚਾਹਵਾਨ ਲੋਕਾਂ 'ਤੇ ਬੋਝ ਵਧਾਇਆ ਜਾ ਰਿਹਾ ਹੈ। ਜੇਕਰ ਤੁਸੀਂ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ, ਸਕਿੱਲਡ ਵਰਕਰ ਵੀਜ਼ਾ ਜਾਂ ਲਾਂਗ ਟਰਮ ਵੀਜ਼ਾ ਲਈ ਅਪਲਾਈ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ 4 ਅਕਤੂਬਰ ਦੇ ਬਾਅਦ ਇਸ ਦੇ ਲਈ ਵੱਧ ਪੈਸੇ ਦੇਣੇ ਪੈਣਗੇ। ਦਰਅਸਲ ਰੇਟਿੰਗ ਏਜੰਸੀ ਗੋਲਡਨਮੈਨ ਸੈਕ ਅਤੇ ਜੇ.ਪੀ. ਮੋਗਰਨ ਨੇ ਹਾਲ ਹੀ 'ਚ ਆਈ ਆਪਣੀ ਰਿਪੋਰਟ 'ਚ ਇਹ ਕਿਹਾ ਹੈ ਕਿ ਜੁਲਾਈ ਦੇ ਮਹੀਨੇ ਦੇ ਦੌਰਾਨ ਯੂ.ਕੇ. ਦੀ ਅਰਥ ਵਿਵਸਥਾ 'ਚ ਤੇਜ਼ ਗਿਰਾਵਟ ਆਈ ਹੈ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਭਾਜਪਾ ਵੱਲੋਂ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ

**■ ਹਰ ਵਰਗ ਨੂੰ ਮਿਲੀ ਢੁਕਵੀਂ ਨੁਮਾਇੰਦਗੀ; 21 ਕੋਰ ਕਮੇਟੀ ਮੈਂਬਰ, 12 ਉਪ ਪ੍ਰਧਾਨ, ਪੰਜ ਜਨਰਲ ਸਕੱਤਰ ਅਤੇ 12 ਸੂਬਾ ਸਕੱਤਰ ਐਲਾਨੇ**



ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਅਸ਼ਵਨੀ ਸ਼ਰਮਾ, ਮਨਪ੍ਰੀਤ ਸਿੰਘ ਬਾਦਲ।

**ਚੰਡੀਗੜ੍ਹ, (ਪੰਜਾਬ ਮੇਲ)-** ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਭਾਜਪਾ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਦੀ ਤਿਆਰੀ ਦਾ ਪਰਛਾਵਾਂ ਨਵੀਂ ਕਾਰਜਕਾਰਨੀ ਤੋਂ ਸਾਫ਼ ਦਿਖਾਈ ਦੇ ਰਿਹਾ ਹੈ। ਐਲਾਨੀ ਕਾਰਜਕਾਰਨੀ ਕਮੇਟੀ ਦੀ ਸੂਚੀ ਅਨੁਸਾਰ ਕੋਰ ਕਮੇਟੀ ਦੇ 21 ਮੈਂਬਰ ਐਲਾਨੇ ਗਏ ਹਨ, ਜਦੋਂਕਿ 12 ਉਪ ਪ੍ਰਧਾਨ ਅਤੇ ਪੰਜ ਜਨਰਲ ਸਕੱਤਰਾਂ ਤੋਂ ਇਲਾਵਾ 12 ਸੂਬਾ ਸਕੱਤਰ ਬਣਾਏ ਗਏ ਹਨ। ਭਾਜਪਾ ਪ੍ਰਧਾਨ ਜੇ.ਪੀ. ਨੱਢਾ ਦੀ ਪ੍ਰਵਾਨਗੀ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਹ ਸੂਚੀ ਜਾਰੀ ਕੀਤੀ ਹੈ।

ਨਵੀਂ ਸੂਚੀ ਵਿਚ ਜਿੱਥੇ ਭਾਜਪਾ ਦੇ ਟਕਸਾਲੀ ਆਗੂਆਂ ਨੂੰ ਪੂਰਨ ਨੁਮਾਇੰਦਗੀ ਮਿਲੀ ਹੈ, ਉੱਥੇ ਕਾਂਗਰਸ 'ਚੋਂ ਆਏ ਆਗੂਆਂ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈ ਇੰਦਰ ਕੌਰ ਨੂੰ ਭਾਜਪਾ ਦੀ ਮਹਿਲਾ ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਦਰਸ਼ਨ ਸਿੰਘ ਨੈਣੇਵਾਲ ਨੂੰ ਕਿਸਾਨ ਮੋਰਚਾ ਦੀ ਡਿਊਟੀ ਦਿੱਤੀ ਗਈ ਹੈ। ਇਸ ਸੂਚੀ ਵਿਚ ਹਰ ਵਰਗ ਨੂੰ ਢੁਕਵੀਂ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਮਗਰੋਂ ਭਾਜਪਾ ਦੇ ਕੁਝ ਆਗੂ ਅੰਦਰੋਂ-ਅੰਦਰੀਂ ਔਖ ਵਿਚ ਸਨ।

ਪੰਜਾਬ ਭਾਜਪਾ ਦੀ ਕੋਰ ਕਮੇਟੀ ਵਿਚ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਸੋਮ ਪ੍ਰਕਾਸ਼, ਅਸ਼ਵਨੀ ਸ਼ਰਮਾ, ਵਿਜੈ ਸਾਂਪਲਾ, ਮਨੋਰੰਜਨ ਕਾਲੀਆ, ਅਵਿਨਾਸ਼ ਰਾਏ ਖੰਨਾ, ਚਰਨਜੀਤ ਸਿੰਘ ਅਟਵਾਲ, ਰਾਣਾ ਗੁਰਮੀਤ ਸਿੰਘ ਸੋਢੀ, ਅਮਨਜੋਤ ਕੌਰ ਰਾਮੂਵਾਲੀਆ, ਤੀਕਸ਼ਨ ਸੂਦ, ਮਨਪ੍ਰੀਤ ਬਾਦਲ, ਹਰਜੀਤ ਸਿੰਘ ਗਰੇਵਾਲ, ਕੇਵਲ ਸਿੰਘ ਢਿੱਲੋਂ, ਜੰਗੀ ਲਾਲ ਮਹਾਜਨ, ਰਾਜ ਕੁਮਾਰ ਵੇਰਕਾ, ਦਿਨੇਸ਼ ਸਿੰਘ ਬੱਬੂ, ਜੀਵਨ ਗੁਪਤਾ, ਸਰਬਜੀਤ ਸਿੰਘ ਵਿਰਕ, ਅਵਿਨਾਸ਼ ਚੰਦਰ ਅਤੇ ਐੱਸ.ਪੀ.ਐੱਸ. ਗਿੱਲ ਨੂੰ ਸ਼ਾਮਲ ਕੀਤਾ ਗਿਆ ਹੈ। ਸੂਬਾ ਜਨਰਲ ਸਕੱਤਰਾਂ ਵਿਚ ਦਿਆਲ ਸਿੰਘ ਸੋਢੀ, ਰਾਕੇਸ਼ ਰਾਠੌਰ, ਅਨਿਲ ਸਰੀਨ, ਜਗਮੋਹਨ ਸਿੰਘ ਰਾਜੂ ਅਤੇ ਪਰਮਿੰਦਰ ਸਿੰਘ ਬਰਾੜ ਦੇ ਨਾਮ ਸ਼ਾਮਲ ਹਨ।

# ਐੱਸ.ਆਈ.ਟੀ. ਵੱਲੋਂ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ 'ਚ ਚੌਥੀ ਚਾਰਜਸ਼ੀਟ ਦਾਖਲ



**ਫਰੀਦਕੋਟ/ਕੋਟਕਪੂਰਾ, (ਪੰਜਾਬ ਮੇਲ)-** ਕੋਟਕਪੂਰਾ ਗੋਲੀਕਾਂਡ ਦੇ ਮਾਮਲੇ 'ਚ ਐੱਸ.ਆਈ.ਟੀ. ਨੇ ਚੌਥੀ ਚਾਰਜਸ਼ੀਟ ਦਾਖ਼ਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਫਰੀਦਕੋਟ ਦੀ ਅਦਾਲਤ 'ਚ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ 'ਚ 22 ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ 3 ਚਲਾਨ ਪਹਿਲਾਂ ਪੇਸ਼ ਹੋ ਚੁੱਕੇ ਹਨ ਅਤੇ ਹੁਣ ਵਾਲੇ ਚਲਾਨ ਵਿਚ ਧਾਰਾ 118 ਅਤੇ 119 ਲਗਾ ਦਿੱਤੀ ਗਈ ਹੈ। ਗਲਤ ਜਾਣਕਾਰੀ ਦੇਣ ਦੇ ਮੱਦੇਨਜ਼ਰ ਇਹ ਧਾਰਾ ਲਗਾਈ ਜਾਂਦੀ ਹੈ ਅਤੇ ਇਸ ਮਾਮਲੇ ਦੀ ਜਾਂਚ ਐੱਲ.ਕੇ. ਯਾਦਵ ਵਾਲੀ ਐੱਸ.ਆਈ.ਟੀ. ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 2502 ਪੰਨਿਆਂ (ਦੋ ਹਜ਼ਾਰ ਪੰਜ ਸੌ ਦੋ ਪੰਨਿਆਂ) ਦਾ ਤੀਜਾ ਸਪਲੀਮੈਂਟਰੀ ਚਲਾਨ ਫ਼ਰੀਦਕੋਟ ਅਦਾਲਤ ਦੇ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਕੋ-ਆਪਟਿਡ ਮੈਂਬਰ ਡੀ.ਐੱਸ.ਪੀ. ਗੁਰਦੀਪ ਸਿੰਘ ਇੰਸਪੈਕਟਰ ਇਕਬਾਲ ਸਿੰਘ ਨਾਲ ਫਰੀਦਕੋਟ ਅਦਾਲਤ ਵਿਚ ਪਹੁੰਚੇ ਅਤੇ 11 ਜਿਲਦਾਂ 'ਚ 56 ਪੰਨਿਆਂ ਦੀ ਚਾਰਜਸ਼ੀਟ ਅਤੇ 2446 ਪੰਨਿਆਂ ਦੇ ਸਹਾਇਕ ਦਸਤਾਵੇਜ਼ ਪੇਸ਼ ਕੀਤੇ ਸਨ।

ਜ਼ਿਕਰਯੋਗ ਹੈ ਕਿ ਐੱਸ.ਆਈ.ਜੀ. ਰਾਕੇਸ਼ ਅਗਰਵਾਲ ਅਤੇ ਐੱਸ.ਐੱਸ.ਪੀ. ਬਠਿੰਡਾ ਗੁਲਨੀਤ ਖੁਰਾਣਾ ਦੀ ਅਗਵਾਈ ਵਾਲੀ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਦੀ ਅਗਵਾਈ ਵਾਲੀ ਐੱਸ.ਆਈ.ਟੀ. ਨੇ 24 ਫਰਵਰੀ 2023 ਨੂੰ ਸੱਤ ਹਜ਼ਾਰ ਪੰਨਿਆਂ ਦਾ ਪਹਿਲਾ ਚਲਾਨ ਪੇਸ਼ ਕੀਤਾ ਸੀ ਅਤੇ ਉਸ ਤੋਂ ਬਾਅਦ 2400 ਪੰਨਿਆਂ ਦਾ ਦੂਜਾ ਚਲਾਨ ਪੇਸ਼ ਕੀਤਾ। 25 ਅਪ੍ਰੈਲ 2023 ਨੂੰ ਫਰੀਦਕੋਟ ਅਦਾਲਤ ਵਿਚ 129 ਅਤੇ 192 ਨੰ. ਥਾਣਾ ਸਿਟੀ ਕੋਟਕਪੂਰਾ ਵਿਚ ਕੇਸ ਦਰਜ ਕੀਤਾ ਗਿਆ ਹੈ।

ਚਲਾਨ ਵਿਚ ਐੱਸ.ਆਈ.ਟੀ. ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ, ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਤਤਕਾਲੀ ਆਈ.ਜੀ. ਪਰਮਰਾਜ ਉਮਰਾਨੰਗਲ, ਐੱਸ.ਐੱਸ.ਪੀ. ਮੋਗਾ ਚਰਨਜੀਤ ਸ਼ਰਮਾ, ਐੱਸ.ਐੱਸ.ਪੀ. ਫਰੀਦਕੋਟ ਸੁਖਮੰਦਰ ਮਾਨ, ਡੀ.ਆਈ.ਜੀ. ਫ਼ਿਰੋਜ਼ਪੁਰ ਅਮਰ ਸਿੰਘ ਚਾਹਲ ਅਤੇ ਤਤਕਾਲੀ ਐੱਸ.ਐੱਚ.ਓ. ਸਿਟੀ ਕੋਟਕਪੂਰਾ ਗੁਰਦੀਪ ਸਿੰਘ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਤਤਕਾਲੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇਸ ਘਟਨਾ ਦੇ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਗਿਆ ਹੈ, ਜਦਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸਾਜ਼ਿਸ਼ ਨੂੰ ਅੰਜਾਮ ਦੇਣ ਦਾ ਦੋਸ਼ ਹੈ।

# ਐਮੀਨੈਂਸ ਸਕੂਲ: ਕੁੰਵਰ ਵਿਜੈ ਪ੍ਰਤਾਪ ਨੇ ਸਰਕਾਰ ਨੂੰ ਘੇਰਿਆ

**■ ਸਕੂਲ ਨੂੰ ਪੁਰਾਣਾ ਤੇ ਪਹਿਲਾਂ ਤੋਂ ਹੀ ਬਿਹਤਰੀਨ ਦੱਸਿਆ; ਡਿਲੀਟ ਕਰਨ ਦੇ ਬਾਵਜੂਦ ਵਾਇਰਲ**



**ਚੰਡੀਗੜ੍ਹ, (ਪੰਜਾਬ ਮੇਲ)-** ਅੰਮ੍ਰਿਤਸਰ ਵਿਚ ਖੁੱਲ੍ਹੇ ਪੰਜਾਬ ਦੇ ਪਹਿਲੇ ਸਕੂਲ ਆਫ ਐਮੀਨੈਂਸ 'ਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਹੀ ਉਂਗਲ ਚੁੱਕਣ ਲੱਗੇ ਹਨ। ਪੰਜਾਬ ਦੇ ਸਾਬਕਾ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਐਮੀਨੈਂਸ ਸਕੂਲ ਸਬੰਧੀ ਟਵੀਟ ਕੀਤਾ। ਇਸ ਦੌਰਾਨ ਸਾਬਕਾ ਆਈ.ਪੀ.ਐੱਸ. ਅਧਿਕਾਰੀ ਤੇ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੀ ਨਿੱਜਰ ਨੂੰ ਐਮੀਨੈਂਸ ਸਕੂਲ ਖੁੱਲ੍ਹਣ 'ਤੇ ਮੁਬਾਰਕ ਦਿੱਤੀ ਅਤੇ ਆਖਿਆ ਕਿ ਜੇਕਰ ਇਹ ਸਕੂਲ ਨਵਾਂ ਬਣਿਆ ਹੈ, ਤਾਂ ਉਨ੍ਹਾਂ ਨੂੰ ਵੀ ਦਿਖਾਇਆ ਜਾਵੇ। ਹਾਲਾਂਕਿ ਕੁੰਵਰ ਵਿਜੈ ਪ੍ਰਤਾਪ ਨੇ ਬਾਅਦ ਵਿਚ ਇਸ ਟਵੀਟ ਬਾਰੇ ਕੀਤੀ ਆਪਣੀ ਟਿੱਪਣੀ ਡਿਲੀਟ ਕਰ ਦਿੱਤੀ ਪਰ ਹੁਣ ਇਹ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਜਾਣਕਾਰੀ ਅਨੁਸਾਰ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਸੂਬੇ ਦੇ ਪਲੇਠੇ ਸਕੂਲ ਆਫ ਐਮੀਨੈਂਸ ਦਾ ਜ਼ੋਰ-ਸ਼ੋਰ ਨਾਲ ਉਦਘਾਟਨ ਕੀਤਾ ਸੀ। ਇਸ ਤੋਂ ਪਹਿਲਾਂ ਕੁੰਵਰ ਵਿਜੈ ਪ੍ਰਤਾਪ ਨੇ ਨਿੱਜਰ ਦੇ ਟਵੀਟ 'ਤੇ ਪ੍ਰਤੀਕਿਰਿਆ ਕਰਦਿਆਂ ਆਖਿਆ, "ਜਿਥੋਂ ਤੱਕ ਮੇਰਾ ਖਿਆਲ ਹੈ ਇਹ ਸਕੂਲ ਪਹਿਲਾਂ ਹੀ ਬਿਹਤਰੀਨ ਸੀ। ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਸਮਾਰਟ ਸਕੂਲ ਬਣਾਇਆ ਗਿਆ ਸੀ। ਮੈਂ ਕਈ ਖਾਸ ਮੌਕਿਆਂ 'ਤੇ ਇਸ ਸਕੂਲ ਵਿਚ ਗਿਆ ਹਾਂ। ਹੁਣ ਇਸ ਸਕੂਲ ਵਿਚ ਮਹਿਜ਼ ਰੈਨੋਵੇਸ਼ਨ ਕੀਤੀ ਗਈ ਹੈ। ਜਿਥੋਂ ਤੱਕ ਮੈਨੂੰ ਪਤਾ ਹੈ, ਇਸ ਸਕੂਲ ਦੀ ਕਾਇਆ-ਕਲਪ ਸਤਪਾਲ ਡਾਂਗ ਨੇ ਕੀਤੀ ਸੀ। ਹਾਲ ਹੀ ਵਿਚ ਮੈਂ ਉਨ੍ਹਾਂ ਦੀ ਭਤੀਜੀ ਮਧੂ ਡਾਂਗ ਵੱਲੋਂ ਇਸ ਸਕੂਲ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਸ਼ਿਰਕਤ ਕੀਤੀ ਸੀ।



# ਕੈਲੀਫੋਰਨੀਆ ਦੇ ਸ਼ਹਿਰ ਲਿੰਡਸੇ ਦੇ "ਤੂਤਾਂ ਵਾਲਾ ਖੂਹ" ਵਿਖੇ ਲੱਗੀਆਂ ਤੀਆਂ ਤੇ ਹੋਈ ਪਰਿਵਾਰਕ ਮਿਲਣੀ









ਲਿੰਡਸੇ (ਕੈਲੀਫੋਰਨੀਆ), (ਧਾਲੀਆਂ/ਮਾਛੀਕੇ/ਪੰਜਾਬ ਮੇਲ)- ਹਰ ਇਨਸਾਨ ਦੀ ਜ਼ਿੰਦਗੀ ਵਿਚ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਤਰੱਕੀਆਂ ਕਰਨ ਦਾ ਜਨੂੰਨ ਹੁੰਦਾ ਹੈ। ਇਸੇ ਜਨੂੰਨ ਦੇ ਚੱਲਦਿਆਂ ਉਹ ਦੂਜਿਆਂ ਨੂੰ ਦੇਖ ਤਰੱਕੀਆਂ ਤਾਂ ਬਹੁਤ ਕਰ ਲੈਂਦਾ ਹੈ। ਪਰ ਜਾਣੇ-ਅਨਜਾਣੇ ਆਪਣੇ ਸੱਭਿਆਚਾਰ, ਵਿਰਸੇ ਤੋਂ ਬਹੁਤ ਦੂਰ ਹੋ ਜਾਂਦਾ ਹੈ। ਪਰ ਉਹ ਲੋਕ ਬਹੁਤ ਖੁਸ਼ਕਿਸਮਤ ਹੁੰਦੇ ਹਨ, ਜੋ ਆਪਣੀ ਤਰੱਕੀ ਦੇ ਨਾਲ-ਨਾਲ ਆਪਣੇ ਵਿਰਸੇ ਨੂੰ ਲੈ ਕੇ ਚੱਲਦੇ ਹਨ। ਇਸੇ ਦੀ ਮਿਸਾਲ ਕੈਲੀਫੋਰਨੀਆਂ ਦੇ ਸ਼ਹਿਰ ਲਿੰਡਸੇ ਵਿਚ ਬਣਿਆ "ਤੂਤਾਂ ਵਾਲਾ ਖੂਹ" ਹੈ, ਜਿਸ ਨੂੰ ਅਰਵਿੰਦਰ ਸਿੰਘ ਲਾਖਨ ਅਤੇ ਪਰਿਵਾਰ ਨੇ ਬੜੀ ਮਿਹਨਤ ਅਤੇ ਲਗਨ ਨਾਲ ਪੰਜਾਬ ਦੇ ਵਿਰਾਸਤੀ ਰੰਗਾਂ ਵਿਚ ਰੰਗਿਆ ਹੈ। ਜਿਸ ਨੂੰ ਦੇਖਣ ਦੂਰ-ਦੁਰਾਡੇ ਤੋਂ ਲੋਕ ਪਹੁੰਚ ਸ਼ਲਾਘਾ ਕਰਦੇ ਹਨ।

ਇਸੇ "ਤੂਤਾਂ ਵਾਲੇ ਖੂਹ" 'ਤੇ ਅਰਵਿੰਦਰ ਸਿੰਘ ਲਾਖਨ ਵੱਲੋਂ ਕੁਲਵੀਰ ਸਿੰਘ ਹੇਅਰ ਅਤੇ ਹੋਰ ਦੋਸਤਾਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਅਤੇ ਪਰਿਵਾਰਕ ਮਿਲਣੀ ਕਰਵਾਈ ਗਈ। ਇਸ ਸਮੇਂ ਲੱਗੀਆਂ ਤੀਆਂ ਦਾ ਮਾਹੌਲ ਬਿਲਕੁਲ ਪੰਜਾਬ ਦੇ ਵਿਰਾਸਤੀ ਵਿਆਹ ਵਰਗਾ ਸੀ। ਜਿੱਥੇ ਡਹੇ ਮੰਜੇ, ਚਰਖਾ, ਮਧਾਣੀ, ਸੰਗੀਤਕ ਸਾਜ ਅਤੇ ਹੋਰ ਵਿਰਾਸਤੀ ਵਸਤਾਂ ਵਿਸਰ ਰਹੀਆਂ ਪੰਜਾਬ ਦੀਆਂ ਰਸਮਾਂ ਨੂੰ ਜੀਵਤ ਕਰ ਰਹੀਆਂ ਸਨ।

ਇਸ ਸਮੇਂ ਤੀਆਂ ਦੀ ਸ਼ੁਰੂਆਤ ਪੱਤਰਕਾਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤੀ। ਇਸ ਉਪਰੰਤ ਕਈ ਘੰਟੇ ਚੱਲਿਆ ਲਾਈਵ ਬੋਲੀਆਂ ਪਾਉਂਦੇ ਹੋਏ ਗਿੱਧਾ। ਜਿਸ ਵਿਚ ਹਾਜ਼ਰ ਔਰਤਾਂ ਨੇ ਇੱਕ-ਦੂਜੇ ਨਾਲੋਂ ਵੱਧ-ਚੜ੍ਹ ਕੇ ਬੋਲੀਆਂ ਪਾਈਆਂ। ਇਨ੍ਹਾਂ ਤੀਆਂ ਦਾ ਮਾਹੌਲ ਬਿਲਕੁਲ ਵਿਰਾਸਤੀ ਰੰਗ ਵਿਚ ਰੰਗਿਆ ਹੋਇਆ ਸੀ। ਜੋ ਅੱਜ ਵੀ ਪੰਜਾਬ ਦੇ ਅਮੀਰ ਵਿਰਸੇ ਦੀ ਵਿਦੇਸ਼ਾਂ ਵਿਚ ਝਲਕ ਪੇਸ਼ ਕਰ ਰਿਹਾ ਸੀ। ਇਸ ਪ੍ਰੋਗਰਾਮ ਦੌਰਾਨ ਖੂਬ ਰੌਣਕਾਂ ਲੱਗੀਆਂ ਹੋਈਆਂ ਸਨ। ਹਰ ਕੋਈ ਆਪਣੇ ਆਪ ਨੂੰ ਪੰਜਾਬ ਵਿਚ ਬੈਠਾ ਮਹਿਸੂਸ ਕਰ ਰਿਹਾ ਸੀ।

ਔਰਤਾਂ ਦੁਆਰਾ ਲੱਗੀਆਂ ਤੀਆਂ ਦੀ ਸਮਾਪਤੀ ਉਪਰੰਤ ਹਾਜ਼ਰ ਆਦਮੀਆਂ ਵੱਲੋਂ ਵੀ ਇੱਕ ਸ਼ਾਨਦਾਰ ਮਹਿਫ਼ਲ ਦਾ ਆਗਾਜ਼ ਕੀਤਾ ਗਿਆ। ਜਿਸ ਵਿਚ ਦਿਲਦਾਰ ਮਿਊਜ਼ੀਕਲ ਗਰੁੱਪ ਕੈਲੀਫੋਰਨੀਆ ਦੇ ਗਾਇਕ ਰਾਣਾ ਗਿੱਲ, ਗੈਰੀ ਢੇਸੀ ਅਤੇ ਅਵਤਾਰ ਗਿੱਲ ਨੇ ਖੂਬ ਰੰਗ ਬੰਨ੍ਹੇ। ਜਦਕਿ ਉਸਤਾਦ ਲਾਲ ਚੰਦ ਯਮਲਾ ਦੇ ਸ਼ਾਗਿਰਦ ਰਾਜ ਬਰਾੜ ਨੇ ਵੀ ਨਵੇਂ ਗੀਤ ਗਾ ਸਰੋਤੇ ਕੀਲ ਰੱਖੇ। ਸਮੁੱਚੇ ਪ੍ਰੋਗਰਾਮ ਨੂੰ ਸੰਗੀਤ ਪੱਪੀ ਭਦੌੜ, ਅਮਰੀਕ ਸਿੰਘ ਅਤੇ ਜੋਗਿੰਦਰ ਜੋਗੀ ਨੇ ਦਿੱਤਾ। ਇਸ ਸਾਰੇ ਪ੍ਰੋਗਰਾਮ ਦੌਰਾਨ ਤੀਆਂ ਸਮੇਂ ਸਟੇਜ ਸੰਚਾਲਨ ਆਂਚਲ ਕੌਰ ਹੇਅਰ ਨੇ ਬਹੁਤ ਖੂਬਸੂਰਤ ਗੀਤ ਅਤੇ ਬੋਲੀਆਂ ਪਾਉਂਦੇ ਹੋਏ ਕੀਤਾ। ਜਦਕਿ ਆਦਮੀਆਂ ਦੀ ਸੰਗੀਤਕ ਮਹਿਫਲ ਦਾ ਸਟੇਜ ਸੰਚਾਲਨ ਕੁਲਵੰਤ ਧਾਲੀਆਂ ਨੇ ਬਾਖੂਬੀ ਕੀਤਾ। ਇਸ ਸਮੇਂ ਅਰਵਿੰਦਰ ਸਿੰਘ ਲਾਖਨ, ਕੁਲਵੀਰ ਹੇਅਰ ਅਤੇ ਹੋਰ ਬੁਲਾਰਿਆਂ ਨੇ ਬੋਲਦੇ ਹੋਏ ਸਭ ਨੂੰ ਵਧਾਈ ਦਿੱਤੀ। ਸਭ ਹਾਜ਼ਰੀਨ ਲਈ ਸੁਆਦਿਸ਼ਟ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਤੂਤਾਂ ਵਾਲੇ ਖੂਹ ਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਕਰਮਨ ਸ਼ਹਿਰ ਦੇ ਸਾਲਾਨਾ 79ਵੇਂ ਹਾਰਵੈਸਟਰ ਫੈਸਟੀਵਲ ਮੌਕੇ ਪੰਜਾਬੀਆਂ ਕਰਾਈ ਬੱਲੇ-ਬੱਲੇ








ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)- ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ 79ਵੇਂ "ਹਾਰਵੈਸਟ ਫੈਸਟੀਵਲ" (**Harvest Festival**) ਦੀ ਸ਼ੁਰੂਆਤ ਹਮੇਸ਼ਾ ਦੀ ਤਰ੍ਹਾਂ ਪਰੇਡ ਨਾਲ ਹੋਈ, ਜਿਸ ਦਾ ਮਾਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸ਼ੱਕ ਇੱਥੇ ਲੋਕ ਵੱਡੇ ਸ਼ਹਿਰਾਂ 'ਚ ਰਹਿ ਰਹੇ ਹਨ, ਪਰ ਫਿਰ ਵੀ ਲੋਕ ਆਪਣੀ ਪੱਕੀ ਫਸਲ ਦੀ ਕਟਾਈ ਕਰਨ ਦੀ ਖ਼ੁਸ਼ੀ ਪ੍ਰੰਪਰਾਗਤ ਮੇਲੇ ਦੇ ਰੂਪ ਵਿਚ ਮਨਾਉਂਦੇ ਆ ਰਹੇ ਹਨ, ਜਿਸ ਦੀ ਸ਼ੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਂਦੀ ਹੈ ਅਤੇ ਇਕੱਠ ਵੀ ਅਮਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾ ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਫਲੋਟਾਂ ਨੂੰ ਵਧੀਆ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਜਿਸ ਵਿਚ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋਂ ਪਾਸੇ ਬੈਠ ਇਸ ਪ੍ਰੰਪਰਾਗਤ ਪਰੇਡ ਦਾ ਖੁੱਲ੍ਹ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸਲਾ ਅਫਜ਼ਾਈ ਵੀ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲੇ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆਂ ਦਾ ਅਨੰਦ ਮਾਣਦੇ ਹਨ।




ਮੇਲੇ ਦੌਰਾਨ ਹਰ ਸਾਲ ਸਟੇਜ ਲੱਗਦੀ ਹੈ, ਜਿੱਥੋਂ ਵੱਖ-ਵੱਖ ਬੁਲਾਰੇ ਜਾਂ ਕਲਾਕਾਰ ਰਿਵਾਇਤੀ ਤੌਰ 'ਤੇ ਆਪਣੇ ਵਿਚਾਰ ਜਾਂ ਕਲਾ ਦਾ ਖੁੱਲ੍ਹ ਕੇ ਪ੍ਰਦਰਸਨ ਕਰਦੇ ਹਨ। ਇਸੇ ਹੀ ਸਟੇਜ ਤੋਂ ਗਾਇਕੀ ਦਾ ਖੁੱਲ੍ਹਾ ਅਖਾੜਾ ਵੀ ਲੱਗਦਾ ਹੈ, ਜਿਸ ਵਿਚ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੀ ਕਲਾ ਦਾ ਖੁੱਲ੍ਹ ਕੇ ਪ੍ਰਗਟਾ ਕਰਦੇ ਹੋਏ, ਦੂਸਰੇ ਭਾਈਚਾਰਿਆਂ ਨਾਲ ਸੱਭਿਆਚਾਰ ਦੀ ਸਾਂਝ ਪਾਉਂਦੇ ਹਨ। ਕਰਮਨ ਸ਼ਹਿਰ ਵਿਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਇਸੇ ਲੜੀ ਤਹਿਤ ਪਹਿਲੀ ਵਾਰ ਕਿਰਨਜੋਤ ਕੌਰ ਢੇਸੀ ਦੇ ਉੱਦਮ ਸਦਕਾ, ਗੁਲਬਿੰਦਰ ਗੈਰੀ ਢੇਸੀ ਅਤੇ ਕੁਲਵੰਤ ਧਾਲੀਆਂ ਨੇ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਂਦਾ ਪ੍ਰੋਗਰਾਮ ਸਟੇਜ ਸਫਲਤਾ ਨਾਲ ਪੇਸ਼ ਕੀਤਾ, ਜਿਸ ਦੀ ਸ਼ੁਰੂਆਤ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁੱਪ ਕੈਲੀਫੋਰਨੀਆ ਦੇ ਕਲਾਕਾਰ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ ਨੇ ਕੀਤੀ। ਜਦਕਿ ਬਾਕੀ ਕਲਾਕਾਰਾਂ ਵਿਚ ਪੱਪੀ ਭਦੌੜ, ਜੋਗਿੰਦਰ ਸਿੰਘ ਜੋਗੀ, ਅਮਰੀਕ ਸਿੰਘ ਸੰਗੀਤ ਮਾਸਟਰ, ਗੀਤਕਾਰ ਸਤਵੀਰ ਹੀਰ ਆਦਿਕ ਕਲਾਕਾਰਾਂ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਉੱਥੇ ਅਮਰੀਕਨਾਂ ਨੂੰ ਵੀ ਨੱਚਣ ਲਾ ਦਿੱਤਾ। ਮੇਲੇ ਦੇ ਪ੍ਰਬੰਧਕਾਂ ਵਿਚੋਂ ਮਿਸ ਸੂਸਨ ਨੇ ਪੰਜਾਬੀ ਭਾਈਚਾਰੇ ਨੂੰ ਅਗਲੇ ਸਾਲ ਦਾ ਸੱਦਾ ਦਿੰਦੇ ਹੋਏ, ਇਸ ਸਫਲ ਪੇਸ਼ਕਾਰੀ ਦੀ ਵਧਾਈ ਵੀ ਦਿੱਤੀ। ਅੰਤ ਆਪਣੀਆਂ ਯਾਦਗਾਰੀ ਪੈੜਾਂ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿਬੜਿਆ।



# ਸਫਲ ਰਿਹਾ ਕੈਲੇਡਨ 'ਚ ਦੂਜਾ ਸੀਪ ਟੂਰਨਾਮੈਂਟ








**ਕੈਲੇਡਨ, (ਪੰਜਾਬ ਮੇਲ)-** ਕੈਲੇਡਨ ਵੈਸਟ ਸੀਨੀਅਰ ਐਸੋਸੀਏਸ਼ਨ ਨੇ ਕੈਲੇਡਨ ਵਿਚ 16 ਸਤੰਬਰ, 2023 ਨੂੰ ਇੱਕ ਬਹੁਤ ਹੀ ਸਫਲ ਦੂਜਾ ਸੀਪ ਟੂਰਨਾਮੈਂਟ ਕਰਵਾਇਆ। ਸਮਾਗਮ ਵਿਚ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ। ਲਗਭਗ 70 ਟੀਮਾਂ ਨੇ ਭਾਗ ਲਿਆ ਅਤੇ ਐਸੋਸੀਏਸ਼ਨ ਦੇ ਪ੍ਰਧਾਨ ਜਸਵੰਤ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਇਨਾਮ ਦਿੱਤੇ ਗਏ। ਸਾਰਾ ਦਿਨ ਮੁਫਤ ਖਾਣ-ਪੀਣ ਦੀ ਸੇਵਾ ਕੀਤੀ ਗਈ। ਇਹ ਸਾਡੇ ਕੈਲੇਡਨ ਕਮਿਊਨਿਟੀ ਵਿਚ ਸੁਆਗਤ ਅਤੇ ਸੰਮਲਿਤ ਵਾਤਾਵਰਣ ਨੂੰ ਉਤਸ਼ਾਹਿਤ ਕਰਦਾ ਹੈ। ਅਸੀਂ ਇਸ ਐਸੋਸੀਏਸ਼ਨ ਦੀ ਕਾਰਜਕਾਰਨੀ ਅਤੇ ਮੈਂਬਰਾਂ ਨੂੰ ਵਧਾਈ ਦਿੰਦੇ ਹਾਂ।

## ਫੈਂਟਾਨਿਲ ਅਤੇ ਹੋਰ ਸਿੰਥੈਟਿਕ ਓਪੀਔਡਜ਼ ਕਾਰਨ ਇੱਕ ਲੱਖ ਤੋਂ ਵੱਧ ਮੌਤਾਂ

**ਵਾਸ਼ਿੰਗਟਨ, (ਪੰਜਾਬ ਮੇਲ)-** ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੇ ਅੰਕੜਿਆਂ ਦੇ ਅਨੁਸਾਰ, ਸੰਯੁਕਤ ਰਾਜ ਵਿਚ ਪਿਛਲੇ ਸਾਲ ਅੰਦਾਜ਼ਨ 109,680 ਮੌਤਾਂ ਹੋਈਆਂ ਸਨ। ਜਿਨ੍ਹਾਂ ਵਿਚੋਂ ਲਗਭਗ 75,000 ਫੈਂਟਾਨਿਲ ਅਤੇ ਹੋਰ ਸਿੰਥੈਟਿਕ ਓਪੀਔਡਜ਼ ਕਾਰਨ ਹੋਏ ਸਨ। ਸਸਤੀ ਫੈਂਟਾਨਿਲ ਨੂੰ ਹੋਰ ਦਵਾਈਆਂ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ, ਅਕਸਰ ਖਰੀਦਦਾਰਾਂ ਦੀ ਜਾਣਕਾਰੀ ਤੋਂ ਬਿਨਾਂ।

ਮੈਕਸੀਕੋ ਵਿਚ ਫੈਂਟਾਨਿਲ ਆਮ ਤੌਰ 'ਤੇ ਉਦੋਂ ਹੁੰਦੀ ਹੈ, ਜਦੋਂ ਡਰੱਗ ਨੂੰ ਪਹਿਲਾਂ ਹੀ ਗੋਲੀਆਂ ਵਿਚ ਦਬਾਇਆ ਜਾਂਦਾ ਹੈ ਅਤੇ ਯੂ.ਐੱਸ. ਸਰਹੱਦ ਵੱਲ ਲਿਜਾਇਆ ਜਾਂਦਾ ਹੈ। ਯੂ.ਐੱਸ. ਪ੍ਰੌਸੀਕਿਊਟਰ ਦੋਸ਼ ਲਗਾਉਂਦੇ ਹਨ ਕਿ ਜ਼ਿਆਦਾਤਰ ਉਤਪਾਦਨ ਕੁਲਿਆਕਨ ਵਿਚ ਅਤੇ ਇਸਦੇ ਆਲੇ-ਦੁਆਲੇ ਹੁੰਦਾ ਹੈ, ਜਿੱਥੇ ਸਿਨਾਲੋਆ ਕਾਰਟੈਲ ਦਾ ਪੂਰਾ ਨਿਯੰਤਰਣ ਹੈ।


## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319


## ਅਮਰੀਕਾ 'ਚ ਯੂਨਾਈਟਿਡ ਆਟੋ ਵਰਕਰਜ਼ ਦੀ ਇਤਿਹਾਸਕ ਹੜਤਾਲ ਸ਼ੁਰੂ

**ਮਿਸ਼ੀਗਨ, (ਪੰਜਾਬ ਮੇਲ)-** ਯੂਨਾਈਟਿਡ ਆਟੋ ਵਰਕਰਜ਼ (ਯੂ.ਏ.ਡਬਲਯੂ.) ਯੂਨੀਅਨ ਦੇ ਮੈਂਬਰਾਂ ਨੇ ਮਿਸ਼ੀਗਨ ਵਿਚ ਫੋਰਡ ਪਲਾਂਟ ਵਿਚ ਇਕੱਠੇ ਹੋ ਕੇ ਇਤਿਹਾਸਕ ਹੜਤਾਲ ਸ਼ੁਰੂ ਕੀਤੀ। ਡੈਟਰੋਇਟ ਥ੍ਰੀ ਵਾਹਨ ਨਿਰਮਾਤਾਵਾਂ ਜਨਰਲ ਮੋਟਰਜ਼ ਅਤੇ ਸਟੈਲੈਂਟਿਸ ਵਰਕਰਾਂ ਦੀ ਪਹਿਲੀ ਵਾਰ ਇੱਕੋ ਸਮੇਂ ਦੀ ਹੜਤਾਲ ਸ਼ੁਰੂ ਹੋਈ। ਯੂਨੀਅਨ ਅਤੇ ਕੰਪਨੀਆਂ ਨਵੇਂ ਇਕਰਾਰਨਾਮੇ 'ਤੇ ਸਹਿਮਤ ਹੋਣ ਵਿਚ ਅਸਫਲ ਹੋਣ ਕਰਨ ਇਹ ਹੜਤਾਲ ਸ਼ੁਰੂ ਹੋ ਗਈ ਹੈ।।

# ਭਾਰਤੀ-ਅਮਰੀਕੀ ਡਾ. ਦੀਪ ਸਿੰਘ ਵ੍ਹਾਈਟ ਹਾਊਸ ਵੱਲੋਂ ਸਨਮਾਨਿਤ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕਾ ਵੱਸਦੀ ਸਿੱਖ ਕੌਮ 'ਚ ਬਹੁਤ ਸਾਰੀ ਸਿੱਖ ਸ਼ਖ਼ਸੀਅਤਾਂ ਆਪਣੀਆਂ ਪ੍ਰਾਪਤੀਆਂ ਰਾਹੀਂ ਸਿੱਖ ਕੌਮ ਦਾ ਨਾਂ ਰੋਸ਼ਨ ਕਰ ਰਹੀਆਂ ਹਨ। ਨਿਊਯਾਰਕ ਅਮਰੀਕਾ 'ਚ ਵੱਸਦੇ ਡਾ. ਦੀਪ ਸਿੰਘ ਨੇ ਵੀ ਸਿੱਖ ਕੌਮ ਦਾ ਸਿਰ ਮਾਣ ਦੇ ਨਾਲ ਹੋਰ ਵੀ ਉੱਚਾ ਕੀਤਾ ਹੈ। ਹਾਲ ਹੀ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਦੀਪ ਸਿੰਘ ਵੱਲੋਂ ਵੱਖ-ਵੱਖ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਵ੍ਹਾਈਟ ਹਾਊਸ ਵਲੋਂ ਵੱਕਾਰੀ ਅਵਾਰਡ "ਪ੍ਰੈਜ਼ੀਡੈਨੀਸ਼ੀਅਲ ਲਾਈਫ ਟਾਈਮ ਅਚੀਵਮੈਂਟ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਡਾ. ਦੀਪ ਸਿੰਘ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਜੰਮਪਲ ਹਨ ਅਤੇ ਆਪਣੀ ਉਚੇਰੀ ਸਿੱਖਿਆ ਉਨ੍ਹਾਂ ਪੰਜਾਬ ਅਤੇ ਜੰਮੂ ਯੂਨੀਵਰਸਿਟੀ ਤੋਂ ਹਾਸਿਲ ਕੀਤੀ। ਡਾ. ਸਿੰਘ ਅੱਜਕੱਲ੍ਹ ਈ.ਐੱਚ.ਐੱਸ. ਪੇਸ਼ੇਵਰ ਵਜੋਂ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਸੇਵਾਵਾਂ ਦੇ ਰਹੇ ਹਨ। ਡਾ. ਦੀਪ ਸਿੰਘ ਸਿੱਖ ਧਰਮ ਦੇ ਫਲਸਫੇ ਤੋਂ ਪ੍ਰੇਰਿਤ ਹੋ ਕੇ ਲੰਮੇ ਸਮੇਂ ਤੋਂ ਬਲੱਡ ਅਤੇ ਫੂਡ ਡਰਾਈਵਾਂ ਵਿਚ ਯੋਗਦਾਨ ਦਿੰਦੇ ਆ ਰਹੇ ਹਨ। ਇਸ ਤੋਂ ਇਲਾਵਾ ਕਈ ਦਹਾਕਿਆਂ ਤੋਂ ਉਹ ਦੇਸੀ ਖੇਡਾਂ ਦੇ ਪ੍ਰਮੋਟਰ ਵਜੋਂ ਅਤੇ ਦੇਸੀ ਖੇਡਾਂ ਦੇ ਵਿਸਤਾਰ ਲਈ ਵੀ ਲਗਾਤਾਰ ਕਾਰਜ ਕਰ ਰਹੇ ਹਨ ਅਤੇ ਯੁਨਾਈਟਿਡ ਨੇਸ਼ਨਜ ਅਧੀਨ ਟੀ.ਐੱਸ.ਜੀ. ਪ੍ਰੋਗਰਾਮ ਦੇ ਨਾਲ ਵੀ ਉਹ ਜੁੜੇ ਹੋਏ ਹਨ।









# ਅਮਰੀਕਾ ’ਚ ਪੁਲਿਸ ਦੀ ਕਾਰ ਦੀ ਲਪੇਟ ’ਚ ਆ ਕੇ ਭਾਰਤੀ ਵਿਦਿਆਰਥਣ ਦੀ ਮੌਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ’ਚ ਪੁਲਿਸ ਦੀ ਕਾਰ ਦੀ ਲਪੇਟ ’ਚ ਆਉਣ ਨਾਲ ਭਾਰਤੀ ਵਿਦਿਆਰਥਣ ਦੀ ਮੌਤ ਦੇ ਮਾਮਲੇ ’ਚ ਬਾਡੀ ਕੈਮਰੇ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਫੁਟੇਜ ’ਚ ਵਿਦਿਆਰਥਣ ਨੂੰ ਟੱਕਰ ਮਾਰਨ ਤੋਂ ਬਾਅਦ ਪੁਲਿਸ ਅਧਿਕਾਰੀ ਨੂੰ ਫੋਨ ’ਤੇ ਗੱਲ ਕਰਦੇ ਹੋਏ ਹੱਸਦੇ ਅਤੇ ਮਜ਼ਾਕ ਕਰਦੇ ਦੇਖਿਆ ਜਾ ਸਕਦਾ ਹੈ।

ਸਾਊਥ ਲੇਕ ਯੂਨੀਅਨ ਦੀ ਨਾਰਥ ਈਸਟਰਨ ਯੂਨੀਵਰਸਿਟੀ ਦੀ 23 ਸਾਲਾ ਵਿਦਿਆਰਥਣ ਜਾਹਨਵੀ ਕੰਦੂਲਾ ਨੂੰ 23 ਜਨਵਰੀ ਨੂੰ ਡੇਕਸਟਰ ਐਵੇਨਿਊ ਨਾਰਥ ਅਤੇ ਥਾਮਸ ਸਟਰੀਟ ਨੇੜੇ ਸੈਰ ਕਰਦੇ ਹੋਏ ਸਿਆਟਲ ਪੁਲਿਸ ਦੇ ਵਾਹਨ ਨੇ ਟੱਕਰ ਮਾਰ ਦਿੱਤੀ ਸੀ।

ਰਿਪੋਰਟ ਮੁਤਾਬਕ ਫੁਟੇਜ ’ਚ ਸਿਆਟਲ ਪੁਲਿਸ ਅਫਸਰ ਗਿਲਡ ਦੇ ਉਪ ਪ੍ਰਧਾਨ ਡੇਨੀਅਲ ਔਡਰਰ ਨੂੰ ਗੱਡੀ ਚਲਾਉਂਦੇ ਹੋਏ ਵੇਖਿਆ ਜਾ ਸਕਦਾ ਹੈ ਅਤੇ ਗਿਲਡ ਦੇ ਪ੍ਰਧਾਨ ਮਾਈਕ ਸੋਲਨ ਨਾਲ ਇਕ ਕਾਲ ਵਿਚ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ, ‘ਉਸ ਦੀ (ਜਾਹਨਵੀ) ਕੁਝ ਖਾਸ ਕੀਮਤ ਨਹੀਂ ਸੀ।’ “ਉਹ ਮਰ ਗਈ ਹੈ” ਕਹਿਣ ਤੋਂ ਤੁਰੰਤ ਬਾਅਦ, ਆਰਡਰ ਕੰਡੂਲਾ ਦਾ ਜ਼ਿਕਰ ਕਰਦੇ ਹੋਏ ਹੱਸਦਾ ਹੈ, “ਉਹ ਇਕ ਰੈਗੂਲਰ ਪਰਸਨ ਹੈ।” ਫਿਰ ਉਹ ਅੱਗੇ ਕਹਿੰਦਾ ਹੈ, “ਬਸ 11,000 ਡਾਲਰ ਦਾ ਚੈੱਕ ਲਿਖੋ,

**■ ਬਾਡੀ ਕੈਮਰੇ ਦੀ ਫੁਟੇਜ ’ਚ ਟੱਕਰ ਮਾਰਨ ਤੋਂ ਪੁਲਿਸ ਅਧਿਕਾਰੀ ਹੱਸਦਾ ਦਿਸਿਆ**



ਉਂਝ ਵੀ ਉਹ 26 ਸਾਲਾਂ ਦੀ ਸੀ, ਉਹ ਦੀ ਕੁਝ ਖਾਸ ਕੀਮਤ ਨਹੀਂ ਸੀ।”

ਔਡਰਰ ਨੇ ਇਹ ਵੀ ਸਫਾਈ ਦਿੱਤੀ ਕਿ ਡੇਵ 50 (ਮੀਲ ਪ੍ਰਤੀ ਘੰਟਾ) ਜਾ ਰਿਹਾ ਸੀ ਅਤੇ ਇਹ ਇਕ ਸਿੱਖਿਅਤ ਡਰਾਈਵਰ ਦੇ ਕੰਟਰੋਲ ਤੋਂ ਬਾਹਰ ਨਹੀਂ ਹੈ। ਜੂਨ ’ਚ ਜਾਰੀ ਕੀਤੀ ਗਈ ਇਕ ਪੁਲਿਸ ਜਾਂਚ ਵਿਚ ਪਾਇਆ ਗਿਆ ਕਿ ਡੇਵ 74 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ, ਜਦੋਂ ਇਕ ਕਾਲ ’ਤੇ ਉਸ ਨੇ ਕੰਡੂਲਾ ਨੂੰ ਟੱਕਰ ਮਾਰੀ, ਜੋ 100 ਫੁੱਟ ਤੋਂ ਵੱਧ ਦੂਰ ਜਾ ਕੇ ਡਿੱਗੀ ਸੀ। ਸਿਆਟਲ ਪੁਲਿਸ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ‘ਔਡਰਰ ਦੀ ਕਾਲ ਦੀ ਵੀਡੀਓ ਦੀ ਪਛਾਣ ਵਿਭਾਗ ਦੇ ਇਕ ਕਰਮਚਾਰੀ ਵੱਲੋਂ ਇਕ ਰੁਟੀਨ ਜਾਂਚ ਦੌਰਾਨ ਕੀਤੀ ਗਈ। ਇਸ ਤੋਂ ਬਾਅਦ ਇਹ ਵੀਡੀਓ ਪੁਲਿਸ ਮੁਖੀ ਐਡਰੀਅਨ ਡਿਆਜ਼ ਨੂੰ ਭੇਜੀ ਗਈ।

ਪੁਲਿਸ ਬਿਆਨ ’ਚ ਕਿਹਾ ਗਿਆ ਹੈ ਕਿ ਕਰਮਚਾਰੀ ਅਤੇ ਵੀਡੀਓ ਨੂੰ ਪੁਲਿਸ ਜਵਾਬਦੇਹੀ (ਓ.ਪੀ.ਏ.) ਦੇ ਦਫ਼ਤਰ ਨੂੰ ਭੇਜ ਦਿੱਤਾ ਗਿਆ ਹੈ। ਉਸ ਨੇ ਅੱਗੇ ਕਿਹਾ ਕਿ ਵੀਡੀਓ ਨੂੰ ‘ਪਾਰਦਰਸ਼ਿਤਾ ਲਈ’ ਜਾਰੀ ਕੀਤਾ ਗਿਆ ਹੈ। ਸਿਆਟਲ ਪੁਲਿਸ ਵਿਭਾਗ ਨੇ ਕਿਹਾ ਕਿ ਉਹ ਓ.ਪੀ.ਏ. ਆਪਣੀ ਜਾਂਚ ਪੂਰੀ ਹੋਣ ਤੱਕ ਵੀਡੀਓ ’ਤੇ ਟਿੱਪਣੀ ਨਹੀਂ ਕਰੇਗਾ।

ਕੰਡੂਲਾ ਆਂਧਰਾ ਪ੍ਰਦੇਸ਼ ਦੇ ਕੁਰਨੂਲ ਜ਼ਿਲ੍ਹੇ ਦੇ ਅਡੋਨੀ ਤੋਂ ਸਾਲ 2021 ’ਚ ਪੜ੍ਹਾਈ ਲਈ ਅਮਰੀਕਾ ਗਈ ਸੀ। ਉਸ ਦੇ ਰਿਸ਼ਤੇਦਾਰ, ਅਸ਼ੋਕ ਮੰਡੂਲਾ, ਜੋ ਟੈਕਸਾਸ ਵਿਚ ਰਹਿੰਦਾ ਹੈ, ਨੇ ਦੱਸਿਆ, ‘ਪਰਿਵਾਰ ਕੋਲ ਕਹਿਣ ਲਈ ਕੁਝ ਨਹੀਂ ਹੈ... ਸਿਵਾਏ ਇਸ ਤੋਂ ਇਲਾਵਾ ਕਿ ਮੈਂ ਹੈਰਾਨ ਹਾਂ ਕਿ ਕੀ ਉਨ੍ਹਾਂ ਦੀਆਂ ਧੀਆਂ ਜਾਂ ਪੋਤੀਆਂ ਦਾ ਉਨ੍ਹਾਂ ਲਈ ਕੋਈ ਕੀਮਤ ਹੈ। ਜ਼ਿੰਦਗੀ ਜ਼ਿੰਦਗੀ

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

# ਭਾਰਤੀ ਵਿਦਿਆਰਥਣ ਦੀ ਮੌਤ ’ਤੇ ਅਮਰੀਕਾ ’ਚ ਗੁੱਸਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਭਾਰਤ



ਸਰਕਾਰ ਨੂੰ ਸਿਆਟਲ ਵਿਚ ਪੁਲਿਸ ਦੀ ਗਸ਼ਤੀ ਕਾਰ ਦੀ ਟੱਕਰ ਨਾਲ ਭਾਰਤੀ ਵਿਦਿਆਰਥਣ ਜਾਹਨਵੀ ਕੰਦੂਲਾ ਦੀ ਮੌਤ ਦੀ ਤੁਰੰਤ ਜਾਂਚ ਕਰਨ ਅਤੇ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਨਿਆਂ ਦੇ ਕਟਹਿਰੇ ’ਚ ਲਿਆਉਣ ਦਾ ਭਰੋਸਾ ਦਿੱਤਾ ਹੈ। ਅਮਰੀਕਾ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਵੱਲੋਂ ਵਾਸ਼ਿੰਗਟਨ ਵਿਚ ਉੱਚ ਪੱਧਰ ’ਤੇ ਇਹ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਉਣ ਅਤੇ ਕੰਦੂਲਾ ਦੇ ਕਤਲ ਅਤੇ ਸਿਆਟਲ ਵਿਚ ਪੁਲਸ ਅਧਿਕਾਰੀ ਦੇ ਅਤਿ ਅਸੰਵੇਦਨਸ਼ੀਲ ਰਵੱਈਏ ’ਤੇ ਤੁਰੰਤ ਕਾਰਵਾਈ ਦੀ ਮੰਗ ਦੇ ਬਾਅਦ ਅਮਰੀਕੀ ਸਰਕਾਰ ਹਰਕਤ ਵਿਚ ਆ ਗਈ ਹੈ। ਕੰਦੂਲਾ ਦੀ ਜਨਵਰੀ ਵਿਚ ਉਸ ਸਮੇਂ ਮੌਤ ਹੋ ਗਈ ਸੀ ਜਦੋਂ ਉਸਨੂੰ ਅਧਿਕਾਰੀ ਕੇਵਿਨ ਡੇਵ ਵੱਲੋਂ ਚਲਾਏ ਗਏ ਇੱਕ ਪੁਲਿਸ ਵਾਹਨ ਨੇ ਟੱਕਰ ਮਾਰ ਦਿੱਤੀ ਸੀ। ਇਕ ਰਿਪੋਰਟ ਅਨੁਸਾਰ ਉਹ ਓਵਰਡੋਜ਼ ਦੀ ਰਿਪੋਰਟ ਮਿਲਣ ਤੋਂ ਬਾਅਦ ਘਟਨਾ ਵਾਲੀ ਥਾਂ ’ਤੇ ਜਾਂਦੇ ਸਮੇਂ 119 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਰਫਤਾਰ ਨਾਲ ਗੱਡੀ ਚਲਾ ਰਿਹਾ ਸੀ। ਸਿਆਟਲ

**■ ਬਾਇਡਨ ਵੱਲੋਂ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਭਪੁਲਿਸ ਅਧਿਕਾਰੀਆਂ ਨੂੰ ਨਿਆਂ ਦੇ ਕਟਹਿਰੇ ’ਚ ਲਿਆਉਣ ਦਾ ਭਰੋਸਾ**

ਪੁਲਿਸ ਵਿਭਾਗ ਵੱਲੋਂ ਸੋਮਵਾਰ ਨੂੰ ਜਾਰੀ ਕੀਤੀ ਗਈ ਬਾਡੀਕੈਮ ਫੁਟੇਜ ਵਿਚ, ਅਧਿਕਾਰੀ ਡੈਨੀਅਲ ਆਰਡਰਰ ਨੇ ਇਸ ਘਾਤਕ ਹਾਦਸੇ ਨੂੰ ਹੱਸ ਕੇ ਟਾਲ ਦਿੱਤੇ ਅਤੇ ਇਸ ਗੱਲ ਨੂੰ ਖਾਰਜ ਕਰ ਦਿੱਤਾ ਕਿ ਡੇਵ ਦੋਸ਼ੀ ਹੈ ਜਾਂ ਮਾਮਲੇ ਵਿਚ ਅਪਰਾਧਿਕ ਜਾਂਚ ਦੀ ਲੋੜ ਹੈ। ਅਮਰੀਕੀ ਸੰਸਦ ਮੈਂਬਰਾਂ ਅਤੇ ਭਾਰਤੀ-ਅਮਰੀਕੀਆਂ ਨੇ ਕੰਦੂਲਾ ਦੀ ਮੌਤ ’ਤੇ ਗੁੱਸਾ ਜ਼ਾਹਰ ਕੀਤਾ ਹੈ। ਬਾਇਡਨ ਪ੍ਰਸ਼ਾਸਨ ਨੇ ਭਾਰਤ ਸਰਕਾਰ ਨੂੰ ਘਟਨਾ ਦੀ ਤੁਰੰਤ ਜਾਂਚ ਕਰਨ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਦਾ ਭਰੋਸਾ ਦਿੱਤਾ ਹੈ। ਸਮਝਿਆ ਜਾਂਦਾ ਹੈ ਕਿ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਰਾਜਦੂਤ ਅਤੇ ਭਾਰਤ ਸਰਕਾਰ ਨੂੰ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਨੇ ਪੂਰੀ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਘਟਨਾ ਤੋਂ ‘ਹੈਰਾਨ’ ਅਤੇ ‘ਸਹਿਮੇ’ ਹੋਏ ਹਨ। ਸਾਨ ਫਰਾਂਸਿਸਕੋ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਕੰਦੂਲਾ ਦੀ ਮੌਤ ਦੀ ਜਾਂਚ ਦੇ ਤਰੀਕਿਆਂ ਨੂੰ

# ਰੂਸ-ਅਮਰੀਕਾ ਟਕਰਾਅ: ਰੂਸ ਵੱਲੋਂ ਦੋ ਅਮਰੀਕੀ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦੇ ਆਦੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਰੂਸ ਦੇ ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਦੋ ਅਮਰੀਕੀ ਡਿਪਲੋਮੈਟਾਂ ਨੂੰ ‘ਗੈਰ-ਕਾਨੂੰਨੀ ਗਤੀਵਿਧੀਆਂ’ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ‘ਅਣਇੱਛਤ ਵਿਅਕਤੀ’ ਘੋਸ਼ਿਤ ਕੀਤਾ ਅਤੇ ਉਨ੍ਹਾਂ ਨੂੰ ਸੱਤ ਦਿਨਾਂ ਦੇ ਅੰਦਰ ਦੇਸ਼ ਛੱਡਣ ਦਾ ਆਦੇਸ਼ ਦਿੱਤਾ। ਰੂਸੀ ਮੰਤਰਾਲੇ ਨੇ ਇੱਕ ਬਿਆਨ ਵਿਚ ਦੋਸ਼ ਲਾਇਆ ਕਿ ਰੂਸ ਵਿਚ ਅਮਰੀਕੀ ਦੂਤਾਵਾਸ ਦੇ ਪਹਿਲੇ ਸਕੱਤਰ ਜੈਫਰੀ ਸਿਲਿਨ ਅਤੇ ਦੂਜੇ ਸਕੱਤਰ ਡੇਵਿਨ ਬਰਨਸਟੀਨ ਵਲਾਦੀਵੋਸਤੋਕ ਵਿਚ ਅਮਰੀਕੀ ਦੂਤਾਵਾਸ ਦੇ ਸਾਬਕਾ ਕਰਮਚਾਰੀ ਨਾਲ ਸੰਪਰਕ ਵਿਚ ਬਣੇ ਰਹੇ, ਜਿਨ੍ਹਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਗ੍ਰਿਫਤਾਰ ਕੀਤਾ ਗਿਆ ਸੀ।

ਸ਼ੋਨੋਵ, ਇੱਕ ਸਾਬਕਾ ਕਰਮਚਾਰੀ ਉੱਤੇ ਯੂਕਰੇਨ ਵਿਚ ਰੂਸ ਦੀਆਂ ਫੌਜੀ ਕਾਰਵਾਈਆਂ ਅਤੇ ਸਬੰਧਤ ਮੁੱਦਿਆਂ ਬਾਰੇ ਅਮਰੀਕੀ ਡਿਪਲੋਮੈਟਾਂ ਲਈ ਜਾਣਕਾਰੀ ਇਕੱਠੀ ਕਰਨ ਦਾ ਦੋਸ਼ ਹੈ। ਸ਼ੋਨੋਵ 25 ਸਾਲਾਂ ਤੋਂ ਵੱਧ ਸਮੇਂ ਤੋਂ ਦੂਰ ਪੂਰਬੀ ਸ਼ਹਿਰ ਵਲਾਦੀਵੋਸਤੋਕ ਵਿਚ ਅਮਰੀਕੀ ਕੌਂਸਲੇਟ ਜਨਰਲ ਦੇ ਤਨਖਾਹ ’ਤੇ ਸੀ। ਮਾਸਕੋ ਨੇ 2021 ਵਿਚ ਮਿਸ਼ਨ ਦੇ ਸਥਾਨਕ ਸਟਾਫ ਨੂੰ ਬਰਖਾਸਤ ਕਰਨ ਦਾ ਹੁਕਮ ਦਿੱਤਾ ਸੀ।

ਰੂਸ ਦੀ ਐੱਫ.ਐੱਸ.ਬੀ. ਸੁਰੱਖਿਆ ਸੇਵਾ ਨੇ ਸ਼ੋਨੋਵ ਦਾ ਇੱਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਸ਼ੋਨੋਵ ਇਹ ਸਵੀਕਾਰ ਕਰਦੇ ਹੋਏ ਦਿਖਾਈ ਦੇ ਰਹੇ ਹਨ ਕਿ ਸਿਲਿਨ ਅਤੇ ਬਰਨਸਟਾਈਨ ਨੇ ਉਸਨੂੰ ਯੂਕਰੇਨ ਵਿਚ ਰੂਸ ਦੇ ਯੁੱਧ ਯਤਨਾਂ ਬਾਰੇ ਜਾਣਕਾਰੀ




# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਵਿਸ਼ਵ ਪੰਜਾਬੀ ਭਵਨ ਵਿਖੇ ਕਰਾਇਆ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ





**ਬਰੈਂਪਟਨ, (ਰਮਿੰਦਰ ਵਾਲੀਆ/ਪੰਜਾਬ ਮੇਲ)**- ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਸ਼ਾਨਦਾਰ ਯਾਦਗਾਰੀ ਸਨਮਾਨ ਸਮਾਰੋਹ ਕਰਾਇਆ ਗਿਆ, ਜੋ ਬਹੁਤ ਯਾਦਗਾਰੀ ਹੋ ਨਿਬੜਿਆ। ਬਹੁਤ ਸਾਰੀਆਂ ਸੰਸਥਾਵਾਂ ਦੇ ਅਹੁਦੇਦਾਰ ਤੇ ਅਦਬੀ ਸ਼ਖ਼ਸੀਅਤਾਂ ਨੇ ਇਸ ਸਨਮਾਨ ਸਮਾਰੋਹ ਵਿਚ ਆਪਣੀ ਸ਼ਿਰਕਤ ਕੀਤੀ। ਭਾਰਤ ਤੋਂ ਆਏ ਡਾ. ਦਵਿੰਦਰ ਖ਼ੁਸ਼ ਧਾਲੀਵਾਲ, ਡਾ. ਹਰਮਿੰਦਰ ਸਿੰਘ ਤੇ ਡਾ. ਅਤਿੰਦਰ ਕੌਰ ਤੇ ਲਖਵਿੰਦਰ ਲੱਖਾ ਸਲੇਮਪੁਰੀ ਨੂੰ ਯਾਦਗਾਰੀ ਸਨਮਾਨ ਚਿੰਨ੍ਹ 'ਤੇ ਵਿਸ਼ੇਸ਼ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਕਥੂਰੀਆ ਨੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿਚ ਬਿਰਾਜਮਾਨ ਸਭ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ। ਇਸਦੇ ਨਾਲ ਹੀ ਸ. ਲਖਵਿੰਦਰ ਸਿੰਘ ਲੱਖਾ ਨੂੰ ਵਿਦਾਇਗੀ ਪਾਰਟੀ ਵੀ ਦਿੱਤੀ ਗਈ। ਚਾਰੋਂ ਮਹਿਮਾਨਾਂ ਨੇ ਹਾਜ਼ਰੀਨ ਮੈਂਬਰਾਂ ਨਾਲ ਆਪਣੀਆਂ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਪ੍ਰੋਗਰਾਮ 'ਚ ਹਾਜ਼ਰੀਨ ਮੈਂਬਰਾਂ 'ਚੋਂ ਕੁਝ ਮੈਂਬਰਾਂ ਨੇ ਆਪਣੀਆਂ ਵਿਚਾਰਾਂ ਸਾਂਝੀਆਂ ਕੀਤੀਆਂ। ਕੁਝ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ। ਮਹਿਮਾਨਾਂ ਵਿਚ ਗੁਰਮਿੰਦਰਪਾਲ ਸਿੰਘ ਆਹਲੂਵਾਲੀਆ, ਰਮਿੰਦਰ ਵਾਲੀਆ, ਦਲਬੀਰ ਸਿੰਘ ਕਥੂਰੀਆ, ਸ. ਦਲਜੀਤ ਸਿੰਘ ਗੈਦੂ, ਮਕਸੂਦ ਚੌਧਰੀ, ਡਾ. ਸੋਹਨ ਸਿੰਘ ਪਰਮਾਰ, ਰਵਿੰਦਰ ਸਿੰਘ ਕੰਗ, ਸੁਜਾਨ ਸਿੰਘ ਸੁਜਾਨ, ਜਰਨੈਲ ਸਿੰਘ ਮਠਾੜੂ, ਡਾ. ਦਵਿੰਦਰ ਲੱਧੜ, ਡਾ. ਹਰਮਿੰਦਰ ਸਿੰਘ, ਡਾ. ਦਵਿੰਦਰ ਖ਼ੁਸ਼ ਧਾਲੀਵਾਲ, ਡਾ. ਅਤਿੰਦਰ ਕੌਰ, ਡਾ. ਜਸਪਾਲ ਸਿੰਘ ਦੇਸੂਵੀ, ਲੱਖਵਿੰਦਰ ਲੱਖਾ ਸਲੇਮਪੁਰੀ, ਸੁੰਦਪਾਲ ਰਾਜਾਸਾਂਸੀ, ਡਾ. ਅਫ਼ਜ਼ਲ ਰਾਜ, ਮੱਲ ਸਿੰਘ ਬਾਸੀ, ਲਵਪ੍ਰੀਤ ਸਿੰਘ, ਅਮਰੀਤ ਕੌਰ ਤੇ ਬਹੁਤ ਸਾਰੀਆਂ ਹੋਰ ਅਦਬੀ ਸ਼ਖ਼ਸੀਅਤਾਂ ਨੇ ਇਸ ਸਨਮਾਨ ਸਮਾਰੋਹ ਵਿਚ ਸ਼ਿਰਕਤ ਕੀਤੀ। ਸਨਮਾਨ ਸਮਾਰੋਹ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਨੇ ਐਲਾਨ ਕੀਤਾ ਕਿ ਰਮਿੰਦਰ ਵਾਲੀਆ (ਰੰਮੀ) ਸਾਹਿਤ ਤੇ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਅਤੇ ਬਹੁਤ ਮਿਹਨਤੀ, ਸਿਰੜੀ ਤੇ ਲਗਨ ਨਾਲ ਕੰਮ ਕਰਦੀ ਹੈ। ਰਮਿੰਦਰ ਵਾਲੀਆ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਜੋ ਵੀ ਜ਼ਿੰਮੇਵਾਰੀ ਉਸਨੂੰ ਸੌਂਪੀ ਜਾਏਗੀ ਉਹ ਪੂਰੀ ਤਨਦੇਹੀ ਨਾਲ ਉਸਨੂੰ ਨਿਭਾਉਣਗੇ। ਡਾ. ਸੋਹਨ ਸਿੰਘ ਪਰਮਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਬਹੁਤ ਹੀ ਖ਼ੁਸ਼ਨੁਮਾ ਮਾਹੌਲ ਵਿਚ ਇਹ ਸਨਮਾਨ ਸਮਾਰੋਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਨਸਲੀ ਹਿੰਸਾ 'ਚ ਜਾਨ ਗਵਾਉਣ ਵਾਲੇ ਬਲਬੀਰ ਸਿੰਘ ਸੋਢੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਸਮਾਗਮ







**ਐਰੀਜ਼ੋਨਾ, (ਪੰਜਾਬ ਮੇਲ)**- 9/11 ਦੇ ਹਮਲੇ ਦੇ ਪੀੜਤਾਂ ਦੇ ਜ਼ਖਮ 22 ਸਾਲ ਬਾਅਦ ਵੀ ਅੱਲੇ ਹਨ। ਇਸ ਹਮਲੇ ਉਪਰੰਤ ਨਸਲੀ ਹਿੰਸਾ ਵਿਚ ਜਾਨ ਗਵਾਉਣ ਵਾਲੇ ਪਹਿਲੇ ਵਿਅਕਤੀ ਬਲਬੀਰ ਸਿੰਘ ਸੋਢੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਮੇਸਾ ਸ਼ਹਿਰ (ਐਰੀਜ਼ੋਨਾ) ਵਿਚ ਘਟਨਾ ਸਥਾਨ 'ਤੇ ਕੀਤੇ ਗਏ ਸੰਖੇਪ ਸੰਮੇਲਨ ਵਿਚ ਪਰਿਵਾਰਕ ਮੈਂਬਰਾਂ, ਸੱਜਣਾ-ਮਿੱਤਰਾਂ ਤੋਂ ਇਲਾਵਾ ਮਿਸਟਰ ਗਰੈੱਗ ਸਟੈਟਨ ਕਾਂਗਰਸਮੈਨ ਐਰੀਜ਼ੋਨਾ ਅਤੇ Larry fultz ਡਾਇਰੈਕਟਰ ਹੋਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਡਾਕਟਰ ਜਸਵੰਤ ਸਿੰਘ ਸੱਚਦੇਵ ਜੀ ਨੇ ਸਟੇਜ ਦੀ ਸੇਵਾ ਨਿਭਾਈ। ਕੁਲਬੀਰ ਸਿੰਘ ਜੀ ਗੁਪਤਾ ਨੇ ਗੁਰਬਾਣੀ ਰਾਹੀਂ ਪ੍ਰੀਵਾਰ ਨੂੰ ਹੌਂਸਲਾ ਦਿੱਤਾ। ਉਪਰੰਤ ਰਾਣਾ ਸਿੰਘ ਸੋਢੀ ਨੇ ਆਏ ਪਤਵੰਤੇ ਸੱਜਣਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਗੁਰਬਖਸ਼ ਸਿੰਘ ਸਿੱਧੂ ਨੇ ਸੀਨੀਅਰ ਗੇਮਾਂ 'ਚ ਜਿੱਤਿਆ ਗੋਲਡ ਮੈਡਲ



**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)**- ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਅਮਰੀਕਾ ਵਿਚ ਹੁੰਦੀਆਂ ਸੀਨੀਅਰ ਗੇਮਾਂ ਵਿਚ ਜੌਹਰ ਵਿਖਾ ਕੇ ਅਕਸਰ ਚਰਚਾ ਵਿਚ ਰਹਿੰਦੇ ਹਨ। ਅੱਜਕੱਲ੍ਹ ਉਹ ਸੀਨੀਅਰ ਗੇਮਾਂ ਵਿਚ ਹਿੱਸਾ ਲੈਣ ਲਈ ਕੈਲੀਫੋਰਨੀਆ ਦੇ ਸ਼ਹਿਰ ਸੈਨ ਡਿਆਗੋ ਵਿਖੇ ਗਏ ਹੋਏ ਹਨ, ਜਿੱਥੇ ਉਨ੍ਹਾਂ ਨੇ ਹੈਮਰ ਥ੍ਰੋ ਵਿਚ ਸੋਨ ਤਗਮਾ ਜਿੱਤਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਬੀਤੇ ਐਤਵਾਰ ਮੇਸਾ ਕਾਲਜ ਦੇ ਮੈਦਾਨਾਂ ਵਿਚ 50+ ਸਾਲ ਦੇ ਪੁਰਸ਼ਾਂ ਅਤੇ ਔਰਤਾਂ ਦੇ ਉਮਰ ਸਮੂਹਾਂ ਲਈ ਟਰੈਕ ਅਤੇ ਫੀਲਡ ਇਵੈਂਟਾਂ ਲਈ ਸੈਨ ਡਿਆਗੋ ਸੀਨੀਅਰਜ਼ ਗੇਮਜ਼ ਹੋਈਆਂ। ਇਨ੍ਹਾਂ ਗੇਮਾਂ ਦੌਰਾਨ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥ੍ਰੋ ਈਵੈਂਟ ਵਿਚ ਹਿੱਸਾ ਲਿਆ ਅਤੇ 35:49 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਡਿਸਕਸ ਥਰੋਅ ਦੇ ਮੁਕਾਬਲੇ ਵਿਚ ਵੀ ਭਾਗ ਲਿਆ ਅਤੇ 31:75 ਮੀਟਰ ਦੀ ਦੂਰੀ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਖੇਡਾਂ ਵਿਚ ਅਮਰੀਕਾ ਦੇ ਐਰੀਜ਼ੋਨਾ, ਨਿਊ ਮੈਕਸੀਕੋ, ਟੈਕਸਾਸ ਅਤੇ ਨੇਵਾਡਾ ਵਰਗੇ ਗੁਆਂਢੀ ਰਾਜਾਂ ਦੇ 300 ਤੋਂ ਵੱਧ ਐਥਲੀਟਾਂ ਨੇ ਟ੍ਰੈਕ ਅਤੇ ਫੀਲਡ ਈਵੈਂਟਸ ਵਿਚ ਹਿੱਸਾ ਲਿਆ। ਗੁਰਬਖਸ਼ ਸਿੰਘ ਸਿੱਧੂ ਦੀ ਜਿੱਤ ਕਾਰਨ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਅੰਦਰ ਜਸ਼ਨ ਦਾ ਮਾਹੌਲ ਹੈ।

# ਜ਼ੋਮੀ-ਕੁਕੀ ਭਾਈਚਾਰੇ ਦੇ ਹੱਕ 'ਚ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਰੈਲੀ

**ਵਾਸ਼ਿੰਗਟਨ, (ਪੰਜਾਬ ਮੇਲ)**- ਮਨੀਪੁਰ 'ਚ ਜ਼ੋਮੀ-ਕੁਕੀ ਭਾਈਚਾਰੇ ਦੇ ਹੱਕ 'ਚ ਇਥੇ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਸ਼ਾਂਤੀ ਰੈਲੀ ਕੀਤੀ ਗਈ। ਮਨੀਪੁਰ 'ਚ ਫਿਰਕੂ ਹਿੰਸਾ ਦੌਰਾਨ ਜ਼ੋਮੀ-ਕੁਕੀ ਭਾਈਚਾਰੇ ਦੇ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਨਾਲ ਇਕਜੁੱਟਤਾ ਦੇ ਪ੍ਰਗਟਾਵੇ ਲਈ ਭਾਈਚਾਰੇ ਦੇ ਸੰਗਠਨਾਂ ਨੇ ਇਸ ਰੈਲੀ ਦਾ ਪ੍ਰਬੰਧ ਕੀਤਾ ਸੀ। ਜ਼ੋਮੀ ਇਨਕੁਆਂ ਯੂ.ਐੱਸ.ਏ. ਵੱਲੋਂ ਕਰਵਾਈ ਗਈ ਇਸ ਰੈਲੀ ਦੌਰਾਨ ਲੋਕਾਂ ਨੇ ਹੱਥਾਂ 'ਚ ਪੋਸਟਰ ਚੁੱਕੇ ਹੋਏ ਸਨ। ਜਥੇਬੰਦੀ ਨੇ ਇਕ ਬਿਆਨ 'ਚ ਕਿਹਾ ਕਿ ਹਿੰਸਾ ਨੇ ਮਨੀਪੁਰ ਦੇ ਲੋਕਾਂ ਦਾ ਦਰਦ ਵਧਾ ਦਿੱਤਾ ਹੈ ਅਤੇ ਸੂਬਾ ਸਰਕਾਰ ਦੀ ਖਾਸ ਕਰਕੇ ਘੱਟ ਗਿਣਤੀ ਜ਼ੋਮੀ-ਕੁਕੀ ਆਦਿਵਾਸੀਆਂ ਖ਼ਿਲਾਫ਼ ਕਾਰਵਾਈ ਨੇ ਖ਼ਿੱਤੇ 'ਚ ਵੰਡੀਆਂ ਪਾ ਦਿੱਤੀਆਂ ਹਨ।




# ਅਮਰੀਕਾ ਦੇ ਟੈਨੇਸੀ ਰਾਜ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਦੋਸ਼ ਆਇਦ

**■ ਇਕ ਕਾਲੇ ਵਿਅਕਤੀ ਦੀ ਕੁੱਟਮਾਰ ਉਪਰੰਤ ਮੌਤ ਦਾ ਮਾਮਲਾ**



5 ਸਾਬਕਾ ਪੁਲਿਸ ਅਫਸਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਇਕ ਸੰਘੀ ਗਰੈਂਡ ਜਿਊਰੀ ਵੱਲੋਂ ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੈਮਫਿਸ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਟਾਇਰ ਨਿਕੋਲਸ ਨਾਲ ਬੁਰੀ ਤਰਾਂ ਕੁੱਟਮਾਰ ਕਰਨ ਦੇ ਮਾਮਲੇ ਵਿਚ ਦੋਸ਼ ਆਇਦ ਕਰਨ ਦੀ ਖਬਰ ਹੈ। 29 ਸਾਲਾ ਕਾਲਾ ਵਿਅਕਤੀ ਨਿਕੋਲਸ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਘਟਨਾ ਤੋਂ 3 ਦਿਨ ਬਾਅਦ ਹਸਪਤਾਲ ਵਿਚ ਦਮ ਤੋੜ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਾਲ ਜਨਵਰੀ ਵਿਚ ਵਾਪਰੀ ਇਸ ਘਟਨਾ ਵਿਚ ਸ਼ਾਮਲ 5 ਸਾਬਕਾ ਪੁਲਿਸ ਅਫਸਰਾਂ ਨੂੰ ਸੰਘੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ, ਸਾਜਿਸ਼ ਰਚਣ ਤੇ ਅੜਿਕਾ ਪਾਉਣ, ਜਿਸ ਕਾਰਨ ਨਿਕੋਲਸ ਦੀ ਮੌਤ ਹੋਈ, ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਇਨਾਂ ਸਾਬਕਾ ਪੁਲਿਸ ਅਫਸਰਾਂ ਵਿਚ ਟਾਡਾਰੀਅਸ ਬੀਨ, ਡੀਮੈਟਰੀਅਸ ਹੇਲੀ, ਏਮਿਟ ਮਾਰਟਿਨ, ਡੈਸਮੌਂਡ ਮਿਲਜ ਜੂਨੀਅਰ ਤੇ ਜਸਟਿਨ ਸਮਿਥ ਸ਼ਾਮਿਲ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਫਸਰਾਂ ਨੇ ਉਨ੍ਹਾਂ ਲੋਕਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਜਿਨ੍ਹਾਂ ਦੀ ਰਾਖੀ ਲਈ ਉਨ੍ਹਾਂ ਨੇ ਸਹੁੰ ਚੁੱਕੀ ਸੀ। ਉਨ੍ਹਾਂ ਨੇ ਜਨਤਕ ਸੁਰੱਖਿਆ ਦੀ ਪਰਵਾਹ ਨਹੀਂ ਕੀਤੀ, ਜਿਸ ਕਾਰਨ ਲੋਕਾਂ ਦਾ ਲਾਅ ਇਨਫੋਰਸਮੈਂਟ ਵਿਚ ਭਰੋਸਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਅਫਸਰਾਂ ਨੇ ਸਹੁੰ ਨਾਲ ਖਿਲਵਾੜ ਕੀਤਾ ਹੈ, ਨਿਆਂ ਵਿਭਾਗ ਉਨ੍ਹਾਂ ਨੂੰ ਦੋਸ਼ੀ ਠਹਿਰਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗਾ।

# ਕੈਨੇਡਾ ’ਚ 17 ਸਾਲਾ ਸਿੱਖ ਵਿਦਿਆਰਥੀ ’ਤੇ ਨਸਲੀ ਹਮਲਾ

**■ ਕੁੱਟਮਾਰ ਮਗਰੋਂ ਕੀਤੀ ਮਿਰਚ ਸਪਰੇਅ**

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)**- ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ’ਚ ਨਫਰਤੀ ਅਪਰਾਧ ਦੇ ਇਕ ਸਪੱਸ਼ਟ ਮਾਮਲੇ ਵਿਚ ਇਕ ਸਿੱਖ ਵਿਦਿਆਰਥੀ ’ਤੇ ਇਕ ਹੋਰ ਨੌਜਵਾਨ ਨਾਲ ਝਗੜੇ ਤੋਂ ਬਾਅਦ ਹਮਲਾ ਕੀਤਾ ਗਿਆ। ਜਾਣਕਾਰੀ ਮੁਤਾਬਕ ਹਾਈ ਸਕੂਲ ਦੇ 17 ਸਾਲਾ ਵਿਦਿਆਰਥੀ ’ਤੇ ਹਮਲਾ ਹੋਇਆ ਹੈ ਅਤੇ ਇਹ ਘਟਨਾ ਸੋਮਵਾਰ ਨੂੰ ਕੇਲੋਨਾ ਵਿਚ ਰਟਲੈਂਡ ਰੋਡ ਸਾਊਥ ਅਤੇ ਰੌਬਸਨ ਰੋਡ ਈਸਟ ਦੇ ਚੌਰਾਹੇ ’ਤੇ ਵਾਪਰੀ, ਜਿੱਥੇ ਹਾਈ ਸਕੂਲ ਦੇ ਵਿਦਿਆਰਥੀ ਨੂੰ ਕਥਿਤ ਤੌਰ ’ਤੇ “ਲੱਤ ਮਾਰੀ ਗਈ, ਮੁੱਕਾ ਮਾਰਿਆ ਅਤੇ ਮਿਰਚ ਸਪਰੇਅ ਕੀਤੀ ਗਈ।”

ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਇੱਕ ਬਿਆਨ ਵਿਚ ਕਿਹਾ ਕਿ ਇਹ ਘਟਨਾ ਉਦੋਂ ਵਾਪਰੀ, ਜਦੋਂ ਸਿੱਖ ਵਿਦਿਆਰਥੀ ਘਰ ਜਾਣ ਲਈ ਇੱਕ ਜਨਤਕ ਆਵਾਜਾਈ ਬੱਸ ਤੋਂ ਉਤਰ ਰਿਹਾ ਸੀ। ਫਿਲਹਾਲ ਪੁਲਿਸ ਨੇ ਇਸ ਘਟਨਾ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ ਹੈ। ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ (ਡਬਲਯੂ.ਐੱਸ.ਓ.) ਨੇ ਦੋਸ਼ ਲਾਇਆ ਹੈ ਕਿ ਵਿਦਿਆਰਥੀ ਨਾਲ ਬੱਸ ਵਿਚ ਵੀ ਕੁੱਟਮਾਰ ਕੀਤੀ ਗਈ ਸੀ।

ਬ੍ਰਿਟਿਸ਼ ਕੋਲੰਬੀਆ ਦੀ ਡਬਲਯੂ.ਐੱਸ.ਓ. ਦੀ ਉਪ-ਪ੍ਰਧਾਨ ਗੁਣਤਾਸ ਕੌਰ ਦੇ ਹਵਾਲੇ ਨਾਲ ਖ਼ਬਰ ਵਿਚ ਕਿਹਾ ਗਿਆ, “ਕੇਲੋਨਾ ’ਚ ਵਿਦਿਆਰਥੀ ’ਤੇ ਸੋਮਵਾਰ ਨੂੰ ਹੋਇਆ ਹਮਲਾ ਅਸਵੀਕਾਰਨਯੋਗ ਹੈ।” ਇਸ ਸਾਲ ਸ਼ਹਿਰ ’ਚ ਜਨਤਕ ਵਾਹਨ ’ਚ ਕਿਸੇ ਸਿੱਖ ਨੌਜਵਾਨ ’ਤੇ ਹਿੰਸਾ ਦੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਮਾਰਚ ਵਿੱਚ, ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਭਾਰਤ ਦੇ ਇੱਕ ਸਿੱਖ ਵਿਦਿਆਰਥੀ ਗਗਨਦੀਪ ਸਿੰਘ (21) ਉੱਤੇ ਅਣਪਛਾਤੇ ਲੋਕਾਂ ਦੇ ਇੱਕ ਸਮੂਹ ਨੇ ਹਮਲਾ ਕੀਤਾ ਸੀ।

# ਸਿਆਟਲ ’ਚ ਭਾਰਤੀ ਭਾਈਚਾਰੇ ਵੱਲੋਂ ਜਾਹਨਵੀ ਕੰਡੂਲਾ ਲਈ ਇਨਸਾਫ ਨੂੰ ਲੈ ਕੇ ਰੈਲੀ

**■ -ਮੇਅਰ ਨੇ ਮੰਗੀ ਮੁਆਫੀ**

**ਸਿਆਟਲ, (ਪੰਜਾਬ ਮੇਲ)**- ਭਾਰਤੀ ਭਾਈਚਾਰੇ ਦੇ 100 ਤੋਂ ਵੱਧ ਮੈਂਬਰਾਂ ਨੇ ਭਾਰਤੀ ਵਿਦਿਆਰਥਣ ਜਾਹਨਵੀ ਕੰਡੂਲਾ ਲਈ ਇਨਸਾਫ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਜੇਲ੍ਹ ਭੇਜਣ ਦੀ ਮੰਗ ਨੂੰ ਲੈ ਕੇ ਸਿਆਟਲ ’ਚ ਰੈਲੀ ਕੱਢੀ। ਇਹ ਰੈਲੀ ਉਸੇ ਥਾਂ ’ਤੇ ਆਯੋਜਿਤ ਕੀਤੀ ਗਈ, ਜਿੱਥੇ ਕੰਡੂਲਾ ਨੂੰ ਪੁਲਿਸ ਦੇ ਤੇਜ਼ ਰਫਤਾਰ ਵਾਹਨ ਨੇ ਟੱਕਰ ਮਾਰ ਦਿੱਤੀ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਸਿਆਟਲ ਖੇਤਰ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ 100 ਤੋਂ ਵੱਧ ਮੈਂਬਰ ਡੇਨੀ ਪਾਰਕ ਵਿਚ ਇਕੱਠੇ ਹੋਏ ਅਤੇ ਉਸ ਚੁਰਸਤੇ ਵੱਲ ਮਾਰਚ ਕੀਤਾ, ਜਿੱਥੇ ਕੰਡੂਲਾ ਨੂੰ ਟੱਕਰ ਵੱਜੀ ਸੀ। ਇਸ ਦੌਰਾਨ ਮੈਂਬਰਾਂ ਨੇ ਹੱਥਾਂ ’ਚ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ’ਤੇ ਲਿਖਿਆ ਸੀ, ‘ਜਾਹਨਵੀ ਸਿਆਟਲ ਪੁਲਿਸ ਵਿਭਾਗ ਤੋਂ ਵੱਧ ਕੀਮਤੀ ਹੈ’ ਅਤੇ ‘ਜਾਹਨਵੀ ਲਈ ਇਨਸਾਫ, ਕਾਤਲ ਪੁਲਿਸ ਵਾਲੇ ਨੂੰ ਜੇਲ੍ਹ।’ ਰੈਲੀ ਦਾ ਆਯੋਜਨ ਬੋਥੇਲ ਸਥਿਤ ਸੰਗਠਨ ‘ਉਤਸਵ’ ਵਲੋਂ ਕੀਤਾ ਗਿਆ ਸੀ, ਜੋ ਦੱਖਣੀ ਏਸ਼ੀਆਈ ਲੋਕਾਂ ਨੂੰ ਉਨ੍ਹਾਂ ਦੇ ਭਾਈਚਾਰਿਆਂ ਨਾਲ ਜੋੜਨ ਵਿਚ ਮਦਦ ਕਰਦਾ ਹੈ।

ਉੱਥੇ ਹੀ ਵਿਵਾਦ ਵਧਦਾ ਦੇਖ ਕੇ ਸਿਆਟਲ ਸ਼ਹਿਰ ਦੇ ਮੇਅਰ ਬਰੂਸ ਹੈਰੇਲ ਨੇ ਵਿਦਿਆਰਥਣ ਦੀ ਦੁਖਦਾਈ ਮੌਤ ਲਈ ਮੁਆਫੀ ਮੰਗੀ ਹੈ। ਮੇਅਰ ਦੀ ਮੁਆਫੀ ਸਿਆਟਲ ਖੇਤਰ ਦੇ ਦੱਖਣੀ ਏਸ਼ੀਆਈ ਪ੍ਰਵਾਸੀ ਭਾਈਚਾਰੇ ਦੇ ਲੋਕਾਂ ਦੇ ਜ਼ੋਰਦਾਰ ਪ੍ਰਦਰਸ਼ਨ ਤੋਂ ਬਾਅਦ ਆਈ ਹੈ। ਮੁਆਫੀ ਦੇ ਨਾਲ ਮੇਅਰ ਨੇ ਪੂਰੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਇਹ ਬਿਲਕੁਲ ਮਨਜ਼ੂਰ ਨਹੀਂ ਹੈ। ਮਨੁੱਖੀ ਜੀਵਨ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਪ੍ਰਦਰਸ਼ਨਕਾਰੀਆਂ ਨਾਲ ਬੈਠਕ ਵਿਚ ਮੇਅਰ ਨੇ ਭਰੋਸਾ ਦਿੱਤਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਬਰਨਬੀ ’ਚ ਗੈਂਗ ਹਿੰਸਾ ਦੀ ਭੇਂਟ ਚੜ੍ਹਿਆ ਪੰਜਾਬੀ ਨੌਜਵਾਨ

**ਬਰਨਬੀ, (ਪੰਜਾਬ ਮੇਲ)**- ਕੈਨੇਡਾ ਵਿਚ ਇੱਕ ਹੋਰ ਪੰਜਾਬੀ ਨੌਜਵਾਨ ਗੈਂਗ ਹਿੰਸਾ ਦੀ ਭੇਟ ਚੜ੍ਹ ਗਿਆ। ਪੁਲਿਸ ਅਨੁਸਾਰ ਕਾਤਲਾਂ ਨੇ ਖਾਸ ਸੂਹ ਦੇ ਆਧਾਰ ’ਤੇ ਬਰਨਬੀ ਦੀ ਨਾਰਥ ਰੋਡ ਸਥਿਤ ਜ਼ਮੀਨਦੋਜ਼ ਪਾਰਕਿੰਗ ਵਿਚ ਜਾ ਕੇ ਐਬਟਸਫੋਰਡ ਦੇ ਰਹਿਣ ਵਾਲੇ ਗਗਨਦੀਪ ਸੰਧੂ (29) ਨੂੰ ਗੋਲੀਆਂ ਮਾਰੀਆਂ ਅਤੇ ਉਸ ਦੀ ਮੌਕੇ ’ਤੇ ਮੌਤ ਹੋ ਗਈ। ਕਤਲ ਸਬੰਧੀ ਜਾਂਚ ਕਰਨ ਵਾਲੀ ਟੀਮ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਾਇਰੋਟੀ ਅਨੁਸਾਰ ਮੌਕੇ ਤੋਂ ਮਿਲੇ ਸਬੂਤ ਮਿੱਥ ਕੇ ਮਾਰੇ ਜਾਣ ਦੀ ਗਵਾਹੀ ਭਰਦੇ ਹਨ। ਕਤਲ ਤੋਂ ਥੋੜ੍ਹੀ ਦੂਰ ਜਾ ਕੇ ਕਾਲੇ ਰੰਗ ਦੀ ਹਾਂਡਾ ਪਾਇਲਟ ਕਾਰ ਨੂੰ ਅੱਗ ਲਾਉਣਾ ਗੈਂਗ ਹਿੰਸਾ ਦਾ ਸੰਕੇਤ ਹੈ ਪਰ ਕਾਤਲਾਂ ਦੀ ਪਛਾਣ ਦੇ ਠੋਸ ਸਬੂਤ ਅਜੇ ਪੁਲਿਸ ਦੇ ਹੱਥ ਨਹੀਂ ਲੱਗੇ। ਪੁਲਿਸ ਮ੍ਰਿਤਕ ਦੇ ਪਿਛੋਕੜ ਦੀ ਜਾਂਚ ਵੀ ਕਰ ਰਹੀ ਹੈ।

# ਅਮਰੀਕੀ ਬਾਰਡਰ ਪੈਟਰੋਲ ਏਜੰਟਾਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ

**ਟੈਕਸਾਸ, (ਪੰਜਾਬ ਮੇਲ)**- ਅਮਰੀਕੀ ਬਾਰਡਰ ਪੈਟਰੋਲ ਏਜੰਟਾਂ ਨੇ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਬੀਤੇ ਦਿਨੀਂ ਲਾਰੇਡੋ ਟੈਕਸਾਸ ਵਿਖੇ ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅਫ਼ਸਰਾਂ ਨੇ ਵਰਲਡ ਟ੍ਰੇਡ ਬ੍ਰਿਜ ਵਿਖੇ ਚੈਕਿੰਗ ਦੇ ਦੌਰਾਨ 4,466 ਪੌਂਡ ਮਾਰਿਜੁਆਨਾ (ਭੰਗ) ਦੇ ਪੈਕੇਜ ਜ਼ਬਤ ਕੀਤੇ।






# ਅਮਰੀਕੀ ਪ੍ਰਤੀਨਿਧੀ ਸਭਾ ਨੂੰ ਰਾਸ਼ਟਰਪਤੀ ਬਾਇਡਨ ਖ਼ਿਲਾਫ਼ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਦੇ ਹੁਕਮ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ



ਕੇਵਿਨ ਮੈਕਕਾਰਥੀ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਸਦਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਵਿਰੁੱਧ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਤ ਕਾਰੋਬਾਰੀ ਸੌਦਿਆਂ ਨੂੰ ਲੈ ਕੇ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੈਕਕਾਰਥੀ ਨੇ ਕਿਹਾ ਕਿ ਸਦਨ ਦੀ ਜਾਂਚ ਹੁਣ ਤੱਕ ਬਾਇਡਨ ਪਰਿਵਾਰ ਦੇ ਆਲੇ-ਦੁਆਲੇ ਕੇਂਦਰਿਤ ਭ੍ਰਿਸ਼ਟਾਚਾਰ ਦੇ ਸੱਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦੀ ਹੈ, ਕਿਉਂਕਿ ਰਿਪਬਲਿਕਨ ਪਹਿਲਾਂ ਹੀ ਡੈਮੋਕਰੇਟਿਕ ਨੇਤਾ ਬਾਇਡਨ ਦੇ ਪੁੱਤ ਹੰਟਰ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਉਸ ਦੇ ਕਾਰੋਬਾਰੀ ਸੌਦਿਆਂ ਦੀ ਜਾਂਚ ਕਰ ਰਹੇ ਹਨ। ਮੈਕਕਾਰਥੀ ਨੇ ਕਿਹਾ, "ਇਹ ਸ਼ਕਤੀ ਦੀ ਦੁਰਵਰਤੋਂ ਤੇ ਭ੍ਰਿਸ਼ਟਾਚਾਰ ਦੇ ਦੋਸ਼ ਹਨ, ਜਿਨ੍ਹਾਂ ਦੀ ਪ੍ਰਤੀਨਿਧੀ ਸਭਾ ਵੱਲੋਂ ਪੂਰੀ ਤਰ੍ਹਾਂ ਨਾਲ ਜਾਂਚ ਕਰਨ ਦੀ ਲੋੜ ਹੈ।"

## ਵ੍ਹਾਈਟ ਹਾਊਸ ਵੱਲੋਂ ਰਾਸ਼ਟਰਪਤੀ ਬਾਇਡਨ 'ਤੇ ਲੱਗੇ ਦੋਸ਼ਾਂ ਨੂੰ ਕੀਤਾ ਰੱਦ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਾਅਦ ਹੁਣ ਜੋਅ ਬਾਇਡਨ ਵੀ ਮੁਸੀਬਤ 'ਚ ਘਿਰਦੇ ਨਜ਼ਰ ਆ ਰਹੇ ਹਨ। ਅਮਰੀਕੀ ਸੰਸਦ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਉਨ੍ਹਾਂ ਦੇ ਖਿਲਾਫ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜਾਂਚ ਸ਼ੁਰੂ ਹੋਣ ਤੋਂ ਬਾਅਦ ਵ੍ਹਾਈਟ ਹਾਊਸ ਨੇ ਬਾਇਡਨ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਬਾਇਡਨ ਦੇ ਸਿਆਸੀ ਦੁਸ਼ਮਣਾਂ ਦੁਆਰਾ ਜਾਂਚ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਰਾਸ਼ਟਰਪਤੀ ਨੂੰ ਫਸਾਉਣ ਦੀ ਸਾਜ਼ਿਸ਼ ਹੈ। ਦੁਸ਼ਮਣਾਂ ਨੇ ਪੂਰਾ ਸਾਲ ਰਾਸ਼ਟਰਪਤੀ ਦੀ ਨਿਗਰਾਨੀ ਵਿਚ ਬਿਤਾਇਆ, ਪਰ ਉਨ੍ਹਾਂ ਨੂੰ ਕੋਈ ਸਬੂਤ ਨਹੀਂ ਮਿਲਿਆ। ਨਾਲ ਹੀ ਕਿਹਾ ਕਿ ਬਾਇਡਨ ਦੇ ਖਿਲਾਫ ਸਬੂਤ ਨਹੀਂ ਮਿਲੇ ਕਿਉਂਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ ਸੀ।

ਜ਼ਿਕਰਯੋਗ ਹੈ ਕਿ ਵਿਦੇਸ਼ੀ ਮੀਡੀਆ ਰਿਪੋਰਟਾਂ ਮੁਤਾਬਕ ਮੈਕਕਾਰਥੀ ਨੇ ਬਾਇਡਨ ਪਰਿਵਾਰ ਦੇ ਕਾਰੋਬਾਰੀ ਸੌਦਿਆਂ ਦੀ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਰਿਪਬਲੀਕਨਾਂ ਨੇ ਬਾਇਡਨ 'ਤੇ ਦੋਸ਼ ਲਗਾਇਆ ਕਿ ਉਹ 2009 ਤੋਂ 2017 ਤੱਕ ਅਮਰੀਕੀ ਰਾਸ਼ਟਰਪਤੀ ਰਹਿੰਦਿਆਂ ਆਪਣੇ ਬੇਟੇ ਹੰਟਰ ਬਾਇਡਨ ਨੂੰ ਵਿਦੇਸ਼ੀ ਕਾਰੋਬਾਰ 'ਚ ਲਾਭ ਪਹੁੰਚਾ ਰਹੇ ਹਨ। ਜੀਨ-ਪੀਅਰੇ ਨੇ ਕਿਹਾ ਕਿ ਰਿਪਬਲਿਕਨਾਂ ਕੋਲ ਮਹਾਦੋਸ਼ ਜਾਂਚ ਨੂੰ ਮਨਜ਼ੂਰੀ ਦੇਣ ਲਈ ਵੋਟ ਲਈ ਸਦਨ ਵਿਚ ਲੋੜੀਂਦਾ ਸਮਰਥਨ ਵੀ ਨਹੀਂ ਹੈ।

## ਅਮਰੀਕਾ 'ਚ ਗੈਰਕਾਨੂੰਨੀ ਲੋਕਾਂ ਨੂੰ ਬੱਚਿਆਂ ਸਣੇ ਕਰਾਂਗਾ ਡਿਪੋਰਟ: ਵਿਵੇਕ ਰਾਮਾਸਵਾਮੀ

ਵਾਸ਼ਿੰਗਟਨ, (ਪੰਜਾਬ ਮੇਲ)- ਵਿਵੇਕ ਰਾਮਾਸਵਾਮੀ ਨੇ ਸੰਯੁਕਤ ਰਾਜ ਅਮਰੀਕਾ 'ਚ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦੀ ਸਹੁੰ ਖਾਧੀ। ਸ਼ੁੱਕਰਵਾਰ ਨੂੰ ਟਾਊਨ ਹਾਲ ਦੇ ਇੱਕ ਸਮਾਗਮ ਵਿਚ ਬੋਲਦਿਆਂ, ਵਿਵੇਕ ਨੇ ਕਿਹਾ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਅਮਰੀਕਾ ਵਿਚ ਪੈਦਾ ਹੋਏ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੇ ਸਾਰੇ ਬੱਚਿਆਂ ਨੂੰ ਡਿਪੋਰਟ ਕਰ ਦੇਣਗੇ। ਵਿਵੇਕ ਨੇ ਪੂਰੀ ਮੁਹਿੰਮ ਦੌਰਾਨ ਖੁੱਲ੍ਹ ਕੇ ਆਪਣੀ ਰੂੜੀਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਲਈ ਉਸ ਦੀ ਪ੍ਰਸ਼ੰਸਾ ਅਤੇ ਆਲੋਚਨਾ ਵੀ ਹੋਈ ਹੈ। ਭਾਵੇਂ ਕਿ ਖੁਦ ਹਾਂ ਪੱਖੀ ਕਾਰਵਾਈ ਦਾ ਲਾਭਪਾਤਰੀ ਹੈ, ਉਹ ਇਸ ਨੂੰ ਨਸਲਵਾਦ ਸਮਝਦਾ ਹੈ ਅਤੇ ਗਰਭਪਾਤ 'ਤੇ ਰਾਜ ਦੀ ਪਾਬੰਦੀ ਦਾ ਸਮਰਥਨ ਕਰਦਾ ਹੈ।

ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ 'ਚ ਅਮਰੀਕੀ ਸੰਵਿਧਾਨ 'ਚ ਸੋਧਾਂ ਸ਼ਾਮਲ ਹੋਣਗੀਆਂ ਕਿਉਂਕਿ 14ਵੀਂ ਸੋਧ ਆਪਣੇ ਆਪ ਯੂ.ਐੱਸ. ਵਿਚ ਪੈਦਾ ਹੋਏ ਕਿਸੇ ਵੀ ਵਿਅਕਤੀ ਨੂੰ ਨਾਗਰਿਕਤਾ ਪ੍ਰਦਾਨ ਕਰਦੀ ਹੈ।

## ਅਮਰੀਕੀ ਰਾਸ਼ਟਰਪਤੀ ਬਣਿਆ ਤਾਂ 75 ਫੀਸਦੀ ਤੋਂ ਵੱਧ ਸਰਕਾਰੀ ਕਰਮਚਾਰੀਆਂ ਨੂੰ ਹਟਾਵਾਂਗਾ : ਰਾਮਾਸਵਾਮੀ

ਵਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ



ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਕਿਹਾ ਹੈ ਕਿ ਜੇਕਰ ਉਹ 2024 ਦੀਆਂ ਚੋਣਾਂ 'ਚ ਸਫਲ ਹੁੰਦੇ ਹਨ ਤਾਂ ਉਹ ਸੰਘੀ ਸਰਕਾਰ ਦੇ 75 ਫੀਸਦੀ ਤੋਂ ਵੱਧ ਮੁਲਾਜ਼ਮਾਂ ਨੂੰ ਬਰਖਾਸਤ ਅਤੇ ਐੱਫ.ਬੀ.ਆਈ. ਵਰਗੀਆਂ ਕਈ ਵੱਡੀਆਂ ਏਜੰਸੀਆਂ ਨੂੰ ਬੰਦ ਕਰ ਦੇਣਗੇ।

ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਚੋਟੀ ਦੇ ਵਿਰੋਧੀ ਫਲੋਰੀਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਵੀ ਇਹੀ ਗੱਲ ਆਖ ਚੁੱਕੇ ਹਨ। ਇਕ ਇੰਟਰਵਿਊ 'ਚ ਰਾਮਾਸਵਾਮੀ ਨੇ ਕਿਹਾ, 'ਉਨ੍ਹਾਂ ਦੇ ਨਿਸ਼ਾਨੇ 'ਤੇ ਸਿੱਖਿਆ ਵਿਭਾਗ, ਐੱਫ.ਬੀ.ਆਈ., ਸ਼ਰਾਬ, ਤੰਬਾਕੂ, ਹਥਿਆਰ ਅਤੇ ਵਿਸਫੋਟਕ, ਪ੍ਰਮਾਣੂ ਰੈਗੂਲੇਟਰੀ ਕਮਿਸ਼ਨ, (ਇੰਟਰਨਲ ਰੈਵੇਨਿਊ ਸਰਵਿਸ) ਆਈ.ਆਰ.ਐੱਸ. ਅਤੇ ਵਣਜ ਵਿਭਾਗ ਹੋਣਗੇ।"

ਰਾਮਾਸਵਾਮੀ ਨੇ ਕਿਹਾ ਕਿ ਇਹ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਅਗਲੇ ਪੰਜ ਸਾਲਾਂ ਵਿਚ 30 ਫੀਸਦੀ ਕਰਮਚਾਰੀ ਸੇਵਾਮੁਕਤੀ ਦੇ ਨੇੜੇ ਹੋਣਗੇ।

ਰਾਮਾਸਵਾਮੀ ਨੇ ਕਿਹਾ ਹੈ ਕਿ ਉਹ ਚਾਰ ਸਾਲਾਂ ਵਿਚ ਆਪਣੇ 2.2 ਮਿਲੀਅਨ ਕਰਮਚਾਰੀਆਂ ਵਿਚੋਂ 75 ਪ੍ਰਤੀਸ਼ਤ ਨੂੰ ਕੱਢਣ ਦਾ ਟੀਚਾ ਰੱਖਦੇ ਹਨ। 23 ਅਗਸਤ ਨੂੰ ਰਿਪਬਲਿਕਨ ਰਾਸ਼ਟਰਪਤੀ ਦੀ ਪ੍ਰਾਇਮਰੀ ਬਹਿਸ ਤੋਂ ਬਾਅਦ ਰਾਮਾਸਵਾਮੀ ਦਾ ਧਿਆਨ ਖਿੱਚਿਆ ਗਿਆ ਹੈ।

ਨਿਊਯਾਰਕ ਟਾਈਮਜ਼ ਮੁਤਾਬਕ ਫੈਡਰਲ ਸਰਕਾਰ 'ਚ ਲਗਭਗ 22 ਲੱਖ 50 ਹਜ਼ਾਰ ਲੋਕ ਨੌਕਰੀ ਕਰਦੇ ਹਨ। ਜੇਕਰ ਇਨ੍ਹਾਂ 'ਚੋਂ 75 ਫੀਸਦੀ ਨੂੰ ਹਟਾ ਦਿੱਤਾ ਜਾਂਦਾ ਹੈ, ਤਾਂ 16 ਲੱਖ ਤੋਂ ਵੱਧ ਲੋਕਾਂ ਦੀਆਂ ਨੌਕਰੀਆਂ ਖਤਮ ਹੋ ਜਾਣਗੀਆਂ ਅਤੇ ਫੈਡਰਲ ਬਜਟ 'ਚ ਅਰਬਾਂ ਡਾਲਰ ਦੀ ਬਚਤ ਹੋਵੇਗੀ ਪਰ ਇਸ ਨਾਲ ਸਰਕਾਰ ਦੇ ਕਈ ਮਹੱਤਵਪੂਰਨ ਕੰਮ ਬੰਦ ਵੀ ਹੋ ਜਾਣਗੇ।

## ਬਾਇਡਨ ਦਾ ਪੁੱਤਰ ਟੈਕਸ ਚੋਰੀ ਤੇ ਹਥਿਆਰ ਸਬੰਧੀ ਅਪਰਾਧ 'ਚ ਦੋਸ਼ੀ ਕਰਾਰ

ਵਾਸ਼ਿੰਗਟਨ, (ਪੰਜਾਬ ਮੇਲ)-ਅਮਰੀਕੀ ਨਿਆਂ ਵਿਭਾਗ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਬੇਟੇ ਹੰਟਰ ਬਾਇਡਨ ਨੂੰ ਸੰਘੀ ਟੈਕਸ ਅਤੇ ਹਥਿਆਰਾਂ ਨਾਲ ਸਬੰਧਤ ਮਾਮਲਿਆਂ ਵਿਚ ਦੋਸ਼ੀ ਪਾਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹੰਟਰ ਬਾਇਡਨ ਨੂੰ ਟੈਕਸ ਤੋਂ ਛੋਟ ਲੈਣ ਅਤੇ ਹਥਿਆਰ ਖਰੀਦਣ ਦੇ 3 ਮਾਮਲਿਆਂ 'ਚ ਦੋਸ਼ੀ ਪਾਇਆ ਗਿਆ ਹੈ। ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਬੱਚੇ 'ਤੇ ਅਪਰਾਧਿਕ ਮੁਕੱਦਮਾ ਚਲਾਇਆ ਗਿਆ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਜੋਅ ਬਾਇਡਨ ਨੇ ਗੈਰ-ਕਾਨੂੰਨੀ ਢੰਗ ਨਾਲ ਬੰਦੂਕ ਰੱਖਣ ਦੀ ਗੱਲ ਕਬੂਲੀ ਹੈ। ਅਜਿਹੇ 'ਚ ਅਮਰੀਕੀ ਰਾਸ਼ਟਰਪਤੀ ਦੇ ਬੇਟੇ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਵ੍ਹਾਈਟ ਹਾਊਸ ਦੇ ਬੁਲਾਰੇ ਇਆਨ ਸੈਮਸ ਨੇ ਕਿਹਾ ਕਿ ਰਾਸ਼ਟਰਪਤੀ ਬਾਇਡਨ ਆਪਣੇ ਬੇਟੇ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿਣਗੇ।

## ਅਮਰੀਕੀ ਕਮਿਸ਼ਨ ਭਾਰਤ 'ਚ ਧਾਰਮਿਕ ਆਜ਼ਾਦੀ ਮਾਮਲੇ 'ਤੇ ਅਗਲੇ ਹਫ਼ਤੇ ਕਰੇਗਾ ਸੁਣਵਾਈ

ਵਾਸ਼ਿੰਗਟਨ, (ਪੰਜਾਬ ਮੇਲ)- ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ.ਐੱਸ.ਸੀ.ਆਈ.ਆਰ.ਐੱਫ.) ਨੇ ਅਗਲੇ ਹਫ਼ਤੇ ਭਾਰਤ ਵਿਚ ਧਾਰਮਿਕ ਆਜ਼ਾਦੀ 'ਤੇ ਸੁਣਵਾਈ ਕਰਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਵਿਚਕਾਰ ਦੋ ਸਫਲ ਦੁਵੱਲੀਆਂ ਮੀਟਿੰਗਾਂ ਤੋਂ ਬਾਅਦ ਯੂ.ਐੱਸ.ਸੀ.ਆਈ.ਆਰ.ਐੱਫ. ਨੇ ਐਲਾਨ ਵਿਚ ਕਿਹਾ ਕਿ ਸੁਣਵਾਈ ਇਸ ਗੱਲ 'ਤੇ ਧਿਆਨ ਕੇਂਦਰਿਤ ਕਰੇਗੀ ਕਿ ਅਮਰੀਕੀ ਸਰਕਾਰ ਧਾਰਮਿਕ ਆਜ਼ਾਦੀ 'ਤੇ ਹਮਲੇ ਦੀਆਂ ਘਟਨਾਵਾਂ ਨੂੰ ਰੋਕਣ ਲਈ ਭਾਰਤ ਸਰਕਾਰ ਨਾਲ ਕਿਵੇਂ ਕੰਮ ਕਰ ਸਕਦੀ ਹੈ। ਯੂ.ਐੱਸ.ਸੀ.ਆਈ.ਆਰ. ਐੱਫ. ਸਲਾਹਕਾਰ ਸੰਸਥਾ ਹੈ, ਜੋ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਨਾਲ ਸਬੰਧਤ ਮਾਮਲਿਆਂ 'ਤੇ ਅਮਰੀਕੀ ਸੰਸਦ ਅਤੇ ਪ੍ਰਸ਼ਾਸਨ ਨੂੰ ਸਲਾਹ ਦਿੰਦੀ ਹੈ।










# ਅੰਤਰਰਾਸ਼ਟਰੀ ਮਨੀ ਲਾਂਡਰਿੰਗ ਅਤੇ ਲੋਕਾਂ ਦੀ ਤਸਕਰੀ ਲਈ ਵੈਸਟ ਲੰਡਨ ਗੈਂਗ ਨੂੰ 70 ਸਾਲ ਤੋਂ ਵੱਧ ਦੀ ਕੈਦ

■ 18 ਲੋਕਾਂ 'ਤੇ ਚਲਾਇਆ ਗਿਆ ਮੁਕੱਦਮਾ; ਜ਼ਿਆਦਾਤਰ ਅਫਗਾਨੀ ਸਿੱਖ



**ਲੰਡਨ, (ਪੰਜਾਬ ਮੇਲ)**- ਅੰਤਰਰਾਸ਼ਟਰੀ ਮਨੀ ਲਾਂਡਰਿੰਗ ਅਤੇ ਲੋਕਾਂ ਦੀ ਤਸਕਰੀ 'ਚ ਸ਼ਾਮਲ ਇਕ ਗਿਰੋਹ ਨੂੰ ਕੁੱਲ ਮਿਲਾ ਕੇ 70 ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅੰਤਰਰਾਸ਼ਟਰੀ ਮਨੀ ਲਾਂਡਰਿੰਗ ਕੇਸ ਵਿਚ ਕ੍ਰੋਇਡਨ ਕ੍ਰਾਊਨ ਕੋਰਟ ਵਿਚ ਦੋ ਮੁਕੱਦਮਿਆਂ ਵਿਚ ਕੁੱਲ ਮਿਲਾ ਕੇ 18 ਲੋਕਾਂ 'ਤੇ ਮੁਕੱਦਮਾ ਚਲਾਇਆ ਗਿਆ, ਜਿਸ ਵਿਚ ਜ਼ਿਆਦਾ ਅਫ਼ਗਾਨੀ ਸਿੱਖ ਹਨ, ਸਮੂਹ ਦੇ ਹੋਰ 15 ਮੈਂਬਰਾਂ ਨੂੰ 9 ਸਾਲ ਅਤੇ 11 ਮਹੀਨਿਆਂ ਦੇ ਵਿਚਕਾਰ ਦੀ ਸਜ਼ਾ ਦਿੱਤੀ ਗਈ।

2017 ਅਤੇ 2019 ਦੇ ਵਿਚਕਾਰ ਦੁਬਈ ਦੀਆਂ ਸੈਂਕੜੇ ਯਾਤਰਾਵਾਂ ਕਰਦੇ ਹੋਏ, ਯੂ.ਕੇ. ਤੋਂ ਲਗਭਗ 70 ਮਿਲੀਅਨ ਪੌਂਡ ਦੀ ਨਕਦੀ ਲਗਭਗ 70 ਕਰੋੜ ਭਾਰਤੀ ਕਰੰਸੀ ਦੀ ਤਸਕਰੀ ਕਰਨ ਵਾਲੇ ਨੈਟਵਰਕ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐੱਨ.ਸੀ.ਏ.) ਦੀ ਜਾਂਚ ਤੋਂ ਬਾਅਦ 16 ਲੋਕਾਂ ਨੂੰ ਸਜ਼ਾ ਸੁਣਾਈ ਗਈ ਹੈ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਕਲਾਸ ਏ ਡਰੱਗਜ਼ ਦੀ ਵਿਕਰੀ ਅਤੇ ਸੰਗਠਿਤ ਇਮੀਗ੍ਰੇਸ਼ਨ ਅਪਰਾਧ ਤੋਂ ਪੈਸਾ ਕਮਾਇਆ ਸੀ।

ਹੰਸਲੋ ਦੇ ਰਹਿਣ ਵਾਲੇ 45 ਸਾਲਾ ਗੈਂਗ ਦੇ ਆਗੂ ਚਰਨ ਸਿੰਘ ਨੂੰ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਸਾਢੇ 12 ਸਾਲ ਲਈ ਜੇਲ੍ਹ ਭੇਜ ਦਿੱਤਾ ਗਿਆ। ਉਸ ਦੇ ਸੈਕਿੰਡ-ਇਨ-ਕਮਾਂਡ ਵਲਜੀਤ ਸਿੰਘ ਨੂੰ 11 ਸਾਲ, ਸਵੰਦਰ ਸਿੰਘ ਢੱਲ ਨੂੰ ਮਨੀ ਲਾਂਡਰਿੰਗ ਲਈ 10 ਸਾਲ ਅਤੇ ਲੋਕਾਂ ਦੀ ਤਸਕਰੀ ਲਈ ਵਾਧੂ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ।

## ਪਾਕਿਸਤਾਨ ਦੇ ਰਾਸ਼ਟਰਪਤੀ ਵੱਲੋਂ ਚੋਣਾਂ 6 ਨਵੰਬਰ ਨੂੰ ਕਰਵਾਉਣ ਦੀ ਤਜਵੀਜ਼ ਪੇਸ਼

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ਼ ਅਲਵੀ ਨੇ ਮੁੱਖ ਚੋਣ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਆਮ ਚੋਣਾਂ 6 ਨਵੰਬਰ ਨੂੰ ਕਰਾਉਣ ਦੀ ਇਕਪਾਸੜ ਤਜਵੀਜ਼ ਪੇਸ਼ ਕੀਤੀ ਹੈ। ਰਾਸ਼ਟਰਪਤੀ ਨੇ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਰਾਜਾ ਨੂੰ ਲਿਖੇ ਪੱਤਰ 'ਚ ਸੰਵਿਧਾਨ ਦੀ ਧਾਰਾ 48(5) ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਸਦ ਭੰਗ ਹੋਣ ਦੀ ਤਰੀਕ ਤੋਂ 90 ਦਿਨਾਂ ਦੇ ਅੰਦਰ ਆਮ ਚੋਣਾਂ ਕਰਵਾਉਣ ਲਈ ਤਰੀਕ ਤੈਅ ਕਰਨ ਵਾਸਤੇ ਰਾਸ਼ਟਰਪਤੀ ਕੋਲ ਤਾਕਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਆਧਾਰ 'ਤੇ 89ਵੇਂ ਦਿਨ ਯਾਨੀ 6 ਨਵੰਬਰ ਨੂੰ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਅਲਵੀ ਨੇ ਚੋਣਾਂ ਆਦਿ ਲਈ ਰਣਨੀਤੀ ਉਲਕਣ ਵਾਸਤੇ ਮੁੱਖ ਚੋਣ ਕਮਿਸ਼ਨਰ ਨੂੰ ਮੀਟਿੰਗ ਦਾ ਸੱਦਾ ਵੀ ਦਿੱਤਾ ਸੀ, ਜਿਸ ਨੂੰ ਉਨ੍ਹਾਂ ਇਹ ਆਖਦਿਆਂ ਨਕਾਰ ਦਿੱਤਾ ਕਿ ਰਾਸ਼ਟਰਪਤੀ ਦਾ ਚੋਣਾਂ ਦੀ ਤਰੀਕ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ।

# ਅਮਰੀਕਾ ਦੇ ਜਾਰਜੀਆ ਰਾਜ ਵਿਚ ਦੱਖਣੀ ਕੋਰੀਆ ਦੀ ਔਰਤ ਦੀ ਮੌਤ ਦੇ ਮਾਮਲੇ ਵਿਚ 6 ਜਣੇ ਗ੍ਰਿਫਤਾਰ

■ ਔਰਤ ਉਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰੱਖਿਆ ਗਿਆ



ਕੋਰੀਆਈ ਔਰਤ ਦੀ ਹੱਤਿਆ ਦੇ ਮਾਮਲੇ 'ਚ ਗ੍ਰਿਫਤਾਰ 5 ਵਿਅਕਤੀ। 6ਵੇਂ ਸ਼ੱਕੀ ਦੋਸ਼ੀ ਦੀ ਤਸਵੀਰ ਤੇ ਨਾਂ, ਨਾਬਾਲਗ ਹੋਣ ਕਾਰਨ ਜਾਰੀ ਨਹੀਂ ਕੀਤੇ ਗਏ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਜਾਰਜੀਆ ਰਾਜ ਵਿਚ ਪੁਲਿਸ ਵੱਲੋਂ ਦੱਖਣੀ ਕੋਰੀਆ ਦੀ ਇਕ ਔਰਤ ਦੀ ਮੌਤ ਦੇ ਮਾਮਲੇ ਵਿਚ 6 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਇਕ ਧਾਰਮਿਕ ਸਮੂਹ "ਸ਼ੋਲਜ਼ਰ ਆਫ ਕਰਾਈਸਟ" ਦੇ ਮੈਂਬਰਾਂ ਵਜੋਂ ਕੀਤੀ ਗਈ ਹੈ। ਪੀੜਤ ਔਰਤ ਦੀ ਉਮਰ ਤਕਰੀਬਨ 30 ਸਾਲ ਹੈ। ਗਵਿਨੈਟ ਕਾਊਂਟੀ ਪੁਲਿਸ ਵਿਭਾਗ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਔਰਤ ਦੀ ਲਾਸ਼ ਅਟਲਾਂਟਾ ਦੇ ਉਤਰ ਵਿਚ ਤਕਰੀਬਨ 25 ਮੀਲ ਦੂਰ ਡੂਲਥ ਸ਼ਹਿਰ ਦੇ ਪ੍ਰਸਿੱਧ ਦੱਖਣੀ ਕੋਰੀਆਈ ਸਪਾ ਜੇਜੂ ਸੌਨਾ ਦੇ ਬਾਹਰ ਖੜ੍ਹੀ ਕਾਰ ਦੇ ਪਿਛਲੇ ਹਿੱਸੇ ਵਿਚੋਂ ਬਰਾਮਦ ਕੀਤੀ ਗਈ। ਪੁਲਿਸ ਅਧਿਕਾਰੀਆਂ ਅਨੁਸਾਰ ਔਰਤ ਉਪਰ ਤਸ਼ੱਦਦ ਕੀਤਾ ਗਿਆ ਤੇ ਭੁੱਖਾ ਰੱਖਿਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਮੈਡੀਕਲ ਜਾਂਚ ਦਫਤਰ ਦਾ ਵਿਸ਼ਵਾਸ ਹੈ ਕਿ ਔਰਤ ਦੀ ਮੌਤ ਕੁਪੋਸ਼ਣ ਕਾਰਨ ਹੋਈ ਹੈ ਪਰੰਤੂ ਮੌਤ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਔਰਤ ਦੱਖਣੀ ਕੋਰੀਆ ਤੋਂ ਇਸ ਸਾਲ ਗਰਮ ਰੁੱਤ ਦੌਰਾਨ ਇਕ ਧਾਰਮਿਕ ਸੰਗਠਨ ਵਿਚ ਸ਼ਾਮਲ ਹੋਣ ਦੇ ਮਕਸਦ ਨਾਲ ਆਈ ਸੀ। ਪੁਲਿਸ ਅਨੁਸਾਰ ਸ਼ੱਕੀ 26 ਸਾਲਾ ਐਰਿਕ ਹਿਊਨ ਨੇ ਆਪਣੀ ਕਾਰ ਪਾਰਕਿੰਗ ਵਿਚ ਖੜ੍ਹੀ ਕੀਤੀ ਸੀ, ਜਿਥੇ ਉਸ ਦੇ ਇਕ ਪਰਿਵਾਰਕ ਮੈਂਬਰ ਨੂੰ ਕਾਰ ਵਿਚ ਲਾਸ਼ ਹੋਣ ਬਾਰੇ ਪਤਾ ਲੱਗਣ 'ਤੇ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਲਾਸ਼ ਬਰਾਮਦ ਕਰਨ ਉਪਰੰਤ ਪੁਲਿਸ ਨੇ ਉਸ ਘਰ ਦੀ ਤਲਾਸ਼ੀ ਲਈ ਜਿਥੇ ਔਰਤ ਨੂੰ ਰੱਖਿਆ ਗਿਆ ਸੀ। ਪੁਲਿਸ ਅਨੁਸਾਰ 'ਸ਼ੋਲਜ਼ਰ ਆਫ ਕਰਾਈਸਟ' ਨੇ ਔਰਤ ਨੂੰ ਕੁੱਟਿਆ ਮਾਰਿਆ ਤੇ ਉਸ ਦੀ ਮੌਤ ਹੋਣ ਤੱਕ ਉਸ ਨੂੰ ਘਰ ਵਿਚ ਬੰਦ ਰੱਖਿਆ। ਹਿਊਨ ਤੋਂ ਇਲਾਵਾ ਸ਼ੱਕੀ ਦੋਸ਼ੀਆਂ ਦੀ ਪਛਾਣ ਗਾਵੋਮ ਲੀ (26), ਜੋਨਹੋ ਲੀ (26), ਹਿਊਨਜੀ ਲੀ (25) ਤੇ ਡੂਨਹਾਉਮ ਲੀ (22) ਵਜੋਂ ਹੋਈ ਹੈ, ਜਦਕਿ ਇਕ ਸ਼ੱਕੀ ਦੀ ਉਮਰ 15 ਸਾਲਾ ਹੈ, ਜਿਸ ਦਾ ਨਾਂ 'ਤੇ ਤਸਵੀਰ ਜਾਰੀ ਨਹੀਂ ਕੀਤੀ ਗਈ। ਪੁਲਿਸ ਅਨੁਸਾਰ ਗ੍ਰਿਫਤਾਰ ਸਾਰੇ ਸ਼ੱਕੀ ਦੋਸ਼ੀਆਂ ਨੂੰ ਹੱਤਿਆ, ਬੰਦੀ ਬਣਾਉਣ, ਸਬੂਤਾਂ ਨਾਲ ਛੇੜਛਾੜ ਕਰਨ ਸਮੇਤ ਹੋਰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

# ਰੂਸ ਵੱਲੋਂ ਭਾਰਤੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਦੀਆਂ ਕੋਸ਼ਿਸ਼ਾਂ

**ਮਾਸਕੋ, (ਪੰਜਾਬ ਮੇਲ)**- ਰੂਸ ਭਾਰਤੀ ਸੈਲਾਨੀਆਂ ਨੂੰ ਆਪਣੇ ਇਤਿਹਾਸਕ, ਰਾਜਨੀਤਿਕ ਅਤੇ ਅਧਿਆਤਮਕ ਸ਼ਹਿਰ ਮਾਸਕੋ ਦੀ ਯਾਤਰਾ ਲਈ ਲੁਭਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਾਸਕੋ ਸ਼ਹਿਰ ਦੀ ਸੈਰ-ਸਪਾਟਾ ਕਮੇਟੀ ਸ਼ਹਿਰ ਨੂੰ ਨਾ ਸਿਰਫ਼ ਇਕ ਸੱਭਿਆਚਾਰਕ ਰਾਜਧਾਨੀ ਵਜੋਂ, ਸਗੋਂ ਇੱਕ ਵਪਾਰਕ ਕੇਂਦਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਵਪਾਰਕ ਭਾਈਵਾਲਾਂ, ਸੈਲਾਨੀਆਂ ਅਤੇ ਛੁੱਟੀਆਂ ਮਨਾਉਣ ਵਾਲਿਆਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਮਾਸਕੋ ਨੇ ਮਿੱਤਰ ਦੇਸ਼ਾਂ ਦੇ ਸੈਰ-ਸਪਾਟਾ ਖੇਤਰਾਂ ਦੇ ਨਾਲ ਸਹਿਯੋਗ ਨੂੰ ਵੀ ਮਜ਼ਬੂਤ ਕੀਤਾ ਹੈ। ਇਸ ਤੋਂ ਇਲਾਵਾ, ਸ਼ਹਿਰ ਦੀ ਸੈਰ-ਸਪਾਟਾ ਸਮਰੱਥਾ ਨੂੰ ਦਰਸਾਉਣ ਲਈ ਵਪਾਰਕ ਯਾਤਰਾਵਾਂ ਦਾ ਪ੍ਰਬੰਧ ਕੀਤਾ ਹੈ। ਕਮੇਟੀ ਦੇ ਅੰਤਰਰਾਸ਼ਟਰੀ ਸਹਿਯੋਗ ਵਿਭਾਗ ਦੇ ਮੁਖੀ ਬੁਲਟ ਨੂਰਮੁਖਾਨੋਵ ਨੇ ਕਿਹਾ, "ਅਸੀਂ ਅਜੇ ਵੀ ਮਾਸਕੋ ਲਈ ਭਾਰਤੀ ਸੈਲਾਨੀਆਂ ਦੀ ਆਵਾਜਾਈ ਨੂੰ ਉਸ ਪੱਧਰ 'ਤੇ ਬਹਾਲ ਕਰਨ ਦੇ ਰਾਹ 'ਤੇ ਹਾਂ, ਜਿਸ ਪੱਧਰ 'ਤੇ ਇਹ ਗਲੋਬਲ ਮਹਾਂਮਾਰੀ ਤੋਂ ਪਹਿਲਾਂ ਸੀ।' ਉਨ੍ਹਾਂ ਕਿਹਾ ਕਿ ਕੋਵਿਡ ਮਹਾਮਾਰੀ ਤੋਂ ਪਹਿਲਾਂ ਸਾਲਾਨਾ ਆਧਾਰ 'ਤੇ 12-15 ਫ਼ੀਸਦੀ ਦਾ ਲਗਾਤਾਰ ਵਾਧਾ ਹੋ ਰਿਹਾ ਸੀ। ਸਾਲ ਦੀ ਪਹਿਲੀ ਛਮਾਹੀ ਵਿਚ ਲਗਭਗ 20,000 ਭਾਰਤੀ ਮਾਸਕੋ ਆਏ ਸਨ।

ਇਹ ਅੰਕੜਾ ਇਕ ਸਾਲ ਪਹਿਲਾਂ ਦੀ ਇਸੇ ਮਿਆਦ ਦੇ ਮੁਕਾਬਲੇ ਲਗਭਗ 56 ਫ਼ੀਸਦੀ ਜ਼ਿਆਦਾ ਹੈ। ਸਾਲ 2022 ਵਿਚ ਮਾਸਕੋ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 2021 ਦੇ ਮੁਕਾਬਲੇ 6.3 ਫ਼ੀਸਦੀ ਵਧ ਕੇ ਕੁੱਲ 17 ਲੱਖ ਹੋ ਗਈ ਸੀ। ਬੁਲਟ ਨੇ ਕਿਹਾ ਕਿ ਈ-ਵੀਜ਼ਾ ਸੇਵਾ ਸ਼ੁਰੂ ਕਰਨ ਤੋਂ ਬਾਅਦ ਹੁਣ ਰੂਸੀ ਸਰਕਾਰ ਇੱਕ ਵਰਚੁਅਲ 'ਵਿਦੇਸ਼ੀ ਟੂਰਿਸਟ ਕਾਰਡ' ਪੇਸ਼ ਕਰਨ ਦੀ ਵੀ ਯੋਜਨਾ ਬਣਾ ਰਹੀ ਹੈ, ਜੋ ਵੱਖ-ਵੱਖ ਸੇਵਾਵਾਂ ਲਈ ਨਕਦ ਰਹਿਤ ਭੁਗਤਾਨ ਨੂੰ ਸਮਰੱਥ ਕਰੇਗਾ।

# ਪਾਕਿਸਤਾਨ ਨੇ ਇਸ ਸਾਲ ਦੀ ਸ਼ੁਰੂਆਤ 'ਚ ਅਮਰੀਕਾ ਨੂੰ ਗੁਪਤ ਰੂਪ 'ਚ ਵੇਚੇ ਹਥਿਆਰ!

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਨੇ ਇਸ ਸਾਲ ਦੇ ਸ਼ੁਰੂ 'ਚ ਗੁਪਤ ਰੂਪ 'ਚ ਅਮਰੀਕਾ ਨੂੰ ਹਥਿਆਰ ਵੇਚੇ। ਯੂਕਰੇਨੀ ਫ਼ੌਜ ਨੂੰ ਸਪਲਾਈ ਕਰਨ ਦੇ ਮਕਸਦ ਨਾਲ ਹਥਿਆਰਾਂ ਦੀ ਵਿਕਰੀ ਕੀਤੀ ਗਈ ਹੈ। ਅਮਰੀਕਾ ਤੇ ਪਾਕਿਸਤਾਨ ਦੇ ਅੰਦਰੂਨੀ ਸਰਕਾਰੀ ਦਸਤਾਵੇਜ਼ ਤੋਂ ਪੁਸ਼ਟੀ ਦੇ ਨਾਲ ਹੀ ਮਾਮਲੇ ਤੋਂ ਜਾਣੂ ਦੋ ਸੂਤਰਾਂ ਅਨੁਸਾਰ ਵਿਕਰੀ ਨਾਲ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਤੋਂ ਬੇਲਆਊਟ ਲੈਣ 'ਚ ਸਹਾਇਤਾ ਮਿਲੀ।

ਯੁੱਧ ਲਈ ਜ਼ਰੂਰੀ ਬੁਨਿਆਦੀ ਹਥਿਆਰਾਂ ਦੇ ਉਤਪਾਦਨ ਕੇਂਦਰ ਦੇ ਰੂਪ 'ਚ ਜਾਣਿਆ ਜਾਂਦਾ ਪਾਕਿਸਤਾਨ ਅਮਰੀਕੀ ਦਬਾਅ 'ਚ ਸੰਘਰਸ਼ 'ਚ ਸ਼ਾਮਲ ਹੋਇਆ। ਅਮਰੀਕਾ ਦੀ ਗ਼ੈਰ-ਲਾਭਕਾਰੀ ਖ਼ਬਰ ਜਥੇਬੰਦੀ ਇੰਟਰਸੈਪਟ ਅਨੁਸਾਰ ਇਹ ਖ਼ੁਲਾਸਾ ਹੋਣ ਨਾਲ ਵਿੱਤੀ ਅਤੇ ਸਿਆਸੀ ਕੱਦਾਵਰਾਂ ਵੱਲੋਂ ਪਰਦੇ ਦੇ ਪਿੱਛੇ ਚੱਲੀਆਂ ਗਈਆਂ ਉਨ੍ਹਾਂ ਚਾਲਾਂ ਦਾ ਪਤਾ ਲੱਗਦਾ ਹੈ, ਜੋ ਆਮ ਤੌਰ 'ਤੇ ਇਸ ਦੀ ਕੀਮਤ ਚੁਕਾਉਣ ਵਾਲੀ ਜਨਤਾ ਦੇ ਸਾਹਮਣੇ ਨਹੀਂ ਆਉਂਦੀਆਂ। ਆਈ.ਐੱਮ.ਐੱਫ. ਦੇ ਹਾਲੀਆ ਬੇਲਆਊਟ ਦੀਆਂ ਸ਼ਰਤਾਂ ਦੇ ਰੂਪ 'ਚ ਰੱਖੀਆਂ ਗਈਆਂ ਮੰਗਾਂ ਅਨੁਸਾਰ ਹੋਏ ਕਠੋਰ ਸੰਰਚਨਾਤਮਕ ਨੀਤੀਗਤ ਸੁਧਾਰਾਂ ਨੂੰ ਲੈ ਕੇ ਪਾਕਿਸਤਾਨ ਨੂੰ ਆਪਣੇ ਘਰ 'ਚ ਵਿਆਪਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਫਾ 1 ਦਾ ਬਾਕੀ

## ਹਰਦੀਪ ਸਿੰਘ ਨਿੱਝਰ ...

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦੇ ਹੱਥ ਬਾਰੇ ਦਾਅਵਾ ਕਰਨ ਮਗਰੋਂ ਦੁਨੀਆਂ ਭਰ ਵਿਚ ਹਲਚਲ ਮੱਚ ਗਈ ਹੈ। ਉਧਰ, ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਨੂੰ ਸਖ਼ਤ ਜਵਾਬ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਦੇ ਦੋਸ਼ਾਂ ਨੂੰ ਬੇਤੁਕਾ ਤੇ ਪ੍ਰੇਰਿਤ ਕਰਾਰ ਦਿੱਤਾ ਹੈ। ਭਾਰਤ ਨੇ ਕਿਹਾ ਹੈ ਕਿ ਅਜਿਹੇ ਦੋਸ਼ ਸਿਰਫ ਉਨ੍ਹਾਂ ਖਾਲਿਸਤਾਨੀ ਅੱਤਵਾਦੀਆਂ ਤੇ ਕੱਟੜਪੰਥੀਆਂ ਤੋਂ ਧਿਆਨ ਹਟਾਉਣ ਲਈ ਹਨ, ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਕੈਨੇਡਾ ਵਿਚ ਸ਼ਰਨ ਦਿੱਤੀ ਗਈ ਹੈ ਤੇ ਜੋ ਭਾਰਤ ਦੀ ਖੇਤਰੀ ਏਕਤਾ ਤੇ ਅਖੰਡਤਾ ਲਈ ਲਗਾਤਾਰ ਖਤਰਾ ਬਣੇ ਹੋਏ ਹਨ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਸ ਬਿਆਨ ਦਾ ਸਿੱਧਾ ਖੰਡਨ ਕੀਤਾ ਗਿਆ ਹੈ, ਜਿਸ ਵਿਚ ਟਰੂਡੋ ਨੇ ਸੰਸਦ ਵਿਚ ਬੋਲਦਿਆਂ ਨਿੱਝਰ ਦੇ ਕਤਲ ਨੂੰ ਭਾਰਤ ਨਾਲ ਜੋੜਿਆ ਸੀ। ਇਸ ਤੋਂ ਇਲਾਵਾ ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਦੇ ਬਿਆਨ ਦੀ ਵੀ ਆਲੋਚਨਾ ਕੀਤੀ ਗਈ ਹੈ।

# ਕੈਨੇਡਾ ਨੇ 52 ਲੱਖ ਵੀਜ਼ੇ ਜਾਰੀ ਕਰਕੇ ਨਵਾਂ ਮੀਲ ਪੱਥਰ ਕਾਇਮ ਕੀਤਾ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਨੇ 52 ਲੱਖ ਅਰਜ਼ੀਆਂ ਦਾ ਨਿਪਟਾਰਾ ਕਰਦਿਆਂ ਨਵਾਂ ਮੀਲ ਪੱਥਰ ਕਾਇਮ ਹੈ ਅਤੇ ਬੈਕਲਾਗ ਘਟਾਉਣ ਵਿਚ ਵੀ ਸਫ਼ਲਤਾ ਹਾਸਲ ਕੀਤੀ ਹੈ। 31 ਜੁਲਾਈ ਤੱਕ ਇੰਮੀਗ੍ਰੇਸ਼ਨ ਵਿਭਾਗ ਕੋਲ 22,74,600 ਅਰਜ਼ੀਆਂ ਵਿਚਾਰ ਅਧੀਨ ਸਨ, ਜਿਨ੍ਹਾਂ ਵਿਚੋਂ 8 ਲੱਖ ਨੂੰ ਬੈਕਲਾਗ ਮੰਨਿਆ ਜਾ ਰਿਹਾ ਹੈ। ਕੁੱਲ ਅਰਜ਼ੀਆਂ ਵਿਚੋਂ ਪਰਮਾਨੈਂਟ ਰੈਜ਼ੀਡੈਂਸ ਦੀਆਂ 6 ਲੱਖ 31 ਹਜ਼ਾਰ, ਸਿਟੀਜ਼ਨਸ਼ਿਪ ਦੀਆਂ 2 ਲੱਖ 97 ਹਜ਼ਾਰ ਅਤੇ ਟੈਂਪਰੇਰੀ ਰੈਜ਼ੀਡੈਂਸ ਦੀਆਂ 9 ਲੱਖ ਅਰਜ਼ੀਆਂ ਦੱਸੀਆਂ ਜਾ ਰਹੀਆਂ ਹਨ। ਪਰਮਾਨੈਂਟ ਰੈਜ਼ੀਡੈਂਸ ਵਾਲੀਆਂ ਅਰਜ਼ੀਆਂ ਵਿਚੋਂ 2 ਲੱਖ 90 ਹਜ਼ਾਰ ਬੈਕਲਾਗ ਵਾਲੇ ਖਾਤੇ ਵਿਚ ਹਨ, ਜਦਕਿ ਸਿਟੀਜ਼ਨਸ਼ਿਪ ਵਾਲੀਆਂ ਅਰਜ਼ੀਆਂ ਵਿਚੋਂ 68 ਹਜ਼ਾਰ ਬੈਕਲਾਗ ਵਿਚ ਮੰਨੀ ਜਾ ਰਹੀਆਂ ਹਨ। ਇੰਮੀਗ੍ਰੇਸ਼ਨ ਵਿਭਾਗ ਕੋਲ ਪੁੱਜੀਆਂ ਉਨ੍ਹਾਂ ਅਰਜ਼ੀਆਂ ਨੂੰ ਬੈਕਲਾਗ ਵਿਚ ਮੰਨਿਆ ਜਾਂਦਾ ਹੈ, ਜਿਨ੍ਹਾਂ ਦੀ ਪ੍ਰੋਸੈਸਿੰਗ ਤੈਅਸ਼ੁਦਾ ਹੱਦ ਅੰਦਰ ਸੰਭਵ ਨਹੀਂ ਹੁੰਦੀ। ਐਕਸਪ੍ਰੈੱਸ ਐਂਟਰੀ ਅਧੀਨ ਅਰਜ਼ੀਆਂ ਦੇ ਨਿਪਟਾਰੇ ਲਈ ਛੇ ਮਹੀਨੇ ਦੀ ਸਮਾਂ ਹੱਦ ਰੱਖੀ ਗਈ ਹੈ, ਜਦਕਿ ਸਟੱਡੀ ਵੀਜ਼ਾ ਅਰਜ਼ੀਆਂ 60 ਦਿਨ ਦੇ ਅੰਦਰ ਨਿਪਟਾਈਆਂ ਜਾਣੀਆਂ ਲਾਜ਼ਮੀ ਹਨ।



# ਟਰੂਡੋ ਵਲੋਂ ਭਾਰਤ 'ਤੇ ਲਾਏ ਹਰਦੀਪ ਸਿੰਘ ਨਿੱਜਰ ਕਤਲ ਦੇ ਦੋਸ਼ ਕਿੰਨੇ ਕੁ ਸਹੀ ?

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਜਦ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਜਸਟਿਨ ਟਰੂਡੋ ਲਿਬਰਲ ਸਰਕਾਰ ਸੱਤਾ ਵਿਚ ਆਈ ਹੈ, ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਬਹੁਤ ਫਿੱਕੇ ਪੈ ਚੁੱਕੇ ਹਨ ਤੇ ਖ਼ਾਸ ਨਹੀਂ ਰਹੇ। ਖ਼ਾਲਿਸਤਾਨੀ ਸਮਰਥਕਾਂ ਦੀ ਮਦਦ ਕਰਨ ਦੇ ਚੱਲਦਿਆਂ ਭਾਰਤ ਅਤੇ ਕੈਨੇਡਾ ਵਿਚਕਾਰ ਰਿਸ਼ਤਿਆਂ 'ਚ ਤਲਖ਼ੀ ਸਿਖਰ ਤੋਂ ਵੀ ਕਿਤੇ ਉਪਰ ਜਾ ਚੁੱਕੀ ਹੈ। ਉੱਥੇ ਹੀ ਹੁਣ ਖ਼ਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਜਰ ਨੂੰ ਲੈ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਵੱਡਾ ਬਿਆਨ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਖ਼ਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਜਰ ਦੇ ਕਤਲ ਪਿੱਛੇ ਭਾਰਤ ਦਾ ਕੁਨੈਕਸ਼ਨ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਭਾਰਤ ਸਰਕਾਰ ਅਤੇ ਖ਼ਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਜਾਂਚ ਦੇ ਕੁਨੈਕਸ਼ਨ ਦੀ ਜਾਂਚ ਕਰਨ 'ਚ ਜੁੱਟੀਆਂ ਹਨ।

ਜਿਸ ਕਰਕੇ ਬਲਦੀ 'ਤੇ ਹੋਰ ਤੇਲ ਪੈ ਚੁੱਕਾ ਹੈ ਤੇ ਭਾਰਤ ਅਤੇ ਕੈਨੇਡਾ ਦਰਮਿਆਨ ਵਧਦਾ ਤਣਾਅ ਚਿੰਤਾ ਦਾ ਹੋਰ ਵੀ ਵੱਡਾ ਕਾਰਨ ਬਣ ਗਿਆ ਹੈ, ਮੁੱਖ ਤੌਰ 'ਤੇ ਕੈਨੇਡਾ ਦੀ ਧਰਤੀ 'ਤੇ ਖਾਲਿਸਤਾਨੀ ਸਮਰਥਕਾਂ ਨੂੰ ਮਿਲ ਰਹੀ ਹਮਾਇਤ ਕਾਰਨ। ਇੱਕ ਤਾਜ਼ਾ ਘਟਨਾਕ੍ਰਮ ਜਿਸ ਨੇ ਕੌਮ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਲਹਿਰ ਨਾਲ ਜੁੜੀ ਹਸਤੀ ਹਰਦੀਪ ਸਿੰਘ ਨਿੱਝਰ ਬਾਰੇ ਬਹੁਤ ਮਹੱਤਵਪੂਰਨ ਬਿਆਨ ਦਿੱਤਾ ਹੈ। ਇਸ ਘੋਸ਼ਣਾ ਨੇ ਵਿਆਪਕ ਚਰਚਾ ਛੇੜ ਦਿੱਤੀ ਹੈ ਅਤੇ ਅੱਤਵਾਦ 'ਤੇ ਸਰਕਾਰ ਦੇ ਰੁਖ ਅਤੇ ਰਾਸ਼ਟਰੀ ਸੁਰੱਖਿਆ ਪ੍ਰਤੀ ਇਸ ਦੀ ਵਚਨਬੱਧਤਾ 'ਤੇ ਢੁੱਕਵੇਂ ਸਵਾਲ ਖੜ੍ਹੇ ਕੀਤੇ ਹਨ। ਟਰੂਡੋ ਦੀਆਂ ਟਿੱਪਣੀਆਂ ਨੇ ਬਿਨਾਂ ਸ਼ੱਕ ਰਾਜਨੀਤਿਕ ਲੈਂਡਸਕੇਪ 'ਤੇ ਇੱਕ ਅਮਿੱਟ ਛਾਪ ਛੱਡੀ ਹੈ, ਜਿਸ ਨਾਲ ਉਸਦੇ ਸ਼ਬਦਾਂ ਦੇ ਪ੍ਰਭਾਵਾਂ ਅਤੇ ਸੰਭਾਵੀ ਨਤੀਜਿਆਂ ਦੀ ਡੂੰਘੀ ਜਾਂਚ ਦੀ ਮੰਗ ਕਰਦੀ ਹੈ ।

ਜਿਸ ਨੇ ਮਹੱਤਵਪੂਰਨ ਬਹਿਸ ਅਤੇ ਵਿਵਾਦ ਛੇੜ ਦਿੱਤਾ ਹੈ। ਟਰੂਡੋ ਨੇ ਭਾਰਤ ਅਤੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚਕਾਰ ਸੰਭਾਵੀ ਸਬੰਧ ਹੋਣ ਦਾ ਸੰਕੇਤ ਦਿੱਤਾ। ਇਸ ਟਿੱਪਣੀ ਨੇ ਭਰਵੱਟੇ ਉਠਾਏ ਹਨ ਅਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਦੀ ਹੋਰ ਜਾਂਚ ਲਈ ਪ੍ਰੇਰਿਤ ਕੀਤਾ ਹੈ। ਭਾਰਤ 'ਚ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ 'ਤੇ ਕੈਨੇਡੀਅਨ ਸਰਕਾਰ ਦੇ ਰੁਖ ਸਮੇਤ ਵੱਖ-ਵੱਖ ਮੁੱਦਿਆਂ ਕਾਰਨ ਤਣਾਅ ਹੋਰ ਵਧਦਾ ਜਾ ਰਿਹਾ ਹੈ। ਭਾਰਤ ਅਤੇ ਨਿੱਝਰ ਦੇ ਕਤਲ ਦੇ ਵਿਚਕਾਰ ਸਬੰਧ ਹੋਣ ਦੀ ਸੰਭਾਵਨਾ ਨੂੰ ਵਧਾ ਕੇ, ਟਰੂਡੋ ਨੇ ਪਹਿਲਾਂ ਹੀ ਗਰਮ ਸਥਿਤੀ ਵਿਚ ਤੇਲ ਪਾਇਆ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਟਰੂਡੋ ਦੇ ਬਿਆਨ ਸਿਰਫ਼ ਹਰਫਾਂ ਦੀ ਪੁਸ਼ਟੀ ਕਰਦਾ ਹੈ ਪਰ ਉਸ ਕੋਲ ਕੋਈ ਠੋਸ ਸਬੂਤ ਨਹੀਂ ਹੈ, ਜੋ ਹੋ ਸਕਦਾ ਹੈ, ਹਵਾ ਵਿਚ ਛੱਡਿਆ ਤੀਰ ਹੀ ਹੋਵੇ, ਜਿਸ ਦਾ ਆ ਰਹੇ ਸਮੇਂ ਦੀ ਜਾਂਚ ਆਪਣਾ ਵਜੂਦ ਹੀ ਗਵਾ ਬੈਠੇ, ਜੋ ਇਸ ਸਮੇਂ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਦੁਆਰਾ ਜਾਂਚ ਅਧੀਨ ਹਨ, ਜਿਸ ਵਿਚੋਂ ਕੁਝ ਵੀ ਨਾ ਨਿਕਲੇ।

ਪਰ ਕੁਝ ਲੋਕਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਟਰੂਡੋ ਨੇ ਇਹ ਇਲਜ਼ਾਮ ਲੋਕਾਂ ਨੂੰ ਭਟਕਾਉਣ ਲਈ ਦਿੱਤਾ ਹੈ, ਕਿਉਂਕਿ ਉਸ ਦੀ ਡਿੱਗ ਰਹੀ ਸਰਕਾਰ ਤੇ ਉਸ ਦੀ ਲੋਕਪ੍ਰਿਅਤਾ ਤੇ ਆਪਣੀਆਂ ਕਮਜ਼ੋਰੀਆਂ ਨੂੰ ਛਪਾਉਣ ਲਈ ਤੇ ਦੂਸਰੇ ਪਾਸੇ ਖਾਲਿਸਤਾਨੀ ਸਮਰਥੱਕਾਂ ਦੀਆਂ ਵੋਟਾਂ ਬਟੋਰਨ ਲਈ ਉਨ੍ਹਾਂ ਨੂੰ ਖੁਸ਼ ਕਰਨ ਲਈ ਇਹ ਬਿਆਨ ਦਿੱਤਾ ਹੈ। ਕਿਉਂਕਿ ਪਿਛਲੇਂ ਕੁਝ ਸਮੇਂ ਤੋਂ ਕੈਨੇਡਾ ਦੇ ਲੋਕ ਟਰੂਡੋ ਦੇ ਕੰਮ ਤੋਂ ਖੁਸ਼ ਨਹੀਂ ਹਨ ਤੇ ਉਹ ਹਰ ਇਕ ਕੈਨੇਡੀਅਨ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਸਰਵੇ ਵਿਚ ਬਹੁਤ ਬੁਰੀ ਤਰ੍ਹਾਂ ਆ ਰਹੀਆਂ ਚੋਣਾਂ ਵਿਚ ਹਾਰ ਰਿਹਾ ਹੈ।

ਦੂਸਰੇ ਪਾਸੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਜੋ ਪ੍ਰਧਾਨ ਮੰਤਰੀ ਟਰੂਡੋ ਨੇ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਨੂੰ ਸੰਬੋਧਿਤ ਕਰਦੇ ਹੋਏ, ਬਹੁਤ ਹੀ ਮਹੱਤਵਪੂਰਨ ਮੁੱਦੇ 'ਤੇ ਚਾਨਣਾ ਪਾਇਆ ਹੈ। ਯਕੀਨ ਅਤੇ ਦ੍ਰਿੜ੍ਹ ਇਰਾਦੇ ਨਾਲ, ਉਸਨੇ 18 ਜੂਨ ਨੂੰ ਸਰੀ, ਬੀ.ਸੀ. ਵਿਚ ਇੱਕ ਸਿੱਖ ਗੁਰਦੁਆਰੇ ਦੇ ਬਾਹਰ ਨਿੱਝਰ ਦੀ ਦਰਦਨਾਕ ਗੋਲੀਬਾਰੀ ਨਾਲ ਹੋਈ ਮੌਤ ਨਾਲ ਭਾਰਤ ਸਰਕਾਰ ਨੂੰ ਜੋੜਨ ਵਾਲੇ ਭਰੋਸੇਯੋਗ ਦੋਸ਼ਾਂ ਦੀ ਮੌਜੂਦਗੀ ਦਾ ਖੁਲਾਸਾ ਕੀਤਾ। ਜਿਸ ਨਾਲ ਗੰਭੀਰ ਚਿੰਤਾਵਾਂ ਪੈਦਾ ਹੋਈਆਂ ਹਨ। ਘਰੇਲੂ ਘਟਨਾ ਵਿਚ ਵਿਦੇਸ਼ੀ ਸਰਕਾਰ ਦੀ ਸੰਭਾਵੀ ਸ਼ਮੂਲੀਅਤ। ਪ੍ਰਧਾਨ ਮੰਤਰੀ ਦਾ ਬਿਆਨ ਇਸ ਜਾਂਚ ਵਿਚ ਇੱਕ ਮਹੱਤਵਪੂਰਨ ਮੋੜ ਦੀ ਨਿਸ਼ਾਨਦੇਹੀ ਕਰਦਾ ਹੈ, ਕਿਉਂਕਿ ਇਹ ਇੱਕ ਅਜਿਹਾ ਮਾਮਲਾ ਸਾਹਮਣੇ ਲਿਆਉਂਦਾ ਹੈ, ਜੋ ਤੁਰੰਤ ਧਿਆਨ ਦੇਣ ਅਤੇ ਪੂਰੀ ਜਾਂਚ ਦੀ ਮੰਗ ਕਰਦਾ ਹੈ। ਇਨ੍ਹਾਂ ਦੋਸ਼ਾਂ ਦੀ ਗੰਭੀਰਤਾ ਨੂੰ ਘੱਟ ਨਹੀਂ ਕੀਤਾ ਜਾ ਸਕਦਾ ਅਤੇ ਇਹ ਜ਼ਰੂਰੀ ਹੈ ਕਿ ਇਸ ਡੂੰਘੀ ਚਿੰਤਾਜਨਕ ਘਟਨਾ ਦੇ ਪਿੱਛੇ ਦੀ ਸੱਚਾਈ ਦਾ ਪਰਦਾਫਾਸ਼ ਕਰਨ ਲਈ ਇੱਕ ਵਿਆਪਕ ਅਤੇ ਨਿਰਪੱਖ ਜਾਂਚ ਕਰਵਾਈ ਜਾਵੇ। ਕੈਨੇਡੀਅਨ ਜਨਤਾ ਇੱਕ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਕਿਰਿਆ ਤੋਂ ਘੱਟ ਕਿਸੇ ਵੀ ਚੀਜ਼ ਦੀ ਹੱਕਦਾਰ ਨਹੀਂ ਹੈ, ਜੋ ਭਾਰਤ ਸਰਕਾਰ ਦੀ ਕਥਿਤ ਸ਼ਮੂਲੀਅਤ 'ਤੇ ਰੌਸ਼ਨੀ ਪਾਵੇਗੀ।

ਇਸ ਮੁੱਦੇ ਨੂੰ ਸਿਰੇ ਤੋਂ ਹੱਲ ਕਰਨ ਲਈ ਪ੍ਰਧਾਨ ਮੰਤਰੀ ਦਾ ਸਾਹਸੀ ਫੈਸਲਾ ਪਾਰਦਰਸ਼ਤਾ ਅਤੇ ਜਵਾਬਦੇਹੀ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇਹ ਕੈਨੇਡੀਅਨਾਂ ਦੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਇਨ੍ਹਾਂ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਦਾ ਸਮਰਥਨ ਕਰੀਏ ਅਤੇ ਮੰਗ ਕਰੀਏ। ਸਿਰਫ਼ ਸਬੂਤਾਂ ਦੀ ਇੱਕ ਨਿਰਪੱਖ ਜਾਂਚ ਦੁਆਰਾ ਹੀ ਅਸੀਂ ਸੱਚਾਈ ਦਾ ਪਰਦਾਫਾਸ਼ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਉਮੀਦ ਕਰ ਸਕਦੇ ਹਾਂ ਕਿ ਜ਼ਿੰਮੇਵਾਰ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਠਹਿਰਾਇਆ ਜਾਂਦਾ ਹੈ।

ਇਸ ਚੱਲ ਰਹੇ ਤਾਨਾਸ਼ਾਹੀ ਤਰਕਾਰਾਂ ਹੇਠ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਐਲਾਨ ਕੀਤਾ ਕਿ ਕੈਨੇਡਾ ਵੱਲੋਂ ਭਾਰਤ ਦੇ ਰਾਜਦੂਤ ਨੂੰ ਵੀ ਕੱਢ ਦਿੱਤਾ ਗਿਆ ਹੈ। ਉਨ੍ਹਾਂ ਉਸ ਰਾਜਦੂਤ ਦਾ ਨਾਂ ਨਹੀਂ ਲਿਆ ਪਰ ਇਹ ਜ਼ਰੂਰ ਆਖਿਆ ਕਿ ਉਹ ਸ਼ਖਸ ਭਾਰਤ ਦੀ ਵਿਦੇਸ਼ੀ ਖੁਫੀਆ ਏਜੰਸੀ ਦੇ ਰਿਸਰਚ ਅਤੇ ਐਨਲਾਇਸਿਜ਼ ਵਿੰਗ ਦਾ ਕੈਨੇਡਾ ਵਿਚ ਹੈੱਡ ਸੀ।

ਇਸ ਦੇ ਨਾਲ ਹੀ ਕੈਨੇਡਾ ਦੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਵਿਚ ਹੋਈ ਹੱਤਿਆ ਦੇ ਸਬੰਧ ਵਿਚ ਕੈਨੇਡਾ ਵੱਲੋਂ ਇੱਕ "ਸਿਖਰ ਭਾਰਤੀ ਡਿਪਲੋਮੈਟ" ਨੂੰ ਕੱਢਣ ਤੋਂ ਬਾਅਦ ਭਾਰਤ ਨੇ ਵੀ ਮੰਗਲਵਾਰ ਨੂੰ ਨਵੀਂ ਦਿੱਲੀ ਵਿਚ ਇੱਕ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਅਗਲੇ ਪੰਜ ਦਿਨਾਂ ਵਿਚ ਦੇਸ਼ ਛੱਡਣ ਦਾ ਆਦੇਸ਼ ਦੇ ਦਿੱਤਾ ਹੈ।

ਜਦੋਂ ਕਿ ਭਾਰਤ ਨੇ ਇੱਕ ਸੁਤੰਤਰ ਖਾਲਿਸਤਾਨੀ ਰਾਜ ਵਿਚ ਸਿੱਖ ਹੋਮਲੈਂਡ ਦੇ ਸਮਰਥਕ ਨਿੱਝਰ ਨੂੰ ਇੱਕ ਅੱਤਵਾਦੀ ਵਜੋਂ ਲੇਬਲ ਕੀਤਾ ਹੈ, ਅਜਿਹੀ ਕਾਰਵਾਈ ਦੇ ਪਿੱਛੇ ਜਾਇਜ਼ਤਾ 'ਤੇ ਸਵਾਲ ਉਠਾਉਣਾ ਮਹੱਤਵਪੂਰਨ ਹੈ, ਖਾਸ ਤੌਰ 'ਤੇ ਜਦੋਂ ਇਸ ਵਿਚ ਇੱਕ ਸਾਥੀ ਜਮਹੂਰੀ ਰਾਸ਼ਟਰ ਸ਼ਾਮਲ ਹੁੰਦਾ ਹੈ।

ਪਿਛਲੇ ਹਫਤੇ ਟਰੂਡੋ ਨੇ ਭਾਰਤ ਵਿਚ ਜੀ-20 ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿੱਜੀ ਤੌਰ 'ਤੇ ਅਤੇ ਸਿੱਧੇ ਤੌਰ 'ਤੇ ਆਪਣਾ ਸੰਦੇਸ਼ ਪਹੁੰਚਾਇਆ ਸੀ।

ਦੂਸਰੇ ਪਾਸੇ ਨਵੀਂ ਦਿੱਲੀ ਨੇ ਓਟਾਵਾ ਨੂੰ ਕੈਨੇਡਾ ਵਿਚ ਭਾਰਤ ਵਿਰੋਧੀ ਤੱਤਾਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ। "ਕੈਨੇਡਾ ਵਿਚ ਹਿੰਸਾ ਦੇ ਕਿਸੇ ਵੀ ਕੰਮ ਵਿਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ ਬੇਤੁਕੇ ਅਤੇ ਪ੍ਰੇਰਿਤ ਹਨ", ਇਸ ਵਿਚ ਕਿਹਾ ਗਿਆ ਹੈ, ਟਰੂਡੋ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਲਗਾਏ ਗਏ ਇਸੇ ਤਰ੍ਹਾਂ ਦੇ ਦੋਸ਼ਾਂ ਨੂੰ "ਪੂਰੀ ਤਰ੍ਹਾਂ ਰੱਦ" ਕਰ ਦਿੱਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ "ਬੇਬੁਨਿਆਦ ਦੋਸ਼ਾਂ" ਨੇ "ਕੈਨੇਡਾ ਵਿਚ ਪਨਾਹ ਦੇਣ ਵਾਲੇ ਖਾਲਿਸਤਾਨੀ ਅੱਤਵਾਦੀਆਂ ਅਤੇ ਕੱਟੜਪੰਥੀਆਂ" ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜੀ-20 'ਚ ਦੋਵਾਂ ਨੇਤਾਵਾਂ ਦੇ ਵਿਚਕਾਰਲੇ ਤਣਾਅਪੂਰਨ ਸਬੰਧਾਂ ਦਾ ਕਾਰਨ ਭਾਰਤ-ਕੈਨੇਡਾ ਸਬੰਧਾਂ ਨੂੰ ਲੰਬੇ ਸਮੇਂ ਤੋਂ ਚੱਲ ਰਹੇ ਮੁੱਦੇ ਨੂੰ ਮੰਨਿਆ ਜਾ ਸਕਦਾ ਹੈ। ਭਾਰਤ ਨੇ ਲਗਾਤਾਰ ਕੈਨੇਡਾ 'ਤੇ ਅੱਤਵਾਦੀਆਂ ਨੂੰ ਪਨਾਹ ਦੇਣ ਅਤੇ ਭਾਰਤੀ ਡਿਪਲੋਮੈਟਾਂ ਨੂੰ ਕੈਨੇਡੀਅਨ ਸਰਹੱਦਾਂ ਦੇ ਅੰਦਰ ਸੰਭਾਵਿਤ ਖਤਰਿਆਂ ਤੋਂ ਸੁਰੱਖਿਅਤ ਰੱਖਣ ਵਿਚ ਅਸਫਲ ਰਹਿਣ ਦਾ ਦੋਸ਼ ਲਗਾਇਆ ਹੈ। ਇਸ ਵਿਵਾਦਪੂਰਨ ਮਾਮਲੇ ਨੇ ਬਿਨਾਂ ਸ਼ੱਕ ਜੀ-20 ਸੰਮੇਲਨ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਤਣਾਅਪੂਰਨ ਮਾਹੌਲ ਵਿਚ ਯੋਗਦਾਨ ਪਾਇਆ ਹੈ।

ਪ੍ਰਧਾਨ ਮੰਤਰੀ ਟਰੂਡੋ ਵੱਲੋਂ ਤਲਵਿੰਦਰ ਸਿੰਘ ਪਰਮਾਰ ਨਿੱਝਰ ਦੇ ਕਤਲ ਵਿਚ ਭਾਰਤ ਦੀ ਕਥਿਤ ਸ਼ਮੂਲੀਅਤ ਬਾਰੇ ਹਾਲ ਹੀ ਵਿਚ ਲਾਏ ਗਏ ਦੋਸ਼ਾਂ ਦਾ ਹੱਲ ਕਰਨਾ ਲਾਜ਼ਮੀ ਹੈ। ਹਾਲਾਂਕਿ ਸਾਡਾ ਰੁਖ ਅਜੇ ਵੀ ਬਦਲਿਆ ਨਹੀਂ ਹੈ, ਇਨ੍ਹਾਂ ਦਾਅਵਿਆਂ ਦੀ ਗੰਭੀਰਤਾ ਨੂੰ ਸਵੀਕਾਰ ਕਰਨਾ ਮਹੱਤਵਪੂਰਨ ਹੈ। ਜੇਕਰ ਟਰੂਡੋ ਦੇ ਦਾਅਵਿਆਂ ਵਿਚ ਕੋਈ ਸੱਚਾਈ ਹੈ, ਤਾਂ ਭਾਰਤੀ ਅਧਿਕਾਰੀਆਂ ਨੂੰ ਇਸ ਘਿਨਾਉਣੇ ਅਪਰਾਧ ਪਿੱਛੇ ਸੱਚਾਈ ਦਾ ਪਰਦਾਫਾਸ਼ ਕਰਨ ਵਿਚ ਪੂਰਾ ਸਹਿਯੋਗ ਕਰਨ ਲਈ ਉਨ੍ਹਾਂ ਦੇ ਸੱਦੇ ਦਾ ਸਮਰਥਨ ਕਰਨਾ ਹੀ ਉਚਿਤ ਹੈ।

ਇਹ ਸਪੱਸ਼ਟ ਹੈ ਕਿ ਭਾਰਤ ਦੇ ਨਾਲ ਕੈਨੇਡਾ ਦੇ ਪਹਿਲਾਂ ਤੋਂ ਹੀ ਨਾਜ਼ੁਕ ਰਿਸ਼ਤੇ ਸੰਭਵ ਤੌਰ 'ਤੇ ਅਟੱਲ ਹਨ, ਜੋ ਲੱਗਦਾ ਹੈ ਜਦ ਤੱਕ ਟਰੂਡੋ ਸਰਕਾਰ ਹੈ, ਤਦ ਤੱਕ ਇਸ ਵਿਚ ਕੋਈ ਸੁਧਾਰ ਆਉਣ ਦੀ ਆਸ ਨਹੀਂ ਹੈ, ਕਿਉਂਕਿ ਲੱਗਦਾ ਹੈ ਕਿਤੇ ਨਾ ਕਿਤੇ ਟਰੂਡੋ ਦੀ ਮੋਦੀ ਨਾਲ ਕੋਈ ਜਾਤੀ ਦੁਵੈਸ਼ ਹੀ ਦੋਵਾਂ ਦੇਸ਼ਾਂ ਦਰਮਿਆਨ ਦੂਰੀਆਂ ਅਤੇ ਨ਼ਫਰਤ ਦਾ ਕਾਰਨ ਬਣ ਰਹੀਆਂ ਹਨ।



# ਏਕ ਤੀਰ ਸੇ ਦੋ ਸ਼ਿਕਾਰ

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਵੱਡੇ ਸ਼ਹਿਰ ਦੀ ਅਮੀਰ/ਪਾਸ਼ ਕਲੋਨੀ ਵਿਚ ਸਿਰੇ ਦੇ ਅਮੀਰ ਲੋਕ ਵੱਸਦੇ ਸਨ। ਅਕਸਰ ਕਲੱਬਾਂ, ਪੱਬਾਂ ਜਾਂ ਬਾਰਾਂ 'ਤੇ ਬਹਿਣ ਵਾਲੇ ਲੋਕਾਂ ਨੇ ਅਮੀਰ ਸ਼ੌਂਕ ਪਾਲੇ ਹੋਏ ਸਨ, ਕੁੱਤਾ ਤਾਂ ਹਰ ਇੱਕ ਦੇ ਘਰ ਵਿਚ ਸੀ। ਕਈਆਂ ਨੇ ਬਿੱਲੀਆਂ, ਤੋਤੇ, ਛੋਟੀਆਂ ਚਿੜੀਆਂ (ਲਵ ਬਰਡਜ਼), ਸੱਪ, ਖ਼ਰਗੋਸ਼ ਵੀ ਰੱਖੇ ਹੋਏ ਸਨ। ਉਨ੍ਹਾਂ ਵਿਚ ਇੱਕ ਰੰਗੀਨ ਮਿਜਾਜ਼ ਬੰਦਾ ਜਿਸ ਦਾ ਨਾਮ ਬਖਤੌਰ ਸਿੰਘ ਸੀ, ਲੋਕ ਪਿਆਰ ਨਾਲ ਲੋਕ ਉਸ ਨੂੰ ਬਾਬਾ ਬਖਤੌਰਾ ਵੀ ਕਹਿ ਦਿੰਦੇ ਸਨ ਪਰ ਉਹ ਹਮੇਸ਼ਾਂ ਹੱਸਦਾ ਰਹਿੰਦਾ। ਉਸ ਨੇ ਇੱਕ ਜੋੜਾ ਕਬੂਤਰ ਰੱਖੇ ਹੋਏ ਸਨ। ਆਸ਼ਿਕ ਮਿਜਾਜ਼ ਬਖਤੌਰੇ ਨੇ ਦੋ-ਤਿੰਨ ਘਰ ਛੱਡ ਕੇ ਰਹਿੰਦੀ ਗਵਾਂਢਣ ਨੂੰ ਚਿੱਠੀ ਲਿਖੀ ਤੇ ਕਬੂਤਰ ਦੀ ਚੁੰਝ ਵਿਚ ਫਸਾ ਕੇ ਉਡਾ ਦਿੱਤਾ। ਅਨਟ੍ਰੇਂਡ ਕਬੂਤਰ ਬਖਤੌਰੇ ਦੀ ਘਰਵਾਲੀ ਦੇ ਮੋਢੇ 'ਤੇ ਜਾ ਬੈਠਾ ਤੇ ਲਾਣੇਦਾਰਨੀ ਨੇ ਚਿੱਠੀ ਫ਼ੜ ਲਈ। ਚਿੱਠੀ ਖੋਲ੍ਹਦੇ ਹੀ ਘਰ ਬਣ ਗਿਆ ਇਸਰਾਈਲ ਅਤੇ ਫਲਸਤੀਨ ਦਾ ਬਾਰਡਰ। ਬਖਤੌਰੇ ਨੇ ਗੁੱਸੇ ਨਾਲ ਕਬੂਤਰ ਵੱਲ ਵੇਖਿਆ ਤੇ ਬਖਤੌਰੇ ਦੀ ਘਰ ਵਾਲੀ ਚਲਾਵੀਂ ਜੁੱਤੀ ਬਖਤੌਰੇ ਵੱਲ ਚਲਾਈ। ਹੁਣ ਉਸ ਦਿਨ ਦਾ ਘਰਵਾਲੀ ਤੋਂ ਡਰਦਾ ਬਖਤੌਰਾ ਗਾਇਬ ਹੈ ਅਤੇ ਬਖਤੌਰੇ ਤੋਂ ਡਰਦਾ ਕਬੂਤਰ ਫਰਾਰ ਹੈ, ਹੋ ਗਏ ਨਾ ਇੱਕ ਤੀਰ ਨਾਲ ਦੋ ਸ਼ਿਕਾਰ।

# 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਯਾਦਾਸ਼ਤ ਹਾਦਸੇ ਵਿਚ ਵੀ ਜਾ ਸਕਦੀ ਹੈ ਪਰ ਇਹ ਜਾਂਦੀ ਜ਼ਿਆਦਾਤਰ ਉਧਾਰ ਲੈਣ ਉਪਰੰਤ ਹੀ ਹੈ।
- ਕਿਸੇ ਨੇ ਪੁੱਛਿਆ, ਵਿਆਹ ਵਾਲੇ ਘਰ ਸਭ ਤੋਂ ਜ਼ਿਆਦਾ ਕਿਹੜੀ ਚੀਜ਼ ਬਣਦੀ ਹੈ ? ਸੁੰਦਰ ਜਵਾਬ ਮਿਲਿਆ, ਕਹਿੰਦਾ ਇੱਕ ਚਾਹ ਅਤੇ ਦੂਜਾ ਰਿਸ਼ਤੇਦਾਰਾਂ ਦਾ ਮੂੰਹ।
- ਆਪਣੇ ਪੈਰਾਂ 'ਤੇ ਆਪ ਖਲੋਣਾ ਸਿੱਖੋ, ਆਪਣੀ ਜ਼ਿੰਦਗੀ ਆਪ ਜੀਉ, ਲੋਕ ਗਿਆਨ ਵੰਡਦੇ ਹਨ, ਸਾਥ ਨਹੀਂ ਦੇਂਦੇ।
- ਜ਼ਿਆਦਾ ਲੋਕ ਇਹ ਸਵਾਲ ਕਰਦੇ ਹਨ ਕਿ ਮੌਤ ਤੋਂ ਬਾਅਦ ਜੀਵਨ ਹੈ ? ਵੈਸੇ ਸੋਚਣਾ ਇਹ ਬਣਦਾ ਹੈ ਕਿ ਮੌਤ ਤੋਂ ਪਹਿਲਾਂ ਅਸੀਂ ਜਿੰਦਗੀ ਜਿਊਂਦੇ ਹਾਂ ?
- ਔਲਾਦ ਖਾਤਿਰ ਕਿਸੇ ਦਾ ਹੱਕ ਨਾ ਮਾਰੋ। ਜੇ ਔਲਾਦ ਨੇਕ ਹੋਈ, ਤਾਂ ਖੁਦ ਕਮਾ ਲਵੇਗੀ। ਜੇ ਨਲਾਇਕ ਨਿਕਲੀ, ਤਾਂ ਤੁਹਾਡਾ ਕਮਾਇਆ ਵੀ ਉਡਾ ਦੇਵੇਗੀ।
- ਸਮਝਣ ਦੀ ਵਿਧੀ ਵੱਖ-ਵੱਖ ਹੈ। ਬਾਰ ਵਿਚ ਬੈਠਾ ਬਾਰ ਮੈਨੇਜਰ ਆਪਣੇ ਗਾਹਕਾਂ ਨੂੰ ਮੁਖ਼ਾਤਿਬ ਹੋਇਆ ਕਹਿੰਦਾ 2/3 ਵੱਡਾ ਹੁੰਦਾ ਹੈ ਕਿ 3/2, ਕਿਸੇ ਨੂੰ ਸਹੀ ਜਵਾਬ ਨਾ ਆਇਆ। ਫਿਰ ਪੁੱਛਦਾ ਹੈ, ਦੋ ਬੋਤਲਾਂ ਤਿੰਨ ਬੰਦਿਆਂ ਨੂੰ ਸਹੀ ਕਿ ਤਿੰਨ ਬੋਤਲਾਂ ਦੋ ਬੰਦਿਆਂ ਨੂੰ ਸਹੀ, ਹੁਣ ਸਭ ਦਾ ਜਵਾਬ ਸਹੀ ਸੀ।
- ਮਰਨ ਉਪਰੰਤ ਇਨਸਾਨ ਦੀ ਔਕਾਤ ਇੱਕ ਚਾਦਰ ਹੁੰਦੀ ਹੈ, ਉਸ ਨੂੰ ਵੀ ਉਹ ਖੁਦ ਆਪਣੇ ਆਪ ਉੱਪਰ ਨਹੀਂ ਲੈ ਸਕਦਾ।

(Punjab Mail USA)

## 'ਜੋ ਦਿਖਾ, ਸੋ ਲਿਖਾ'

# ਬੇਅਸੂਲੀ ਰਾਜਨੀਤੀ ਦੇ ਦੌਰ ਵਿਚੋਂ ਲੰਘ ਰਿਹੈ ਪੰਜਾਬ?

## ਆਉਂਦੇ ਦਿਨਾਂ ਵਿਚ ਦਲ ਬਦਲੀਆਂ ਦਾ ਚੱਲ ਸਕਦੈ ਦੌਰ?



**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)


ਦੇਸ਼ ਦੀ 18ਵੀਂ ਲੋਕ ਸਭਾ ਲਈ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਬੀ.ਜੇ.ਪੀ. ਦੀ ਅਗਵਾਈ ਵਾਲੇ ਐੱਨ.ਡੀ.ਏ. ਗਠਜੋੜ ਦੇ ਮੁਕਾਬਲੇ 26 ਵਿਰੋਧੀ ਪਾਰਟੀਆਂ ਨੇ 'ਇੰਡੀਆ' ਨਾਂ ਦਾ ਗਠਜੋੜ ਬਣਾ ਕੇ ਵੱਡੀ ਚੁਣੌਤੀ ਪੇਸ਼ ਕਰ ਦਿੱਤੀ ਹੈ। ਇਸੇ ਨਾਲ ਸੂਬਿਆਂ ਦੀ ਰਾਜਨੀਤੀ ਵਿਚ ਵੀ ਨਵੇਂ ਗਠਜੋੜਾਂ ਲਈ ਸਰਗਰਮੀਆਂ ਸ਼ੁਰੂ ਨੇ। ਇਸ ਸਮੇਂ ਪੰਜਾਬ ਦੀ ਰਾਜਨੀਤੀ ਬਹੁਤ ਹੀ ਅਨਿਸ਼ਚਿਤਤਾ ਦੇ ਦੌਰ ਵਿਚੋਂ ਲੰਘ ਰਹੀ ਹੈ। ਬਹੁਤੇ ਲੀਡਰ ਆਪਣੀ ਪਾਰਟੀ ਵਿਚ ਕਾਫੀ ਪ੍ਰੇਸ਼ਾਨ ਦਿਖਾਈ ਦੇ ਰਹੇ ਨੇ ਅਤੇ ਪਾਲਾ ਬਦਲਣ ਲਈ ਵੀ ਤਰਲੋ-ਮੱਛੀ ਹੋਏ ਦਿਖਦੇ ਨੇ। ਜਲਦੀ ਸੂਬੇ ਵਿਚ ਨਗਰ ਸੰਸਥਾਵਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਵੀ ਹੋਣ ਵਾਲੀਆਂ ਨੇ। ਇਸ ਦੇ ਮੱਦੇਨਜ਼ਰ ਸੂਬੇ ਦੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੀਆਂ ਗੋਟੀਆਂ ਫਿਟ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ। ਪਰ ਇਸ ਸਮੇਂ ਸੂਬੇ ਵਿਚ ਕਿਸੇ ਵੀ ਰਾਜਸੀ ਪਾਰਟੀ ਦੀ ਹਾਲਤ ਮਜ਼ਬੂਤ ਨਹੀਂ ਦਿਖਦੀ। ਜਨਤਾ ਵਿਚ ਪਾਰਟੀਆਂ ਵਲੋਂ ਵਾਅਦੇ ਕਰਕੇ ਮੁਕਰ ਜਾਣ ਕਾਰਨ ਕਾਫੀ ਗੁੱਸਾ ਦਿਖਾਈ ਦੇ ਰਿਹੈ। ਅਜਿਹੇ ਵਿਚ ਪਾਰਟੀਆਂ ਇਕ ਦੂਜੇ ਦੇ ਖੇਮੇ ਵਿਚ ਸੰਨ੍ਹ ਲਾਉਣ ਲਈ ਤਿਆਰ ਬੈਠੀਆਂ ਨੇ।



### ਸੱਤਾਧਾਰੀ ਆਮ ਆਦਮੀ ਪਾਰਟੀ ਦੀ ਦਸ਼ਾ?

ਆਮ ਆਦਮੀ ਪਾਰਟੀ ਰਵਾਇਤੀ ਪਾਰਟੀਆਂ ਨੂੰ ਭ੍ਰਿਸ਼ਟ ਦੱਸ ਕੇ ਸੂਬੇ ਦੇ ਮਾੜੇ ਹਾਲਾਤ ਲਈ ਜ਼ਿੰਮੇਵਾਰ ਦੱਸਕੇ ਕੋਸਦੀ ਰਹੀ। ਪਰ ਹੁਣ ਦੇਸ਼ ਹਿੱਤ ਦੱਸਕੇ ਉਨ੍ਹਾਂ ਨਾਲ ਹੀ ਗੱਠਜੋੜ ਕਰ ਚੁੱਕੀ ਹੈ। ਬੇਸ਼ੱਕ ਸੂਬੇ ਵਿਚ ਵਿਰੋਧੀ ਪਾਰਟੀਆਂ ਦੀ ਸਥਿਤੀ ਇਸ ਸਮੇਂ ਮਜ਼ਬੂਤ ਦਿਖਾਈ ਨਹੀਂ ਦਿਖਦੀ, ਪਰ ਮਾੜੀ ਕਾਰਗੁਜ਼ਾਰੀ ਕਾਰਨ "ਆਪ" ਦਾ ਗ੍ਰਾਫ ਵੀ ਕਾਫੀ ਨੀਚੇ ਸਰਕ ਚੁੱਕਾ ਹੈ ਅਤੇ ਇਹ ਅਜੇ ਹੇਠਲੇ ਪੱਧਰ ਤੱਕ ਮਜ਼ਬੂਤ ਜਥੇਬੰਦਕ ਢਾਂਚਾ ਵੀ ਖੜ੍ਹਾ ਨਹੀਂ ਕਰ ਸਕੀ। ਅੰਮ੍ਰਿਤਸਰ ਉੱਤਰੀ ਹਲਕੇ ਵਿਚ ਆਪਣੀ ਸਭ ਤੋਂ ਅਹਿਮ 'ਸਕੂਲ ਔਫ ਐਮੀਨੈਂਸ" ਸਕੀਮ ਦੇ ਉਦਘਾਟਨ ਸਮੇਂ ਕੇਜਰੀਵਾਲ ਅਤੇ ਮੁੱਖ ਮੰਤਰੀ ਨੇ 1600 ਕਰੋੜ ਨਾਲ ਸਿੱਖਿਆ ਕ੍ਰਾਂਤੀ ਦਾ ਐਲਾਨ ਕੀਤਾ। ਉਸੇ ਹਲਕੇ ਤੋਂ "ਆਪ" ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਸਕੂਲ ਨੂੰ ਪਹਿਲਾਂ ਹੀ ਸਮਾਰਟ ਸਕੂਲ ਕਹਿ ਕੇ ਸਰਕਾਰ ਦੇ ਦਾਅਵੇ ਦੀ ਪੋਲ ਖੋਲ੍ਹਤੀ ਅਤੇ ਕਿਹਾ ਕਿ ਸਰਕਾਰ ਨੇ ਬਗੈਰ ਖਰਚ ਕੀਤੇ ਕਰੈਡਿਟ ਲਿਆ ਹੈ। ਹਲਕੇ ਦੇ ਸਾਬਕਾ ਐੱਮ.ਐੱਲ.ਏ. ਰਾਜ ਕੁਮਾਰ ਵੇਰਕਾ ਨੇ ਦਾਅਵਾ ਕੀਤਾ ਕਿ ਪਹਿਲਾਂ ਹੀ ਸਕੂਲ ਦੀ ਪੂਰੀ ਇਮਾਰਤ 'ਸਮਾਰਟ ਸਕੂਲ ਸਕੀਮ' ਅਧੀਨ ਬਣੀ ਸੀ ਅਤੇ ਐੱਮ.ਪੀ. ਗੁਰਜੀਤ ਸਿੰਘ ਔਜਲਾ ਨੇ ਵੀ ਆਪਣੇ ਫੰਡ ਵਿਚੋਂ 10 ਲੱਖ ਰੁਪਏ ਸਕੂਲ ਦੇ ਵਿਕਾਸ ਲਈ ਦਿੱਤੇ ਨੇ। ਅਜਿਹੇ ਝੂਠੇ ਪ੍ਰਚਾਰ ਨਾਲ ਜੇਕਰ "ਆਪ" ਸਿੱਖਿਆ ਕ੍ਰਾਂਤੀ ਦਾ ਪ੍ਰਚਾਰ ਕਰੇ, ਤਾਂ ਉਸ ਦਾ ਜਨਤਾ ਵਿਚ ਉਲਟ ਪ੍ਰਭਾਵ ਤਾਂ ਜਾਏਗਾ ਹੀ। ਅਜਿਹਾ ਹੀ ਪ੍ਰਚਾਰ ਸਿਹਤ ਸਹੂਲਤਾਂ, ਭ੍ਰਿਸ਼ਟਾਚਾਰ ਅਤੇ ਨਸ਼ੇ ਖਤਮ ਕਰਨ ਦੇ ਦਾਅਵਿਆਂ ਦਾ ਲਗਾਤਾਰ ਇਸ਼ਤਿਹਾਰਬਾਜ਼ੀ ਰਾਹੀਂ ਹੋ ਰਿਹੈ, ਜਿਸ ਨਾਲ ਪਾਰਟੀ ਨੂੰ ਲਾਭ ਦੀ ਬਜਾਏ ਨੁਕਸਾਨ ਹੀ ਹੋ ਸਕਦੈ। ਕਈ ਵਜ਼ੀਰਾਂ ਅਤੇ ਲੀਡਰਾਂ ਉਪਰ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦੇ ਦੋਸ਼ ਲੱਗੇ ਨੇ ਪਰ ਕਾਰਵਾਈ ਨਹੀਂ ਹੋਈ। ਚਿਰਾਂ ਤੋਂ ਲਟਕਦੇ ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਦੇ ਮੁੱਦਿਆਂ 'ਤੇ ਚੁੱਪ, ਨਸ਼ਾ ਵਪਾਰ ਅਤੇ ਕਿਸਾਨੀ ਮੁੱਦਿਆਂ 'ਤੇ ਹੋ ਰਹੇ ਅੰਦੋਲਨਾਂ ਕਾਰਨ ਵੀ ਲੋਕ ਆਲੋਚਨਾ ਕਰਦੇ ਦਿਖਦੇ ਨੇ। ਬੇਸ਼ੱਕ ਕੇਜਰੀਵਾਲ ਅਤੇ ਭਗਵੰਤ ਮਾਨ ਸੂਬੇ ਵਿਚੋਂ ਭ੍ਰਿਸ਼ਟਾਚਾਰ ਦੇ ਮੁਕੰਮਲ ਖਾਤਮੇ ਦੇ ਦਾਅਵੇ ਦੂਜੇ ਸੂਬਿਆਂ ਵਿਚ ਕਰਦੇ ਨੇ, ਪਰ ਜ਼ਮੀਨੀ ਸੱਚਾਈ ਉਲਟ ਜਾਪਦੀ ਹੈ। ਐੱਮ.ਐੱਲ.ਏ. ਮਨਜਿੰਦਰ ਸਿੰਘ ਲਾਲਪੁਰਾ ਨੇ ਪੁਲਿਸ ਤੇ ਨਸ਼ਾ ਤਸਕਰਾਂ ਨਾਲ ਮਿਲੇ ਹੋਣ ਦੇ ਇਲਜ਼ਾਮ ਲਗਾਏ ਨੇ।



### ਪਾਟੋ-ਧਾੜ ਹੋ ਰਹੀ ਕਾਂਗਰਸ?

"ਇੰਡੀਆ" ਗਠਜੋੜ ਵੱਲੋਂ ਲੋਕ ਸਭਾ ਚੋਣਾਂ ਵਿਚ ਬੀ.ਜੇ.ਪੀ. ਖ਼ਿਲਾਫ਼ ਸਾਂਝੇ ਉਮੀਦਵਾਰ ਉਤਾਰਨ 'ਤੇ ਹੋਈ ਸਹਿਮਤੀ ਹੋਣ ਪਿੱਛੋਂ ਸੂਬੇ ਵਿਚ ਬਾਵੇਲਾ ਖੜ੍ਹਾ ਹੋ ਗਿਆ ਹੈ। ਵਿਰੋਧੀ ਧਿਰ ਨੇਤਾ ਪ੍ਰਤਾਪ ਬਾਜਵਾ, ਪ੍ਰਧਾਨ ਰਾਜਾ ਵੜਿੰਗ, ਸੁਖਜਿੰਦਰ ਰੰਧਾਵਾ ਸਮੇਤ ਬਹੁਤੇ ਲੀਡਰ 'ਆਪ' ਦੇ ਨਾਲ ਮਿਲ ਕੇ ਸੂਬੇ ਵਿਚ ਚੋਣਾਂ ਲੜਨ ਦੇ ਖਿਲਾਫ਼ ਨੇ। ਜਦਕਿ ਨਵਜੋਤ ਸਿੱਧੂ, ਚਰਨਜੀਤ ਚੰਨੀ, ਰਵਨੀਤ ਬਿੱਟੂ, ਗੁਰਜੀਤ ਔਜਲਾ, ਮੁਹੰਮਦ ਸਦੀਕ ਸਮੇਤ ਕਈ ਐੱਮ.ਪੀ. 'ਆਪ' ਨਾਲ ਗਠਜੋੜ ਬਾਰੇ ਕੇਂਦਰੀ ਲੀਡਰਸ਼ਿਪ ਦੇ ਫੈਸਲੇ ਦੇ ਨਾਲ ਨੇ। ਹੈਦਰਾਬਾਦ ਵਿਚ ਹੋਈ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਪੰਜਾਬ ਦੇ ਲੀਡਰਾਂ ਨੇ ਸੂਬੇ ਵਿਚ 'ਆਪ' ਨਾਲ ਗਠਜੋੜ ਦਾ ਵਿਰੋਧ ਕੀਤਾ ਅਤੇ ਦੱਸਿਆ ਕਿ ਮਿਲ ਕੇ ਚੋਣਾਂ ਲੜਨ ਨਾਲ ਸੂਬੇ ਵਿਚ ਕਾਂਗਰਸ ਦਾ ਸਫਾਇਆ ਹੋ ਜਾਏਗਾ। ਫਿਲਹਾਲ ਕਾਂਗਰਸ ਪ੍ਰਧਾਨ ਖੜਗੇ ਨੇ ਸੂਬਾ ਯੂਨਿਟ ਨਾਲ ਮਸ਼ਵਰਾ ਕਰਕੇ ਹੀ ਚੋਣ ਸਮਝੌਤਾ ਕਰਨ ਦਾ ਯਕੀਨ ਦਵਾਇਆ ਹੈ। ਅਜਿਹੀ ਸਥਿਤੀ ਵਿਚ ਸੂਬੇ ਵਿਚ ਕਾਂਗਰਸ ਪੂਰੀ ਤਰ੍ਹਾਂ ਵੰਡੀ ਦਿਖਾਈ ਦੇ ਰਹੀ ਹੈ, ਇਸ ਦਾ ਖਾਮਿਆਜ਼ਾ ਪਾਰਟੀ ਨੂੰ ਚੋਣਾਂ ਵਿਚ ਭੁਗਤਣਾ ਪਏਗਾ। ਇਕੱਠੇ ਚੋਣਾਂ ਦਾ ਵਿਰੋਧ ਕਰਨ ਵਾਲਿਆਂ ਵਲੋਂ ਪਿਛਲੇ ਦਿਨੀਂ ਮੋਗਾ ਵਿਖੇ ਮੀਟਿੰਗ ਕਰਕੇ ਤਾਕਤ ਦਿਖਾ ਦਿੱਤੀ ਹੈ। ਗੱਠਜੋੜ ਵਿਚ ਹੀ ਚੋਣਾਂ ਲੜਨ ਦੀ ਸੂਰਤ ਵਿਚ ਨਾਰਾਜ਼ ਲੀਡਰ ਨਵੀਂ ਪਾਰਟੀ ਬਣਾ ਕੇ ਵੀ ਚੋਣਾਂ ਲੜ ਸਕਦੇ ਨੇ।

### ਬੀ.ਜੇ.ਪੀ. ਹੋਈ ਪੱਬਾਂ ਭਾਰ?

ਆਮ ਚਰਚਾ ਹੈ ਕਿ ਜੇਕਰ 'ਆਪ' ਅਤੇ ਕਾਂਗਰਸ ਮਿਲ ਕੇ ਲੜਦੇ ਨੇ, ਤਾਂ ਬੀ.ਜੇ.ਪੀ. ਦਾ ਪੁਰਾਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਤੋਂ ਗਠਜੋੜ ਸੰਭਵ ਹੋ ਸਕਦੈ। ਫਿਲਹਾਲ ਪਾਰਟੀ ਢੀਂਡਸਾ ਵਲੇ ਅਕਾਲੀ ਦਲ ਦੇ ਨਾਲ ਹੈ। ਬੀ.ਜੇ.ਪੀ. ਪ੍ਰਧਾਨ ਸੁਨੀਲ ਜਾਖੜ ਨੇ ਚੋਣ ਤਿਆਰੀਆਂ ਨੂੰ ਤੇਜ਼ ਕਰਨ ਲਈ ਨਵੀਂ ਸੂਬਾ ਕਾਰਜਕਾਰਨੀ ਦਾ ਐਲਾਨ ਕੀਤਾ ਹੈ ਅਤੇ ਨਾਲ ਹੀ 21 ਮੈਂਬਰੀ ਕੋਰ ਕਮੇਟੀ ਦਾ ਵੀ ਗਠਨ ਕੀਤਾ ਹੈ। ਨਵੀਂ ਟੀਮ 'ਚ ਪੁਰਾਣੇ ਭਾਜਪਾਈਆਂ ਦੇ ਨਾਲ ਦੂਜੀਆਂ ਪਾਰਟੀਆਂ ਵਿਚੋਂ ਆਏ ਬਹੁਤ ਸਾਰੇ ਨੇਤਾਵਾਂ ਨੂੰ ਵੀ ਥਾਂ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਦੀ ਬੇਟੀ ਜੈ ਇੰਦਰ ਕੌਰ ਨੂੰ ਮਹਿਲਾ ਮੋਰਚਾ ਪ੍ਰਧਾਨ ਬਣਾਇਆ ਗਿਐ। ਉਂਝ ਬੀ.ਜੇ.ਪੀ. ਜੀ-20 ਅਤੇ ਚੰਦਰਯਾਨ-3 ਦੀ ਸਫ਼ਲਤਾ ਨਾਲ ਕਾਫੀ ਉਤਸ਼ਾਹਿਤ ਦਿਖਾਈ ਦਿੰਦੀ ਹੈ। ਦੂਜੀਆਂ ਪਾਰਟੀਆਂ 'ਚੋਂ ਲਏ ਕਾਫੀ ਲੀਡਰਾਂ ਦੇ ਬਾਵਜੂਦ ਬੀ.ਜੇ.ਪੀ. ਪਿੰਡਾਂ ਵਿਚ ਬਹੁਤ ਕਮਜ਼ੋਰ ਹੈ, ਪਰ ਸ਼ਹਿਰਾਂ ਵਿਚ ਇਹ ਮੁਕਾਬਲੇ ਵਿਚ ਹੈ। ਪਾਰਲੀਮੈਂਟ ਦੇ ਚੱਲ ਰਹੇ ਵਿਸ਼ੇਸ਼ ਇਜਲਾਸ ਵਿਚ ਲੈ ਜਾਣ ਵਾਲੇ ਫੈਸਲੇ ਵੀ ਬੀ.ਜੇ.ਪੀ. ਦੀ ਸਥਿਤੀ ਨੂੰ ਪ੍ਰਭਾਵਤ ਕਰ ਸਕਦੇ ਨੇ।



### ਅਕਾਲੀ ਦਲ ਦੇ ਬੁਰੇ ਦਿਨ?

ਸੂਬੇ ਵਿਚ ਕਰੀਬ 25 ਸਾਲ ਸਰਕਾਰਾਂ ਚਲਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਿਤਾਰੇ ਇਸ ਸਮੇਂ ਪੂਰੀ ਤਰ੍ਹਾਂ ਗਰਦਿਸ਼ ਵਿਚ ਚੱਲ ਰਹੇ ਨੇ। ਲਗਾਤਾਰ 5 ਸ਼ਰਮਨਾਕ ਹਾਰਾਂ ਕਾਰਨ ਇਸ ਨੂੰ ਸੱਤਾ ਦੀ ਦੌੜ ਵਿਚੋਂ ਬਾਹਰ ਸਮਝਿਆ ਜਾ ਰਿਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀਕਾਂਡ ਅਤੇ ਜਥੇਦਾਰਾਂ ਨੂੰ ਤਲਬ ਕਰਕੇ ਰਾਮ ਰਹੀਮ ਨੂੰ ਮੁਆਫ਼ੀ ਮਾਮਲਿਆਂ ਦੇ ਦੋਸ਼ਾਂ ਵਿਚ ਘਿਰਨ ਨਾਲ ਅਕਾਲੀ ਦਲ ਤੋਂ ਖੁੱਸਿਆ ਪੰਥਕ ਆਧਾਰ ਅਜੇ ਬਹਾਲ ਨਹੀਂ ਹੋਇਆ। ਇਸੇ ਤਰ੍ਹਾਂ ਕੇਂਦਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਦੀ ਹਮਾਇਤ ਕਰਨ ਨਾਲ ਕਿਸਾਨੀ ਵੋਟ ਬੈਂਕ ਵੀ ਟੁੱਟ ਚੁੱਕਾ ਹੈ। 25 ਸਾਲ ਚਲੇ ਗਠਜੋੜ ਵਿਚ ਰਹਿ ਕੇ ਸੱਤਾ ਹੰਡਾਉਣ ਵਾਲੀ ਬੀ.ਜੇ.ਪੀ. ਵੀ ਇਸ ਤੋਂ ਦੂਰ ਭੱਜ ਰਹੀ ਹੈ। ਪਰ ਮੌਜੂਦਾ ਸਥਿਤੀ ਵਿਚ ਅਕਾਲੀ ਲੀਡਰ ਬੀ.ਜੇ.ਪੀ. ਨਾਲ ਗਠਜੋੜ ਲਈ ਤਰਲੋ-ਮੱਛੀ ਹੁੰਦੇ ਦਿੱਸਦੇ ਨੇ। ਅਕਾਲੀ ਦਲ ਦੇ ਕਈ ਨਾਰਾਜ਼ ਲੀਡਰ ਬੀਤੇ ਦਿਨੀਂ ਬੀ.ਜੇ.ਪੀ. ਵਿਚ ਸ਼ਾਮਿਲ ਹੋਏ ਨੇ। ਸੁਖਬੀਰ ਬਾਦਲ ਵੱਲੋਂ ਹਰਗੋਬਿੰਦ ਕੌਰ ਨੂੰ ਸੂਬਾ ਮਹਿਲਾ ਪ੍ਰਧਾਨ ਬਣਾਉਣ ਤੇ ਸਾਰੀਆਂ ਟਕਸਾਲੀ ਮਹਿਲਾ ਲੀਡਰ ਅਹੁਦੇ ਤਿਆਗ ਕੇ ਘਰ ਬੈਠੀਆਂ ਨੇ। ਅਕਾਲੀ ਸਫਾਂ ਵਿਚ ਚਰਚਾ ਹੈ ਕਿ ਝੂੰਦਾ ਕਮੇਟੀ ਦੀ ਰਿਪੋਰਟ ਪਿੱਛੋਂ ਹੁਣ ਸੁਖਬੀਰ ਬਾਦਲ ਵਲੋਂ ਪ੍ਰਧਾਨਗੀ ਤੋਂ ਅਸਤੀਫਾ ਦੇਣ ਤੋਂ ਬਗੈਰ ਪਾਰਟੀ ਦੀ ਮੁੜ ਸੁਰਜੀਤੀ ਸੰਭਵ ਨਹੀਂ, ਫਿਰ ਵੀ ਖੁੱਲ੍ਹਕੇ ਸਾਹਮਣੇ ਆਉਣ ਤੋਂ ਸਾਰੇ ਡਰਦੇ ਨੇ।

### ਬਦਲੀਆਂ ਦਾ ਚਲੇਗਾ ਦੌਰ?

ਇਸ ਸਮੇਂ ਸੂਬੇ ਦੀਆਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਵਿਚ ਕਾਫ਼ੀ ਬੇਚੈਨੀ ਦਿਖਦੀ ਹੈ। ਰਾਜਨੀਤੀ ਪੂਰੀ ਤਰ੍ਹਾਂ ਅਸੂਲ ਅਤੇ ਵਿਚਾਰਧਾਰਾ ਰਹਿਤ ਦਿਖਾਈ ਦਿੰਦੀ ਹੈ। ਹਰ ਲੀਡਰ ਰਾਜਨੀਤੀ 'ਚ ਨਿੱਜੀ ਹਿੱਤ ਨੂੰ ਪਹਿਲ ਦੇ ਰਿਹੈ। ਸੱਤਾਧਾਰੀ 'ਆਪ' ਅਤੇ ਬੀ.ਜੇ.ਪੀ. ਪਾਸ ਜ਼ਮੀਨੀ ਪੱਧਰ 'ਤੇ ਚੋਣ ਲੜਨ ਵਾਲੇ ਆਗੂਆਂ ਦੀ ਵੀ ਘਾਟ ਹੈ। ਕਾਂਗਰਸ ਅਤੇ ਅਕਾਲੀ ਦਲ ਦੇ ਆਗੂਆਂ ਵਿਚ ਨਿੱਜੀ ਦੀ ਲੀਡਰਸ਼ਿਪ ਨਾਲ ਕਾਫੀ ਨਾਰਾਜ਼ਗੀ ਚੱਲ ਰਹੀ ਹੈ। ਅਜਿਹੇ ਵਿਚ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੁਰਾਹੇ ਪਈ ਰਾਜਨੀਤੀ ਦੇ ਚਲਦੇ ਸੂਬੇ ਵਿਚ ਵੱਡੇ ਪੱਧਰ 'ਤੇ ਦਲਬਦਲੀਆਂ ਦਾ ਦੌਰ ਚੱਲਣ ਦੀ ਪੂਰੀ ਸੰਭਾਵਨਾ ਬਣੀ ਹੋਈ ਹੈ।



# ਜੱਟਵਾਦ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)

ਕੁਝ ਪੰਜਾਬੀ ਗਾਇਕਾਂ ਅਤੇ ਫਿਲਮ ਨਿਰਮਾਤਾਵਾਂ ਵੱਲੋਂ ਸ਼ੁਰੂ ਕੀਤੀ ਜੱਟਵਾਦ ਦੀ ਬਿਮਾਰੀ ਕਾਰਨ ਪੰਜਾਬ ਵਿਚ ਹਿੰਸਕ ਗਾਣਿਆਂ, ਗੈਂਗਸਟਰਾਂ ਅਤੇ ਲੜਾਈ ਝਗੜਿਆਂ ਦਾ ਹੜ੍ਹ ਆ ਗਿਆ ਹੈ। ਸਿਰਫ ਪੈਸੇ ਕਮਾਉਣ ਦੀ ਖਾਤਰ ਫੁਕਰੇ ਗਾਇਕਾਂ ਦੇ ਅੱਗ ਲਾਊ ਗਾਣੇ ਸੁਣ ਕੇ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਜੱਟਾਂ ਨੂੰ ਬੰਦੇ ਵੱਢਣ ਜਾਂ ਮਾਸ਼ੂਕਾ ਉਧਾਲਣ ਤੋਂ ਸਿਵਾ ਹੋਰ ਕੋਈ ਕੰਮ ਹੀ ਨਹੀਂ ਰਹਿ ਗਿਆ। ਜੱਟ ਨੂੰ ਬੇਹੱਦ ਖੂੰਖਾਰ, ਬਦਲੇਖੋਰ ਅਤੇ ਲੱਥੀ ਚੜ੍ਹੀ ਤੋਂ ਬੇਪ੍ਰਵਾਹ ਇਨਸਾਨ ਦਿਖਾਇਆ ਜਾਂਦਾ ਹੈ। ਇਨ੍ਹਾਂ ਕੱਚ ਘਰੜ ਗਾਇਕਾਂ ਨੇ ਤਾਂ ਸਾਰੇ ਜੱਟ ਗੁੰਡੇ ਹੀ ਬਣਾ ਕੇ ਰੱਖ ਦਿੱਤੇ ਹਨ। 100% ਗਵੱਈਏ ਜੱਟਾਂ ਦੇ ਅਸਲ ਹਾਲਾਤ ਤੋਂ ਅਣਜਾਣ ਹਨ। ਕਿਸਾਨੀ ਦੀ ਹਾਲਤ ਇਹ ਹੈ ਕਿ ਜੇ ਫਸਲ ਸਹੀ ਸਲਾਮਤ ਸਿਰੇ ਚੜ੍ਹ ਜਾਵੇ, ਤਾਂ ਵਿਕਦੀ ਨਹੀਂ ਤੇ ਜੇ ਵਿਕ ਜਾਵੇ ਤਾਂ ਵਾਜਿਬ ਰੇਟ ਨਹੀਂ ਮਿਲਦੇ। ਆੜ੍ਹਤੀ ਤੇ ਬੈਂਕਾਂ ਮਨਮਰਜ਼ੀ ਦੇ ਚਕਰਵਰਤੀ ਵਿਆਜ਼ ਠੋਕਦੇ ਹਨ। ਫਸਲ ਨੂੰ ਕਦੇ ਮੌਸਮ ਦੀ ਮਾਰ ਪੈ ਜਾਂਦੀ, ਕਦੇ ਬਿਮਾਰੀਆਂ ਤੇ ਕਦੇ ਕੀੜਿਆਂ ਦੀ। ਆਮ ਤੌਰ ’ਤੇ ਦੂਸਰੀ ਜਾਂ ਤੀਸਰੀ ਫਸਲ ਖਰਾਬ ਹੋ ਹੀ ਜਾਂਦੀ ਹੈ। ਜੇ ਕਿਸਾਨ ਗਾਣਿਆਂ ਵਿਚ ਦਰਸਾਏ ਗਏ ਜੱਟਾਂ ਵਰਗੇ ਅਮੀਰ, ਵਹਿਸ਼ੀ ਅਤੇ ਅਣਖੀਲੇ ਹੁੰਦੇ, ਤਾਂ ਰੋਜ਼ਾਨਾ ਆਤਮ ਹੱਤਿਆਵਾਂ ਕਿਉਂ ਕਰਦੇ? ਜੱਟਾਂ ਦੀ ਖੁਦਕਸ਼ੀ ਔਸਤ ਸਾਰੇ ਪੰਜਾਬ ਨਾਲੋਂ ਵੱਧ ਹੈ।

ਜੱਟ ਜ਼ਿਆਦਾਤਰ ਪੰਜਾਬ (ਭਾਰਤੀ ਤੇ ਪਾਕਿਸਤਾਨੀ), ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿਚ ਵੱਸਦੇ ਹਨ ਤੇ ਬਹੁਤੇ ਖੇਤੀਬਾੜੀ ਦਾ ਧੰਦਾ ਕਰਦੇ ਹਨ। ਭਾਰਤ ਵਿਚ ਜੱਟਾਂ (ਜਾਟਾਂ ਸਮੇਤ) ਦੀ ਆਬਾਦੀ 9 ਕਰੋੜ ਦੇ ਕਰੀਬ ਹੈ, ਜਿਸ ਵਿਚੋਂ ਪੰਜਾਬ ’ਚ 21%, ਰਾਜਸਥਾਨ ਵਿਚ 12%, ਹਰਿਆਣੇ ਵਿਚ 29% ਅਤੇ ਯੂ.ਪੀ. ਵਿਚ ਸਿਰਫ 6% ਹੈ। ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਜੱਟਾਂ ਦੇ ਹਾਲਾਤ ਕੋਈ ਬਹੁਤੇ ਵਧੀਆ ਨਹੀਂ ਸਨ। ਅੱਜ ਚਾਹੇ ਉਹ ਆਪਣੇ ਆਪ ਨੂੰ ਸਭ ਤੋਂ ਉੱਚੀ ਜਾਤ ਦਾ ਸਮਝਦੇ ਹਨ, ਪਰ ਪਹਿਲਾਂ ਹਿੰਦੂ ਸਮਾਜ ਦੀਆਂ ਕਥਿਤ ਸਵਰਨ ਜਾਤਾਂ ਉਨ੍ਹਾਂ ਨੂੰ ਅਛੂਤ ਹੀ ਮੰਨਦੀਆਂ ਸਨ। ਰਾਜਸਥਾਨ ਵਿਚ ਤਾਂ ਥੋੜ੍ਹੇ ਸਾਲ ਪਹਿਲਾਂ ਤੱਕ ਵੀ ਕੋਈ ਜਾਟ ਆਪਣੇ ਨਾਮ ਨਾਲ ਸਿੰਘ ਨਹੀਂ ਸੀ ਲਿਖਾ ਸਕਦਾ (ਇਹ ਸਿਰਫ ਰਾਜਪੂਤਾਂ ਵਾਸਤੇ ਰਿਜ਼ਰਵ ਸੀ), ਘੋੜੀ ’ਤੇ ਨਹੀਂ ਸੀ ਚੜ੍ਹ ਸਕਦਾ ਤੇ ਚੰਗਾ ਊਠ ਨਹੀਂ ਸੀ ਰੱਖ ਸਕਦਾ। ਅੱਜ ਵੀ ਰਾਜਸਥਾਨ ’ਚ ਜਾਟਾਂ ਦੇ ਬਹੁਤੇ ਨਾਮ ਸ਼ਾਮ ਲਾਲ, ਨਿਉਲਾ ਰਾਮ, ਦੂੜੇ ਰਾਮ, ਰਤਨ ਲਾਲ ਜਾਂ ਗੋਦਾ ਰਾਮ ਆਦਿ ਹਨ। ਧਰਮਿੰਦਰ ਦੀ ਫਿਲਮ ਗੁਲਾਮੀ (1985) ਵਿਚ ਇਹ ਭੇਦਭਾਵ ਬਹੁਤ ਬਰੀਕੀ ਨਾਲ ਵਿਖਾਇਆ ਗਿਆ ਸੀ।

ਪੰਜਾਬ ਵਿਚ ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਜੱਟਾਂ ਦਾ ਕੋਈ ਨਾਮੋ-ਨਿਸ਼ਾਨ ਵੀ ਨਹੀਂ ਸੀ ਜਾਣਦਾ। ਮਿਸਲਾਂ ਤੋਂ ਪਹਿਲਾਂ ਪੰਜਾਬ ਦੇ ਇਤਿਹਾਸ ਵਿਚ ਕੋਈ ਜੱਟ ਰਾਜਾ ਨਹੀਂ ਹੋਇਆ। ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਸਿਰਫ ਭਰਤਪੁਰ (ਰਾਜਸਥਾਨ, 1680 ਤੋਂ 1947 ਈਸਵੀ) ’ਤੇ ਜਾਟ ਰਾਜਿਆਂ ਨੇ ਰਾਜ ਕੀਤਾ ਹੈ। ਜੱਟਾਂ ਨੇ ਸਿੱਖ ਧਰਮ ਅਖਤਿਆਰ ਕਰਨ ਤੋਂ ਬਾਅਦ ਮੁਗਲ-ਸਿੱਖ ਸੰਘਰਸ਼ ਵਿਚ ਮੋਹਰੀ ਰੋਲ ਨਿਭਾਇਆ ਤੇ ਹੌਲੀ-ਹੌਲੀ ਸਾਰੇ ਪੰਜਾਬ ’ਤੇ ਕਬਜ਼ਾ ਜਮਾ ਲਿਆ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜੱਟ ਸ਼ਕਤੀ ਦਾ ਸਿਖਰ ਸੀ। ਉਦੋਂ ਵੀ ਸਿਰਫ ਫੌਜੀ ਅਫਸਰਾਂ, ਜਾਗੀਰਦਾਰਾਂ ਅਤੇ ਸਰਕਾਰੀ ਅਧਿਕਾਰੀਆਂ ਦੀ ਹਾਲਤ ਹੀ ਠੀਕ ਸੀ, ਬਾਕੀ ਖੇਤੀ ਕਰਨ ਵਾਲੇ ਜੱਟਾਂ ਦੀ ਜੂਨ ਅੱਜ ਵਾਂਗ ਹੀ ਬੇਹੱਦ ਮਾੜੀ ਸੀ। ਅਸਲ ਵਿਚ ਜੱਟਾਂ ਦੀ ਬੁਰੀ ਹਾਲਤ ਦਾ ਸਭ ਤੋਂ ਵੱਡਾ ਕਾਰਣ ਇਨ੍ਹਾਂ ਦਾ ਸਦੀਆਂ ਤੋਂ ਗੈਰ ਮੁਨਾਫਾ ਬਖਸ਼ ਧੰਦੇ ਖੇਤੀ, ਜੋ ਸਿਰਫ ਤੇ ਸਿਰਫ ਮੌਸਮ ’ਤੇ ਨਿਰਭਰ ਹੈ, ਨਾਲ ਜੁੜੇ ਹੋਣਾ ਹੈ। ਅੰਗਰੇਜ਼ ਰਾਜ ਦੌਰਾਨ ਪੰਜਾਬ ਵਿਚ ਨਹਿਰਾਂ ਨਿਕਲਣ ਨਾਲ ਜੱਟਾਂ ਦੀ ਹਾਲਤ ਵਿਚ ਕੁਝ ਸੁਧਾਰ ਆਉਣਾ ਸ਼ੁਰੂ ਹੋ ਗਿਆ ਸੀ।

ਪੰਜਾਬ ਦੇ ਜ਼ਿਆਦਾਤਰ ਜੱਟ ਸੰਨ 1929 ਤੋਂ ਪਹਿਲਾਂ ਭੂਮੀਹੀਣ ਸਨ। ਉਹ ਜ਼ਮੀਨ ਦੇ ਮਾਲਕ ਨਹੀਂ, ਬਲਕਿ ਜਾਗੀਰਦਾਰਾਂ, ਸ਼ਾਹੂਕਾਰਾਂ, ਡੇਰੇਦਾਰਾਂ ਅਤੇ ਰਜਵਾੜਿਆਂ ਦੇ ਮੁਜ਼ਾਰੇ ਸਨ, ਜੋ ਜੱਟਾਂ ਕੋਲੋਂ ਬੇਦਰਦੀ ਨਾਲ ਮੋਟਾ ਲਗਾਨ ਵਸੂਲਦੇ ਸਨ। ਜੱਟਾਂ ਦੀ ਜ਼ਿੰਦਗੀ ਇਨ੍ਹਾਂ ਦੇ ਗੁਲਾਮਾਂ ਤੋਂ ਵੀ ਬਦਤਰ ਸੀ। ਘੋਰ ਗਰੀਬੀ ਦੀ ਦਲਦਲ ਵਿਚ ਫਸੇ ਹੋਣ ਕਾਰਨ ਕਾਲੀ ਮਿੱਟੀ ਤੋਂ ਮੁੱਲ ਦੀ ਤੀਵੀਂ ਲਿਆਉਣੀ, ਵੱਟੇ ਦਾ ਵਿਆਹ ਅਤੇ ਇੱਕ ਵਿਆਹਿਆ ਗਿਆ ਸਾਰੇ ਵਿਆਹੇ ਗਏ, ਵਰਗੇ ਰਿਵਾਜ਼ ਆਮ ਸਨ। ਪੰਜਾਬ ਵਿਚ ਛੜਿਆਂ ਦੀਆਂ ਹੇੜਾਂ ਫਿਰਦੀਆਂ ਸਨ। ਅਜਿਹੇ ਕਾਲੇ ਦਿਨਾਂ ਵਿਚ ਪੰਜਾਬ ਦੇ ਜੱਟਾਂ ਵਾਸਤੇ ਸਾਂਝੇ ਪੰਜਾਬ ਦਾ ਮਾਲ ਮੰਤਰੀ ਸਰ ਛੋਟੂ ਰਾਮ ਜਾਟ (ਯੂਨੀਅਨਿਸਟ ਪਾਰਟੀ, ਮੁੱਖ ਮੰਤਰੀ ਸਰ ਸਿਕੰਦਰ ਹਯਾਤ ਖਾਨ ਟਿਵਾਣਾ) ਮਸੀਹਾ ਬਣ ਕੇ ਬਹੁੜਿਆ। ਉਸ ਨੇ 1929 ਵਿਚ ਪੰਜਾਬ ਲੈਂਡ ਰੈਵਿਨਿਊ ਐਕਟ ਰਾਹੀਂ ਜਾਗੀਰਦਾਰਾਂ ਦੇ ਅਧਿਕਾਰ ਸੀਮਤ ਕਰਕੇ ਮੁਜ਼ਾਰਿਆਂ ਨੂੰ ਜ਼ਮੀਨਾਂ ਦਾ ਹੱਕ ਦਿਵਾਇਆ ਅਤੇ 1930 ਵਿਚ ਪੰਜਾਬ ਰੈਗੂਲੇਸ਼ਨ ਆਫ ਅਕਾਊਂਟਸ ਐਕਟ ਪਾਸ ਕਰ ਕੇ ਜਨਤਾ ਨੂੰ ਸੂਦਖੋਰ ਸ਼ਾਹੂਕਾਰਾਂ ਦੇ ਖੂਨੀ ਪੰਜੇ ਤੋਂ ਮੁਕਤ ਕਰਵਾਇਆ। 1955-56 ਵਿਚ ਚੱਲੀ ਮੁਜ਼ਾਰਾ ਲਹਿਰ ਨੇ ਪੰਜਾਬ ਵਿਚੋਂ ਜਾਗੀਰਦਾਰੀ ਸਿਸਟਮ ਬਿਲਕੁਲ ਹੀ ਖਤਮ ਕਰ ਦਿੱਤਾ। ਮਾਲਕੀ (ਏਕੜਾਂ ਦੀ ਗਿਣਤੀ) ਨਿਸ਼ਚਿਤ ਕਰ ਦਿੱਤੀ ਗਈ ਤੇ ਜਿਸ ਦਾ ਹਲ ਉਸ ਦੀ ਜ਼ਮੀਨ, ਵਰਗੇ ਕਾਨੂੰਨ ਪਾਸ ਹੋਏ।

ਜੱਟਾਂ ਵਾਸਤੇ ਦੂਸਰਾ ਮਸੀਹਾ ਸਾਬਤ ਹੋਇਆ ਪੰਜਾਬ ਦਾ ਗਾਥਾਮਈ ਮੁੱਖ ਮੰਤਰੀ (1901-1965) ਸ. ਪ੍ਰਤਾਪ ਸਿੰਘ ਕੈਰੋਂ। ਉਸ ਨੇ ਹਰੀ ਕ੍ਰਾਂਤੀ ਦੀ ਸ਼ੁਰੂਆਤ ਕਰ ਕੇ ਪੰਜਾਬ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਪਹਿਲਾਂ ਪੰਜਾਬ ਵਿਚ ਸਾਰੇ ਸਾਲ ਦੌਰਾਨ ਸਿਰਫ ਇੱਕ ਹੀ ਫਸਲ, ਕਣਕ ਹੁੰਦੀ ਸੀ। ਜੱਟ ਖੇਤਾਂ ਵਿਚੋਂ ਘਾਹ, ਪੋਹਲੀ, ਇਟਸਿਟ, ਅੱਕ, ਢੱਕ, ਬਾਥੂ, ਲੇਹਾ, ਭਖੜਾ, ਪਾਪੜਾ ਅਤੇ ਮੈਣਾ ਆਦਿ ਗੋਡਦੇ ਹੀ ਪ੍ਰਲੋਕ ਸਿਧਾਰ ਜਾਂਦੇ ਸਨ। ਪੇਂਡੂ ਸਕੂਲ, ਨਹਿਰਾਂ, ਸੇਮ ਨਾਲੇ, ਪਿੰਡ-ਪਿੰਡ ਬਿਜਲੀ, ਸੜਕਾਂ, ਟਿਊਬਵੈੱਲ, ਟਰੈਕਟਰ, ਮੁਰੱਬੇਬੰਦੀ, ਭਾਖੜਾ ਡੈਮ, ਚੰਡੀਗੜ੍ਹ ਅਤੇ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ) ਕੈਰੋਂ ਦੀ ਹੀ ਦੇਣ ਹੈ। ਝੋਨੇ ਅਤੇ ਨਰਮੇ ਦੀ ਕਮਾਈ ਨੇ ਲਹਿਰਾਂ ਬਹਿਰਾਂ ਕਰ ਦਿੱਤੀਆਂ। ਵਿਦਿਆ ਨੇ ਜੱਟਾਂ ਦਾ ਤੀਸਰਾ ਨੇਤਰ ਖੋਲ੍ਹ ਦਿੱਤਾ, ਪੇਂਡੂ ਸਕੂਲਾਂ ਦੇ ਪੜ੍ਹੇ ਬੱਚੇ ਸਰਕਾਰੀ ਨੌਕਰੀਆਂ ’ਤੇ ਭਰਤੀ ਹੋਣ ਲੱਗ ਪਏ। ਜੇ ਕਿਤੇ ਉਸ ਦੀ ਬੇਵਕਤੀ ਮੌਤ ਨਾ ਹੋਈ ਹੁੰਦੀ, ਤਾਂ ਪਤਾ ਨਹੀਂ ਉਹ ਪੰਜਾਬ ਨੂੰ ਕਿੱਥੇ ਦਾ ਕਿੱਥੇ ਲੈ ਜਾਂਦਾ। ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਵੀ ਜੱਟਾਂ ਦੀ ਭਲਾਈ ਵਾਸਤੇ ਕਈ ਸਕੀਮਾਂ ਚਲਾਈਆਂ। ਪਰ ਐਨਾ ਕੁਝ ਹੋਣ ਦੇ ਬਾਵਜੂਦ ਵੀ ਜੱਟਾਂ ਨੇ ਆਪਣੀਆਂ ਪੁਰਾਣੀਆਂ ਆਦਤਾਂ ਨਹੀਂ ਛੱਡੀਆਂ। ਇਹ ਯਹੂਦੀਆਂ ਵਾਂਗ ਸੰਸਾਰ ਦੀ ਨੰਬਰ ਇੱਕ ਕੌਮ ਬਣ ਸਕਦੇ ਸਨ, ਪਰ ਸ਼ੋਸ਼ੇਬਾਜ਼ੀ, ਸੌਂਕਣ ਸਾੜਾ, ਸਿਆਸੀ ਖਿੱਚ ਧੂਹ, ਲੜਾਈ-ਝਗੜੇ, ਕਤਲਾਂ, ਨਸ਼ਿਆਂ ਅਤੇ ਸ਼ਰਾਬ ਨੇ ਇਨ੍ਹਾਂ ਨੂੰ ਗੁਰਬਤ ਵਿਚੋਂ ਨਿਕਲਣ ਨਹੀਂ ਦਿੱਤਾ। ਖੂਹ ਦੀ ਮਿੱਟੀ ਖੂਹ ਵਿਚ ਹੀ ਲੱਗ ਜਾਂਦੀ ਹੈ। ਅੱਜ ਪੰਜਾਬ ਦੀਆਂ ਅਦਾਲਤਾਂ ਵਿਚ 80-85% ਫੌਜ਼ਦਾਰੀ ਮੁਕੱਦਮੇ ‘ਕੱਲੇ ਜੱਟਾਂ ਦੇ ਹੀ ਚੱਲ ਰਹੇ ਹਨ। ਕਚਿਹਰੀ ਵਿਚ ਨਿਗਾਹ ਮਾਰ ਲਉ, ਹਰ ਪਾਸੇ ਚਿੱਟੇ ਕੱਪੜੇ ਪਾਈ ਜੱਟ ਇਵੇਂ ਟਹਿਲਦੇ ਦਿਖਾਈ ਦੇਣਗੇ, ਜਿਵੇਂ ਬਹੁਤ ਵੱਡਾ ਮਾਅਰਕਾ ਮਾਰਿਆ ਹੋਵੇ। ਹੁਣ ਤਾਂ ਕੈਨੇਡਾ ਵਿਚ ਵੀ ਪੰਜਾਬੀ ਸਟੂਡੈਂਟਾਂ ਦੀਆਂ ਛਿੱਤਰੋ-ਛਿਤਰੀ ਹੋਣ ਦੀਆਂ ਵੀਡੀਉ ਵਾਇਰਲ ਹੋ ਰਹੀਆਂ ਹਨ।

ਰਹੀ ਸਹੀ ਕਸਰ ਹੁਣ ਨਵੀਂ ਪੀੜ੍ਹੀ ਨੇ ਕੱਢ ਦਿੱਤੀ ਹੈ। ਲੱਗਦਾ ਹੈ 50 ਸਾਲਾਂ ਤੱਕ ਪੰਜਾਬ ਵਿਚ ਕੋਈ ਜੱਟ ਰਹਿਣਾ ਹੀ ਨਹੀਂ। ਲੋਕ ਧੜਾਧੜ ਜ਼ਮੀਨਾਂ ਵੇਚ ਕੇ ਬੱਚੇ ਬਾਹਰ ਭੇਜ ਰਹੇ ਹਨ। ਜੱਟਾਂ ਵਿਚ ਇੱਕ ਹੋਰ ਮਾੜੀ ਆਦਤ ਭੂਤਕਾਲ ਵਿਚ ਜਿਊਣ ਦੀ ਹੈ। ਜੋ ਕੁਝ ਕੋਲ ਹੈ, ਉਸ ਨੂੰ ਭੁੱਲ ਕੇ ਪਿੱਛੇ ਪਕਿਸਤਾਨ ਦੀਆਂ ਬਾਰਾਂ ਵਿਚ ਰਹਿ ਗਏ ਮੁਰੱਬਿਆਂ ਦੀਆਂ ਗੱਲਾਂ ਕਰ ਕੇ ਹੌਕੇ ਭਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਜੱਟਾਂ ਦੀ ਹਰ ਗੋਤ ਆਪਣੇ ਆਪ ਨੂੰ ਕਿਸੇ ਨਾ ਕਿਸੇ ਰਾਜੇ ਦੇ ਖਾਨਦਾਨ ਨਾਲ ਜੋੜਦੀ ਹੈ। ਕੋਈ ਆਪਣੇ ਆਪ ਨੂੰ ਜੈਸਲਮੇਰ ਤੇ ਕੋਈ ਬੀਕਾਨੇਰ ਦੇ ਰਾਜੇ ਦਾ ਵੰਸ਼ਜ ਦੱਸ ਰਿਹਾ ਹੈ। ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਰਾਜਪੂਤ, ਜਾਟਾਂ ਨੂੰ ਹਮੇਸ਼ਾਂ ਤੋਂ ਨੀਵੀਂ ਜ਼ਾਤ ਸਮਝ ਕੇ ਤ੍ਰਿਸਕਾਰ ਨਾਲ ਵੇਖਦੇ ਰਹੇ ਹਨ। ਰਾਜਸਥਾਨ ਵਿਚ ਤਾਂ ਅੱਜ ਵੀ ਕੋਈ ਰਾਜਪੂਤ ਜਾਟਣੀ ਨਾਲ ਵਿਆਹ ਨਹੀਂ ਕਰਵਾਉਂਦਾ, ਜੇ ਕਰਵਾ ਵੀ ਲਿਆ ਹੋਵੇ ਤਾਂ ਬੱਚੇ ਨੇ ਆਪਣੇ ਪਿਉ ਦੀ ਜ਼ਾਤ ਧਾਰਨ ਕਰਨੀ ਸੀ ਕਿ ਮਾਂ ਦੀ? ਉਹ ਆਪਣੀ ਹਾਕਮ ਜ਼ਮਾਤ ਰਾਜਪੂਤ ਛੱਡ ਕੇ ਜੱਟ ਕਿਉਂ ਬਣਦਾ? ਜੱਟ ਵੀ ਬਾਕੀ ਜ਼ਾਤਾਂ ਵਾਂਗ ਹਜ਼ਾਰਾਂ ਸਾਲਾਂ ਤੋਂ ਪੰਜਾਬ ਵਿਚ ਹੀ ਰਹਿ ਰਹੇ ਹਨ। ਕਿਸੇ ਇੱਕ ਬੰਦੇ ਦੀ ਔਲਾਦ ਤੋਂ ਐਨੀ ਜਨਸੰਖਿਆ ਪੈਦਾ ਨਹੀਂ ਹੋ ਸਕਦੀ ਤੇ ਨਾ ਹੀ ਰਾਜਪੂਤ ਤੋਂ ਜੱਟ ਬਣੇ ਕਿਸੇ ਵਿਅਕਤੀ ਨੂੰ ਜੈਸਲਮੇਰ ਤੋਂ 600 ਕਿ.ਮੀ. ਦੂਰ ਆ ਕੇ ਪੰਜਾਬ ਵਿਚ ਵੱਸਣ ਦੀ ਜ਼ਰੂਰਤ ਸੀ।

ਇਸ ਲਈ ਬੁਰੀਆਂ ਆਦਤਾਂ ਛੱਡ ਕੇ ਜੋ ਕੁਝ ਸਾਡੇ ਕੋਲ ਹੈ, ਉਸ ਨਾਲ ਗੁਜ਼ਾਰਾ ਕਰਨਾ ਸਿੱਖਣਾ ਚਾਹੀਦਾ ਹੈ। ਜੇ ਕਿਸੇ ਜ਼ਾਤ ਜਾਂ ਗੋਤਰ ਦਾ ਕੋਈ ਲੀਡਰ, ਮੰਤਰੀ ਜਾਂ ਅਫਸਰ ਬਣ ਜਾਂਦਾ ਹੈ ਤਾਂ ਬਹੁਤੀ ਖੁਸ਼ੀ ਨਹੀਂ ਮਨਾਉਣੀ ਚਾਹੀਦੀ। ਕੋਈ ਕਿਸੇ ਨੂੰ ਕੁਝ ਨਹੀਂ ਦਿੰਦਾ, ਸਭ ਆਪਣਾ ਹੀ ਢਿੱਡ ਭਰਦੇ ਹਨ। ਆਮ ਆਦਮੀ ਨੂੰ ਆਪਣੀ ਮਿਹਨਤ ਨਾਲ ਹੀ ਰੋਟੀ ਕਮਾਉਣੀ ਪੈਂਦੀ ਹੈ। ਜੇ ਜੱਟ ਅੱਜ ਵੀ ਦਿਲ ਲਗਾ ਕੇ ਵਿਗਿਆਨਕ ਤਰੀਕੇ ਨਾਲ ਖੇਤੀਬਾੜੀ ਕਰਨ ਤਾਂ ਗੁਜ਼ਾਰਾ ਵਧੀਆ ਚੱਲ ਸਕਦਾ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਭਾਰਤੀ ਆਰਥਿਕਤਾ ’ਚ ਹਾਸ਼ੀਏ ’ਤੇ ਆਮ ਆਦਮੀ

“ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਵਧਦਾ ਹੈ, ਤਾਂ ਫ਼ਾਇਦਾ ਕਿਸਨੂੰ ਹੁੰਦਾ ਹੈ, ਪ੍ਰਤੱਖ ਹੈ ਫ਼ਾਇਦਾ ਦੇਸ਼ ਦੇ ਸਿਖਰਲੇ ਅਮੀਰਾਂ ਨੂੰ ਹੁੰਦਾ ਹੈ।”

“ਭਾਰਤੀ ਹਾਕਮ” ਜਦੋਂ ਦਾਅਵੇਦਾਰੀ ਕਰਦਾ ਹੈ ਕਿ ਦੇਸ਼ ਦਾ ਘਰੇਲੂ ਉਤਪਾਦਨ ਵਧ ਗਿਆ ਹੈ ਜਾਂ ਵਧ ਰਿਹਾ ਹੈ ਅਤੇ ਆਰਥਿਕ ਤੌਰ ’ਤੇ ਭਾਰਤ ਮਜ਼ਬੂਤ ਹੋ ਕੇ ਦੁਨੀਆਂ ਭਰ ਵਿਚ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ, ਤਾਂ ਇਸਦਾ ਅਰਥ ਇਹ ਕਦਾਚਿੱਤ ਨਹੀਂ ਹੈ ਕਿ ਦੇਸ਼ ਦੇ ਲੋਕ ਖੁਸ਼ਹਾਲ ਹੋ ਗਏ ਹਨ, ਗਰੀਬੀ ਰੇਖਾ ਵਿਚੋਂ ਬਾਹਰ ਨਿਕਲ ਆਏ ਹਨ। ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਭਾਰਤ ਦੇ ਗਰੀਬਾਂ ਦੀ ਆਮਦਨ ’ਚ ਕੋਈ ਸੁਧਾਰ ਨਹੀਂ ਆਇਆ।

80 ਕਰੋੜ ਲੋਕਾਂ ਨੂੰ ਸਰਕਾਰੀ ਅੰਕੜਿਆਂ ਅਨੁਸਾਰ ਹਰ ਮਹੀਨੇ ਸਰਕਾਰੀ ਖਾਤੇ ਵਿਚੋਂ ਕਣਕ, ਚਾਵਲ ਮੁਫ਼ਤ ਮੁਹੱਈਆ ਕੀਤੀ ਜਾ ਰਹੀ ਹੈ। “ਦੀ ਨੈਸ਼ਨਲ ਫੂਡ ਸਕਿਉਰਿਟੀ ਐਕਟ 2013” ਭਾਵ ਸਭ ਲਈ ਭੋਜਨ ਐਕਟ ਭਾਰਤ ਦੀ ਕੁੱਲ 140 ਕਰੋੜ ਆਬਾਦੀ ਦੀ ਦੋ ਤਿਹਾਈ ਆਬਾਦੀ ਲਈ 12 ਸਤੰਬਰ 2013 ਨੂੰ ਪਾਰਲੀਮੈਂਟ ’ਚ ਪਾਸ ਹੋਇਆ ਤੇ ਦੇਸ਼ ਭਰ ’ਚ ਲਾਗੂ ਹੋਇਆ।

ਅੰਕੜੇ ਵਿਚਾਰੋ, ਭਾਰਤ ਦੀ ਕੁਲ ਆਬਾਦੀ ਹੈ, 2022 ਅਨੁਸਾਰ 141 ਕਰੋੜ ਤੋਂ ਥੋੜ੍ਹੀ ਵੱਧ ਹੈ। ਜਿਨ੍ਹਾਂ ਵਿਚ ਅਤਿ ਦੇ ਗਰੀਬ ਤਿੰਨ ਫ਼ੀਸਦੀ ਹਨ, ਉਨ੍ਹਾਂ ਵਿਚੋਂ 0.9 ਫ਼ੀਸਦੀ (2020 ਦੇ ਅੰਕੜਿਆਂ ਅਨੁਸਾਰ) ਪ੍ਰਤੀ ਜੀਅ 1.9 ਡਾਲਰ ਭਾਵ 150 ਰੁਪਏ ਹੀ ਕਮਾਉਂਦੇ ਹਨ। ਕੁਲ ਆਬਾਦੀ ਦੇ 18.2 ਫ਼ੀਸਦੀ ਦੀ ਔਸਤ ਆਮਦਨ 3.2 ਡਾਲਰ 256 ਰੁਪਏ ਅਤੇ 3.3 ਫ਼ੀਸਦੀ ਦੀ ਔਸਤ ਆਮਦਨ 6.85 ਡਾਲਰ ਭਾਵ 550 ਰੁਪਏ ਰੋਜ਼ਾਨਾ ਤੋਂ ਘੱਟ ਹੈ। ਇਸ ਨਿਗੁਣੀ ਆਮਦਨ ’ਚ ਦੇਸ਼ ਦੀ ਵੱਡੀ ਗਿਣਤੀ ਕਿਵੇਂ ਗੁਜ਼ਾਰਾ ਕਰਦੀ ਹੈ? ਇਹ ਪ੍ਰਤੱਖ ਹੈ।

ਅਸਲ ਵਿਚ ਭਾਰਤ ’ਚ ਅਮੀਰ-ਗਰੀਬ ਦਾ ਪਾੜਾ ਵੱਡਾ ਹੈ, ਦੇਸ਼ ਦੀ ਉਪਰਲੀ ਇਕ ਫ਼ੀਸਦੀ ਅਮੀਰ ਆਬਾਦੀ ਕੋਲ ਦੇਸ਼ ਦੀ ਕੁੱਲ ਧਨ ਦੌਲਤ ਦੀ 58 ਫ਼ੀਸਦੀ ਮਾਲਕੀ ਹੈ, ਦੇਸ਼ ਦੀ ਉਪਰਲੀ 10 ਫ਼ੀਸਦੀ ਆਬਾਦੀ ਕੋਲ ਸੰਪਤੀ ਦੀ 80 ਫ਼ੀਸਦੀ ਮਾਲਕੀ ਹੈ। ਅਮੀਰ ਦੀ ਦੌਲਤ ’ਚ ਸਰਕਾਰ ਦੀਆਂ ਧੰਨ ਕੁਬੇਰਾਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਅਤੇ ਨਿੱਜੀਕਰਨ ਦੀ ਪਾਲਿਸੀ ਕਾਰਨ ਧੰਨ ਦੇ ਅੰਬਾਰ ਲੱਗ ਰਹੇ ਹਨ। ਕਰੋਨਾ ਕਾਲ (2020) ’ਚ ਤਾਂ ਅਮੀਰਾਂ ਅਤੇ ਖਰਬਪਤੀਆਂ ਦੀ ਗਿਣਤੀ ਬੇਹਿਸਾਬੀ ਵਧੀ ਤੇ ਗਰੀਬ ਹੋਰ ਗਰੀਬ ਹੋਏ।

ਦੇਸ਼ ਦੇ ਇਹੋ ਜਿਹੋ ਹਾਲਾਤਾਂ ਦੇ ਮੱਦੇਨਜ਼ਰ ਅਮਰੀਕਾ ਦੇ ਰਿਸਰਚ ਸੈਂਟਰ ਪੀ.ਈ. ਡਬਲਯੂ. (ਪੀ.ਊ.) ਵੱਲੋਂ ਕੀਤਾ ਗਿਆ ਇਕ ਸਰਵੇ ਅੰਦਰਲਾ ਸੱਚ ਪੇਸ਼ ਕਰਦਾ ਹੈ ਕਿ ਹਾਲੀਆ ਸਾਲਾਂ ਦੌਰਾਨ ਭਾਰਤ ਦੀ ਤਾਕਤ ਜਾਂ ਅਸਰ-ਰਸੂਖ ਵਿਚ ਕੋਈ ਵਾਧਾ ਨਹੀਂ ਹੋਇਆ, ਭਾਵੇਂ ਕਿ ਦੇਸ਼ ਦੇ ਹੁਕਮਰਾਨ, ਸਰਕਾਰ ਦੇ ਹਰ ਵਕਤ ਪੱਬਾਂ ਭਾਰ ਰਹਿਣ ਅਤੇ ਇਸਦੇ ਮੰਤਰੀਆਂ ਦੀ ਬਿਹਤਰੀਨ ਊਰਜਾ ਸ਼ੋਰ-ਸ਼ਰਾਬੇ ਨੂੰ ਵਧਾਉਂਦੀ ਰਹਿਣ ਕਰਕੇ ਭਰਮ ਪੈਦਾ ਕਰ ਸਕਦੀ ਹੈ ਅਤੇ ਦੇਸ਼ ਨੂੰ ਦੁਨੀਆਂ ਦਾ ਨੰਬਰ ਇੱਕ ਦੇਸ਼ ਬਨਾਉਣ ਦੇ ਦਾਅਵੇ ਕਰਦੀ ਹੈ।

ਦੇਖਣ ਸਮਝਣ ਵਾਲੀ ਗੱਲ ਇਹ ਹੈ ਕਿ ਆਲਮੀ ਵਿਕਾਸ ਵਿਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਦਾ ਦਾਅਵਾ ਕਰਨ ਵਾਲੇ ਦੇਸ਼ ਭਾਰਤ ਦਾ ਇਸ ਸਾਲ ਹੁਣ ਤੱਕ ਵੀ ਸਿੱਧਾ ਨਿਵੇਸ਼ ਕਿਉਂ ਸੁੰਗੜ ਗਿਆ ਹੈ? ਦੇਸ਼ ਦਾ 2022 ਵਿਚ ਵਿਦੇਸ਼ੀ ਪੋਰਟਫੋਲਿਓ ਨਿਵੇਸ਼ ਘੱਟ ਗਿਆ ਸੀ ਅਤੇ 2023 ਵਿਚ ਇਸ ਨੂੰ ਮੋੜਾ ਪਿਆ ਸੀ।



ਭਾਰਤ ਕੋਲ “ਮੁਕਤ ਵਪਾਰ” ਸਮਝੌਤਿਆਂ ਦੇ ਐਲਾਨਾਂ ਤੋਂ ਬਿਨਾਂ ਪੱਲੇ ਕੁੱਝ ਵੀ ਨਹੀਂ ਹੈ। ਜੀ-20 ਸੰਮੇਲਨ ਇਸ ਦੀ ਉਦਾਹਰਨ ਹੈ, ਇਸ ਦੌਰਾਨ ਭਾਰਤ ਮੱਧ-ਪੂਰਬ ਤੇ ਯੂਰਪ ਤੱਕ ਆਰਥਿਕ ਗਲਿਆਰਾ ਬਣਾਉਣ ਦੀ ਜੋ ਸਹਿਮਤੀ ਬਣੀ ਹੈ, ਉਸ ਅਨੁਸਾਰ ਯੂਰਪ ਤੋਂ ਮੱਧ ਪੂਰਬ ਦੇ ਦੇਸ਼ਾਂ ਵਿਚ ਮਾਲ ਭੇਜਣਾ ਤੇ ਮੰਗਵਾਉਣਾ ਤੈਅ ਹੋਇਆ ਹੈ। ਜਿਸ ਨਾਲ ਵਪਾਰਕ ਹਿੱਤਾਂ ਨੂੰ ਹੁਲਾਰਾ ਮਿਲੇਗਾ। ਪਰ ਕੀ ਇਹ ਸੁਪਨਾ ਸਾਰਥਿਕ ਹੋ ਸਕੇਗਾ? ਕਿਉਂਕਿ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ, ਅਫਗਾਨਿਸਤਾਨ ਜੀ-20 ਦੇ ਮੈਂਬਰ ਨਹੀਂ। ਤਾਂ ਫਿਰ ਹੁਲਾਰਾ ਕਿਵੇਂ ਮਿਲੇਗਾ?

ਭਾਰਤ ਜੀ-20 ਸੰਮੇਲਨ ਦੀ ਸਫ਼ਲਤਾ ਉੱਤੇ ਪ੍ਰਸੰਨ ਹੈ। ਕੱਛਾਂ ਵਜਾ ਰਿਹਾ ਹੈ। ਪਰ ਵੇਖਣ ਵਾਲੀ ਗੱਲ ਤਾਂ ਇਹ ਹੋਏਗੀ ਕਿ ਭਾਰਤ ਇਸ ਵਪਾਰਕ ਸਹਿਮਤੀ ਵਿਚੋਂ ਖੱਟੇਗਾ ਕੀ? ਇਸ ਦਾ ਲਾਹਾ ਤਾਂ ਦੇਸ਼ ਦੇ ਕਾਰਪੋਰੇਟ ਤੇ ਧੰਨ-ਕੁਬੇਰ ਲੈ ਜਾਣਗੇ, ਆਮ ਲੋਕਾਂ ਪੱਲੇ ਕੁਝ ਨਹੀਂ ਪਵੇਗਾ। ਉਨ੍ਹਾਂ ਦੀ ਆਰਥਿਕ ਹਾਲਤ ਨਹੀਂ ਸੁਧਰੇਗੀ।

ਜੀ-20 ਸੰਮੇਲਨ ਦੀ ਸਫ਼ਲਤਾ ਦੀਆਂ ਨਰੇਂਦਰ ਮੋਦੀ ਸਰਕਾਰ ਖੁਸ਼ੀਆਂ ਮਨਾ ਰਹੀ ਹੈ। ਕੇਂਦਰੀ ਕੈਬਨਿਟ ਵੱਲੋਂ ਨਰੇਂਦਰ ਮੋਦੀ ਨੂੰ ਵਧਾਈ ਦਿੱਤੀ ਜਾ ਰਹੀ ਹੈ। ਜੀ-20 ਦੀ ਸਫ਼ਲਤਾ ਲਈ ਭਾਜਪਾ ਵੱਲੋਂ ਸ਼ਲਾਘਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪ੍ਰਸੰਨ ਹਨ। ਜੀ-20 ਸੰਮੇਲਨ ਦੀ ਪ੍ਰਾਹੁਣਾਚਾਰੀ ’ਤੇ ਦੇਸ਼ ਭਾਰਤ ਦੇ ਲੋਕਾਂ ਤੋਂ ਉਗਰਾਹੇ ਟੈਕਸ ਵਿਚੋਂ 4100 ਕਰੋੜ ਰੁਪਏ ਖਰਚੇ ਗਏ ਹਨ। ਜਦਕਿ ਬਜਟ ਵਿਚ ਸਿਰਫ਼ ਇਸ ਸੰਮੇਲਨ ਲਈ 990 ਕਰੋੜ ਰੱਖੇ ਗਏ ਹਨ। ਇਸ ਵੱਡੇ ਖ਼ਰਚ ਨਾਲ ਆਮ ਆਦਮੀ ਦੇ ਪੱਲੇ ਕੀ ਪਿਆ?

ਭਾਰਤ ਦੇਸ਼ ਦਾ ਨਾਂਅ, ਜੀ-20 ਦੇ ਉਨ੍ਹਾਂ ਚਾਰ ਮੁਲਕਾਂ ਬ੍ਰਾਜੀਲ, ਮੈਕਸੀਕੋ, ਅਫ਼ਰੀਕਨ ਯੂਨੀਅਨ ’ਚ ਸ਼ਾਮਲ ਹੈ, ਜਿਥੋਂ ਦੇ ਲੋਕ ਭੁੱਖਮਰੀ ਦੇ ਸ਼ਿਕਾਰ ਹਨ, ਜਿੱਥੇ ਨਾ-ਬਰਾਬਰੀ ਹੈ, ਜਿੱਥੇ ਸਮਾਜ ਵਿਚ ਆਰਥਿਕ ਪਾੜਾ ਅੰਤਾਂ ਦਾ ਹੈ। ਇਨ੍ਹਾਂ ਕਮਜ਼ੋਰ ਦੇਸ਼ਾਂ ਵਿਚੋਂ ਇਕ ਦੇਸ਼ ਬ੍ਰਾਜੀਲ ਹੁਣ 2024 ਦੇ ਸਿਖਰ ਸੰਮੇਲਨ ਦੀ ਅਗਵਾਈ ਕਰੇਗਾ। ਇਹ ਜੀ-20 ਸੰਸਥਾ ਹੁਣ 20 ਦੇਸ਼ਾਂ ਦੀ ਨਹੀਂ, ਯੂਰਪ, ਏਸ਼ੀਆ ਤੇ ਅਫ਼ਰੀਕਾ ਦੇ ਵੱਡੀ ਗਿਣਤੀ ਦੇਸ਼ਾਂ ਦੀ ਸੰਸਥਾ ਹੈ। ਅਫ਼ਰੀਕਨ ਯੂਨੀਅਨ ਇਸ ਵਾਰ ਇਸ ਸੰਸਥਾ ’ਚ ਸ਼ਾਮਲ ਕੀਤੀ ਗਈ ਹੈ, ਜਿਸ ਦੇ 55 ਅਫ਼ਰੀਕਨ ਮੁਲਕ ਮੈਂਬਰ ਹਨ। ਇਹ ਅਫ਼ਰੀਕਨ ਮੁਲਕ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਆਰਥਿਕ ਨਾ ਬਰਾਬਰੀ, ਵਿਦਿਅਕ ਅਤੇ ਸਨਅਤੀ ਪੱਛੜੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨ ਰਹੇ ਭਾਰਤ ਨੇ ਇਨ੍ਹਾਂ ਮੁੱਦਿਆਂ ’ਤੇ ਜੀ-20 ’ਚ ਕੋਈ ਗੱਲ ਤੱਕ ਨਹੀਂ ਕੀਤੀ, ਇਸ ਕਿਸਮ ਦਾ ਆਮ ਆਦਮੀ ਦਾ ਕੋਈ ਮੁੱਦਾ ਨਹੀਂ ਉਭਾਰਿਆ। ਸਗੋਂ ਅਮੀਰ-ਪ੍ਰਾਹੁਣਾਚਾਰੀ ਨਾਲ ਦੇਸ਼ ਦੀ ਹਾਲਤ ਢਕਣ ਦਾ ਕੰਮ ਕੀਤਾ।

ਜੀ-20 ਸੰਮੇਲਨ ਦੌਰਾਨ ਊਰਜਾ ਤੇ ਨਵੇਂ ਸਰੋਤਾਂ ਨੂੰ ਉਤਸ਼ਾਹਤ ਕਰਨ ਅਤੇ 2030 ਤੱਕ ਕੋਲੇ ਉੱਤੇ ਨਿਰਭਰਤਾ ਖ਼ਤਮ ਕਰਨ ਲਈ ਕਿਹਾ ਗਿਆ, ਤਾਂ ਕਿ ਪ੍ਰਦੂਸ਼ਨ ਰੋਕ ਕੇ ਸਾਫ਼-ਸੁਥਰੇ ਵਾਤਾਵਰਨ ਦੀ ਉਸਾਰੀ ਹੋ ਸਕੇ। ਇਸ ਸੰਮੇਲਨ ਦਾ ਮੁੱਖ ਮੰਤਵ “ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ ਸੀ”, ਜਿਸ ਤਹਿਤ ਭੋਜਨ ਸੁਰੱਖਿਆ, ਵਾਤਾਵਰਨ ਅਤੇ ਊਰਜਾ ਨੇ ਵਿਕਾਸ, ਸਿਹਤ ਅਤੇ ਡਿਜ਼ੀਟੀਲਾਈਜੇਸ਼ਨ ਜਿਹੇ ਮੁੱਦੇ ਵਿਚਾਰੇ ਗਏ।

ਵਿਕਾਸਸ਼ੀਲ ਦੇਸ਼ ਜਪਾਨ, ਆਸਟ੍ਰੇਲੀਆ, ਕੈਨੇਡਾ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਮੈਕਸੀਕੋ, ਭਾਰਤ, ਰਿਪਬਲਿਕ ਆਫ ਕੋਰੀਆ, ਸਾਊਦੀ ਅਰਬ, ਸਾਊਥ ਅਫ਼ਰੀਕਾ, ਯੂ.ਕੇ., ਅਮਰੀਕਾ, ਯੂਰਪੀਅਨ ਤੋਂ ਬਿਨਾਂ ਬੰਗਲਾਦੇਸ਼, ਯੂ.ਏ.ਈ., ਨੀਂਦਰਲੈਂਡ, ਨਾਈਜੀਰੀਆ ਆਦਿ ਨੂੰ ਇਸ ਸੰਮੇਲਨ ਦਾ ਹਿੱਸਾ ਬਣਾਇਆ ਗਿਆ। ਸੰਮੇਲਨ ’ਚ 10 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਡਬਲਯੂ.ਐੱਚ.ਓ., ਵਰਲਡ ਬੈਂਕ ਆਦਿ ਨੇ ਹਿੱਸਾ ਲਿਆ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਇਸ ਸੰਮੇਲਨ ’ਚ ਵੱਡੇ ਮੁੱਦੇ ਵਿਚਾਰੇ ਗਏ, ਪਰ ਇਸ ਸੰਮੇਲਨ ’ਚ ਆਮ ਆਦਮੀ ਤਾਂ ਗਾਇਬ ਹੀ ਸੀ, ਉਸ ਦੇ ਮੁੱਦੇ ਵੀ ਗਾਇਬ ਸਨ। ਉਸਦੀ ਆਰਥਿਕ ਹਾਲਤ ਉਤੇ ਚਿੰਤਨ ਨਹੀਂ ਕੀਤਾ ਗਿਆ।

ਜਿਵੇਂ ਕਿ ਭਾਰਤ ਨੂੰ ਜੀ-20 ਸੰਮੇਲਨ ’ਚ ਮੌਕਾ ਸੀ, ਕਿਉਂਕਿ ਇਸ ਵਾਰ ਭਾਰਤ ਜੀ-20 ਸੰਮੇਲਨ ਦਾ ਪ੍ਰਧਾਨ ਸੀ, ਪ੍ਰਾਹੁਣਚਾਰੀ ਵੀ ਉਸ ਕੋਲ ਸੀ, ਤਾਂ ਭਾਰਤ ਅਤੇ ਇਸ ਵਰਗੇ ਹੋਰ ਕਮਜ਼ੋਰ, ਗਰੀਬ ਦੇਸ਼ਾਂ ਦੇ ਮਸਲਿਆਂ ਨੂੰ ਅੰਤਰਰਾਸ਼ਟਰੀ ਮੰਚ ਉੱਤੇ ਸਾਂਝਾ ਕੀਤਾ ਜਾ ਸਕਦਾ ਸੀ। ਅਮਰੀਕਾ ਵਰਗਾ “ਥਾਣੇਦਾਰ ਦੇਸ਼” ਜਿਸਨੂੰ ਦੁਨੀਆਂ ਭਰ ’ਚ ਧੌਂਸ ਜਮਾਉਣ ਵਾਲੇ ਖੋਰੂ ਪਾਊ ਦੇਸ਼ ਵਜੋਂ ਜਾਣਿਆ ਜਾਂਦਾ ਹੈ, ਉਸ ਅੱਗੇ ਸ਼ੀਸ਼ਾ ਦਿਖਾਉਣਾ ਬਣਦਾ ਸੀ, ਤਾਂ ਕਿ ਪਤਾ ਲੱਗਦਾ ਕਿ ਉਹ ਸਮੁੱਚੇ ਜਗਤ ਵਿਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਨ ਵਾਲਾ ਦੇਸ਼ ਹੈ, ਜਿਸਦਾ ਖਾਮਿਆਜਾ ਗਰੀਬ ਜਾਂ ਕੁੱਝ ਤਰੱਕੀ ਕਰ ਰਹੇ ਦੇਸ਼ ਭੁਗਤਦੇ ਹਨ। ਮੰਗ ਹੋਣੀ ਚਾਹੀਦੀ ਸੀ ਕਿ ਅਮਰੀਕਾ ਇਸਦਾ ਇਵਜ਼ਾਨਾ ਦੇਵੇ।

ਅਫਰੀਕਨ ਯੂਨੀਅਨ ਨੂੰ ਭਾਰਤ ਦੀ ਪਹਿਲਕਦਮੀ ’ਤੇ ਜੀ-20 ’ਚ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ 55 ਦੇਸ਼ ਹਨ ਅਤੇ ਬਹੁਤ ਗਰੀਬ ਹਨ, ਜੇਕਰ ਭਾਰਤ ਆਪਣੀਆਂ ਅਤੇ ਆਪਣੇ ਵਰਗੇ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸਰਦੇ-ਪੁਜਦੇ ਦੇਸ਼ਾਂ ਸਾਹਮਣੇ ਰੱਖਦਾ, ਬੇਰੁਜ਼ਗਾਰੀ, ਭੁੱਖਮਰੀ ਵਰਗੀਆਂ ਅਲਾਮਤਾਂ ਅਤੇ ਸਿੱਖਿਆ, ਸਿਹਤ ਲਈ ਨਵੇਂ ਪ੍ਰੋਜੈਕਟਾਂ ਤੇ ਉਨ੍ਹਾਂ ’ਚ ਵਿਕਸਤ ਦੇਸ਼ਾਂ ਦੀ ਸਾਂਝ ਭਿਆਲੀ ਦੀ ਗੱਲ ਕਰਦਾ, ਤਾਂ ਸਮਝਿਆ ਜਾਂਦਾ ਕਿ ਆਮ ਆਦਮੀ ਜੀ-20 ਵਿਚ ਵੀ ਸ਼ਾਮਿਲ ਸੀ।

ਜਦੋਂ ਭਾਰਤ ਆਪਣੀ ਆਰਥਿਕ ਤਰੱਕੀ ਦੀਆਂ ਗੱਲਾਂ ਵੱਡੇ ਪੱਧਰ ’ਤੇ ਕਰਦਾ ਹੈ, ਤਾਂ ਕੁੱਝ ਕੁ ਦਰਜਨ ਚੋਣਵੇਂ ਮੁਲਕਾਂ ਦੇ ਲੋਕ ਭਾਰਤ ਬਾਰੇ ਨੇਕ ਖਿਆਲ ਰੱਖਦੇ ਹਨ। ਪਰ ਅਜਿਹੇ ਲੋਕਾਂ ਦੀ ਜਿੰਨੀ ਗਿਣਤੀ ਪਹਿਲਾਂ ਸਮਿਆਂ ’ਚ ਸੀ, ਉਹ ਘੱਟ ਗਈ ਹੈ। ਉਸਦਾ ਇਕ ਕਾਰਨ ਨਰੇਂਦਰ ਮੋਦੀ ਦੇ ਅਕਸ ਨੂੰ ਦੇਸ਼ ਦੇ ਅਕਸ ਨਾਲੋਂ ਵੱਧ ਉਭਾਰਨਾ ਵੀ ਹੈ।

ਭਾਰਤ ਵਿਕਾਸਸ਼ੀਲ ਦੇਸ਼ ਹੈ। ਇਸਦੀ ਆਰਥਿਕਤਾ, ਹੇਠਲੇ-ਨਿਮਨ ਮੱਧ-ਸ਼੍ਰੇਣੀ ਵਰਗ ’ਚ ਸ਼ਾਮਲ ਹੈ। ਇਸਦਾ ਉਦਯੋਗ ਅੱਗੇ ਵੱਧ ਰਿਹਾ ਹੈ। ਬਿਨ੍ਹਾਂ ਸ਼ੱਕ ਖੇਤੀ-ਪ੍ਰਧਾਨ ਦੇਸ਼ ਭਾਰਤ ਦੀ ਵੱਡੀ ਗਿਣਤੀ ਆਬਾਦੀ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਦੇਸ਼ ਦੀ 67 ਫੀਸਦੀ ਆਬਾਦੀ ਪਿੰਡਾਂ ’ਚ ਵਸਦੀ ਹੈ। ਦੇਸ਼ ਦੀ ਆਰਥਿਕਤਾ ਦਾ ਧੁਰਾ ਵੀ ਖੇਤੀ ਹੈ। ਪਰ ਪਿਛਲੇ ਦਹਾਕਿਆਂ ’ਚ ਆਮ ਆਦਮੀ ਦੇ ਪਾਲਨਹਾਰ ਖੇਤੀ ਕਿੱਤੇ ਨੂੰ ਹਾਕਮਾਂ ਵਲੋਂ ਤਰਜੀਹ ਦੇਣਾ ਬੰਦ ਕਰਨ ਕਾਰਨ, ਇਸ ਆਰਥਿਕਤਾ ਦੀ ਮੁੱਢ ਖੇਤੀ ਨੂੰ ਸਿਉਂਕ, ਸੋਕਾ ਲੱਗਣ ਲੱਗਾ ਹੈ। ਸਿੱਟਾ ਆਮ ਆਦਮੀ ਦੀ ਆਰਥਿਕਤਾ ਡਗਮਗਾਉਣ ਲੱਗੀ ਹੈ।

ਲੋਕ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਆਉਣ ਲੱਗੇ ਹਨ। ਮੌਜੂਦਾ ਹਾਕਮ ਵੀ ਸਾਜ਼ਿਸ਼ਨ ਕਿਸਾਨਾਂ ਤੇ ਆਮ ਲੋਕਾਂ ਨੂੰ ਖੇਤੀ ਤੋਂ ਵੱਖ ਕਰਕੇ ਜ਼ਮੀਨ ਕਾਰਪੋਰੇਟਾਂ ਹੱਥ ਫੜਾਕੇ ਆਪਣਾ ਮੰਤਵ ਸਾਧਣਾਂ ਚਾਹੁੰਦੇ ਹਨ। ਹਾਕਮਾਂ ਵਲੋਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਉਦਯੋਗ ਸਥਾਪਿਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਵਿਸ਼ਵ ਦੇ ਵਿਕਸਤ ਮੁਲਕਾਂ ਦੀਆਂ ਕੰਪਨੀਆਂ ਭਾਰਤ ਵਰਗੀ ਮੰਡੀ ’ਚ ਵਪਾਰ ਕਰਨ ਵੱਲ ਸੇਧਿਤ ਹਨ। ਇਨ੍ਹਾਂ ਕੰਪਨੀਆਂ ਦਾ ਆਮ ਆਦਮੀ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ, ਕਿਉਂਕਿ ਮੁਨਾਫਾ ਕਮਾਉਣਾ ਹੀ ਉਨ੍ਹਾਂ ਦਾ ਮੁੱਖ ਮੰਤਵ ਹੁੰਦਾ ਹੈ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਹਿੰਗਾਈ, ਬੇਰੁਜ਼ਗਾਰੀ, ਭੈੜੇ ਸਿੱਖਿਆ ਅਤੇ ਸਿਹਤ ਪ੍ਰਬੰਧ ਵਿਚ ਆਮ ਆਦਮੀ ਸਬੰਧੀ ਹਾਕਮ ਧਿਰ ਦੀ ਭੂਮਿਕਾ ਕੀ ਹੈ? ਕੀ ਦੇਸ਼ ’ਚ ਉਸ ਲਈ ਸਮਾਜਿਕ ਸੁਰੱਖਿਆ ਹੈ? ਦਹਾਕਿਆਂ ਤੋਂ ਹੀ ਖ਼ਾਸ ਕਰਕੇ ਪਿਛਲੇ ਦਹਾਕੇ ਤੋਂ ਆਮ ਆਦਮੀ ਨੂੰ ਰੁਜ਼ਗਾਰ ਦੇਣ ਦੀ ਥਾਂ ਛੋਟੀਆਂ-ਮੋਟੀਆਂ ਸਹੂਲਤਾਂ, ਮੁਫ਼ਤ ਭੋਜਨ, ਤੁੱਛ ਸਬਸਿਡੀਆਂ ਦੇ ਕੇ ਵਿਹਲੜ ਬਨਣ ਵੱਲ ਤੋਰਿਆ ਜਾ ਰਿਹਾ ਹੈ। ਰੁਜ਼ਗਾਰ ਨਹੀਂ ਹੋਏਗਾ ਤਾਂ ਆਮ ਆਦਮੀ ਆਰਥਿਕ ਤਰੱਕੀ ਕਿਵੇਂ ਕਰੇਗਾ? ਉਸਦੀ ਆਰਥਿਕਤਾ ਕਿਵੇਂ ਸੁਧਰੇਗੀ?

ਸਿੱਕੇ ਦੇ ਫੈਲਾਅ ਕਾਰਨ, ਵਧਦੀ ਮਹਿੰਗਾਈ ਦੇ ਮੱਦੇਨਜ਼ਰ ਆਮ ਆਦਮੀ ਦੀ ਜੇਬ ਤਾਂ ਖਾਲੀ ਹੀ ਹੈ, ਬਟੂਆ ਵੀ ਖਾਲੀ ਰਹਿੰਦਾ ਹੈ। ਕਾਮਿਆਂ ਦੀਆਂ ਤਨਖਾਹਾਂ ਵੱਧ ਨਹੀਂ ਰਹੀਆਂ। ਮਗਨਰੇਗਾ ਸਕੀਮ ’ਚ ਮਿਲਦੀ ਮਜ਼ਦੂਰਾਂ ਦੀ ਦਿਹਾੜੀ ਉਸਦਾ ਅਤੇ ਉਸਦੇ ਟੱਬਰ ਦਾ ਪਾਲਣ-ਪੋਸ਼ਣ ਕਰ ਨਹੀਂ ਰਹੀ। ਉਸਨੂੰ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ। ਵਿੱਤੀ ਸਾਲ 2023 ਦੇ ਅੱਧ ਤੱਕ ਇੱਕ ਪ੍ਰਾਪਤ ਰਿਪੋਰਟ ਅਨੁਸਾਰ ਪਿਛਲੇ 30 ਸਾਲਾਂ ’ਚ ਇਹ ਪਹਿਲਾ ਸਮਾਂ ਹੈ, ਜਦੋਂ ਆਮ ਆਦਮੀ ਘੱਟ ਤੋਂ ਘੱਟ ਬਚਤ ਕਰ ਸਕਿਆ ਹੈ। ਸਿੱਟਾ ਆਰਥਿਕ ਤੰਗੀ ਕਾਰਨ ਉਸਦੀ ਮਾਨਸਿਕ ਤਕਲੀਫ ਅਤੇ ਮਾੜੀ ਸਿਹਤ ’ਚ ਨਿਕਲ ਰਿਹਾ ਹੈ।

“ਅੱਛੇ ਦਿਨਾਂ” ਦੀ ਆਸ ’ਚ, ਹਾਸ਼ੀਏ ’ਤੇ ਪਹੁੰਚੇ ਭਾਰਤੀ ਨਾਗਰਿਕਾਂ ਦੀਆਂ ਆਸਾਂ, ‘ਮਨ ਕੀ ਬਾਤ’ ਦੇ ਭਰਮ ਭਰੇ ਜਾਲ ’ਚ ਫਸੀਆਂ ਕਰਾਹ ਰਹੀਆਂ ਨਜ਼ਰ ਆ ਰਹੀਆਂ ਹਨ। ਪੇਂਡੂ ਇਲਾਕਿਆਂ ਵਿਚ ਰਹਿੰਦੇ 20 ਫੀਸਦੀ ਲੋਕਾਂ ਨੂੰ 7.2 ਫੀਸਦੀ ਨੋਟ ਪਸਾਰੇ ਅਤੇ ਸ਼ਹਿਰੀ ਇਲਾਕਿਆਂ ਵਿਚ 7.6 ਫੀਸਦੀ ਨੋਟ ਕਾਰਨ ਅੰਤਾਂ ਦੀ ਮਹਿੰਗਾਈ ਨੇ ਹਾਲੋਂ ਬੇਹਾਲ ਕੀਤਾ ਹੋਇਆ ਹੈ।

ਕੀ ਵੱਡੇ ਸੰਮੇਲਨ, ਵੱਡੇ ਵਾਇਦੇ, ਆਮ ਆਦਮੀ ਦੀ ਆਰਥਿਕ ਸਥਿਤੀ ਸੁਧਾਰ ਸਕਦੇ ਹਨ? ਨੋਟਬੰਦੀ ਦਾ ਭੈੜਾ ਪ੍ਰਭਾਵ, ਆਮ ਆਦਮੀ ’ਤੇ ਵੱਧ ਪਿਆ। ਕਰੋਨਾ ਕਾਲ ’ਚ ਜੇਕਰ ਕੋਈ ਸਭ ਤੋਂ ਵੱਧ ਆਰਥਿਕ ਤੌਰ ’ਤੇ ਲੁਟਕਿਆ ਤਾਂ ਆਮ ਆਦਮੀ ਸੀ, ਜਿਸ ’ਚ ਕਰੋੜਾਂ ਲੋਕ ਨੌਕਰੀਆਂ ਗੁਆ ਬੈਠੇ ਤੇ ਗਰੀਬੀ ਰੇਖਾ ਤੋਂ ਨੀਵੇਂ ਚਲੇ ਗਏ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Simranpal Singh Bindra
M.D.S, Endodontist
Dr. Samarpan Kaur
B.D.S, M.H.M

Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil


Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਕ ਗ਼ੈਰ ਰਾਜਸੀ ਵਿਅਕਤੀ ਦੀ ਰਾਜਸੀ ਚਹਿਲਕਦਮੀ

## (ਉਜਾਗਰ ਸਿੰਘ ਦੀ ਸਵੈ ਜੀਵਨੀ 'ਸਬੂਤੇ ਕਦਮੀਂ' 'ਤੇ ਆਧਾਰਿਤ)

-ਰਵਿੰਦਰ ਸਿੰਘ ਸੋਢੀ
001-604-369-2371
ਰਿਚਮੰਡ, ਕੈਨੇਡਾ।
(Punjab Mail USA)




ਉਸ ਦੇ ਸਾਧਾਰਨ ਪਰਿਵਾਰ ਵਿਚੋਂ ਸ਼ਾਇਦ ਕਿਸੇ ਨੇ ਕਦੇ ਪਿੰਡ ਦੇ ਪੰਚ ਦੀ ਚੋਣ ਲੜਨ ਦਾ ਸੋਚਿਆ ਵੀ ਨਾ ਹੋਵੇ, ਪਰ ਜਦੋਂ ਉਸ ਨੂੰ ਰਾਜ ਦੇ ਮੁੱਖ ਮੰਤਰੀ ਨੇ ਆਪਣੇ ਹਲਕੇ ਤੋਂ ਅਸੈਂਬਲੀ ਦੀ ਚੋਣ ਲੜਨ ਦੀ ਪੇਸ਼ਕਸ਼ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ।

ਉਹ ਆਪਣੇ ਮਿੱਤਰਾਂ ਲਈ ਅਸੈਂਬਲੀ ਸੀਟ ਲਈ ਮੁੱਖ ਮੰਤਰੀ ਕੋਲ ਸਿਫ਼ਾਰਿਸ਼ ਕਰ ਦਿੰਦਾ। ਗੁਆਂਢੀ ਰਾਜ ਵਿਚ ਵੀ ਜ਼ੋਰ ਪਾ ਕੇ ਕਿਸੇ ਜਾਣ-ਪਛਾਣ ਵਾਲੇ ਨੂੰ (ਉਸ ਰਾਜ ਦੇ ਮੁੱਖ ਮੰਤਰੀ ਦੇ ਵਿਰੋਧ ਦੇ ਬਾਵਜੂਦ) ਸੀਟ ਦਿਵਾ ਦਿੰਦਾ, ਪਰ ਜਦ ਆਪਣੇ ਰਾਜ ਦੇ ਮੁੱਖ ਮੰਤਰੀ ਨੇ ਉਸ ਨੂੰ ਕੋਈ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ, ਤਾਂ ਉਸ ਨੇ ਕੋਰੀ ਨਾਂਹ ਕਰ ਦਿੱਤੀ। ਮੁੱਖ ਮੰਤਰੀ ਨੇ ਉਸ ਨੂੰ ਆਪਣੇ ਅਖ਼ਤਿਆਰੀ ਕੋਟੇ ਵਿਚੋਂ ਸਰਕਾਰੀ ਫਲੈਟ ਲੈਣ ਲਈ ਕਿਹਾ ਤਾਂ ਵੀ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸ ਫਲੈਟ ਦੀ ਮਹੀਨੇ ਦੀ ਕਿਸ਼ਤ ਉਸ ਦੀ ਤਨਖਾਹ ਨਾਲੋਂ ਜ਼ਿਆਦਾ ਹੈ।

ਉਸ ਨੇ ਜਦੋਂ ਮੁੱਖ ਮੰਤਰੀ ਦੇ ਦਫ਼ਤਰ ਵਿਚ ਵਿਚਰਦੇ ਹੋਏ ਦੇਖਿਆ ਕਿ ਕੁਝ ਚਾਪਲੂਸ ਕਿਸਮ ਦੇ ਅਫਸਰ, ਮੁੱਖ ਮੰਤਰੀ ਨੂੰ ਹਨੇਰੇ ਵਿਚ ਰੱਖ ਕੇ ਨਾਜਾਇਜ਼ ਫਾਇਦਾ ਲੈ ਰਹੇ ਹਨ, ਤਾਂ ਉਸ ਨੇ ਸਬੂਤਾਂ ਸਮੇਤ ਮੁੱਖ ਮੰਤਰੀ ਨੂੰ ਅਸਲੀਅਤ ਤੋਂ ਜਾਣੂ ਕਰਵਾ ਕੇ ਉਸ ਦੀਆਂ ਅੱਖਾਂ ਖੁੱਲ੍ਹ ਦਿੱਤੀਆਂ।

ਇਕ ਵਾਰ ਮੁੱਖ ਮੰਤਰੀ ਨੇ ਉਸ ਨੂੰ ਆਪਣੀ ਥਾਂ ਪੁਲਿਸ ਮੁਖੀ ਵੱਲੋਂ ਬੁਲਾਈ ਵੱਡੇ ਪੁਲਿਸ ਅਫਸਰਾਂ ਦੀ ਮੀਟਿੰਗ ਵਿਚ ਭੇਜ ਦਿੱਤਾ। ਜਦੋਂ ਉਸ ਨੇ ਕਿਸੇ ਮੁੱਦੇ 'ਤੇ ਪੁਲਿਸ ਮੁਖੀ (ਜਿਸ ਨੂੰ 'ਸੁਪਰ ਕਾਪ' ਦੇ ਨਾਂ ਨਾਲ ਜਾਣਿਆ ਜਾਂਦਾ ਸੀ) ਦੀ ਗੱਲ ਕੱਟ ਕੇ ਮੁੱਖ ਮੰਤਰੀ ਦਾ ਪੱਖ ਪੇਸ਼ ਕੀਤਾ, ਤਾਂ ਪੁਲਿਸ ਮੁਖੀ ਨੇ ਉਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਮੁੱਖ ਮੰਤਰੀ ਨੂੰ ਕੋਈ ਗੁੰਮਰਾਹ ਕਰ ਰਿਹਾ ਹੈ। ਇਹ ਸੁਣ ਕੇ ਉਹ ਮੀਟਿੰਗ ਵਿਚੋਂ ਵਾਕ ਆਊਟ ਕਰ ਗਿਆ। ਜਦੋਂ ਇਸ ਮੀਟਿੰਗ ਤੋਂ ਬਾਅਦ ਉਹ ਮੁੱਖ ਮੰਤਰੀ ਨੂੰ ਮਿਲਣ ਗਿਆ, ਤਾਂ ਮੁੱਖ ਮੰਤਰੀ ਉਸ ਨੂੰ ਕਹਿੰਦੇ ਕਿ ਉਸ ਨੇ ਪੁਲਿਸ ਮੁਖੀ ਦੀ ਬੇਇੱਜ਼ਤੀ ਕਰ ਦਿੱਤੀ। ਇਹ ਸੁਣਦੇ ਹੀ ਉਹ ਮੁੱਖ ਮੰਤਰੀ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਪਟਿਆਲੇ ਆਪਣੇ ਘਰ ਪਹੁੰਚ ਜਾਂਦਾ ਹੈ। ਤੀਜੇ ਦਿਨ ਮੁੱਖ ਮੰਤਰੀ ਉਸ ਨੂੰ ਆਪ ਫੋਨ ਕਰਕੇ ਚੰਡੀਗੜ੍ਹ ਬੁਲਾਉਂਦਾ ਹੈ, ਤਾਂ ਉਸ ਨੂੰ ਅਸਲੀ ਗੱਲ ਦੀ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਮੁੱਖ ਮੰਤਰੀ ਹੀ ਉਸ ਨਾਲ ਇਹ ਗੱਲ ਸਾਂਝੀ ਕਰਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਹੋਮ ਮਨਿਸਟਰ ਬਣਾਉਣਾ ਚਾਹੁੰਦਾ ਹੈ ਅਤੇ ਇਕ ਸਟੇਜ 'ਤੇ ਇਹ ਵੀ ਦੱਸਦਾ ਹੈ ਕਿ ਉਸ ਨੂੰ ਇਹ ਖ਼ਦਸ਼ਾ ਹੈ ਕਿ ਉਸ ਨੂੰ, ਗੁਆਂਢੀ ਰਾਜ ਦੇ ਮੁੱਖ ਮੰਤਰੀ ਜਾਂ ਆਪਣੇ ਰਾਜ ਦੇ ਪੁਲਿਸ ਮੁਖੀ ਵਿਚੋਂ ਕਿਸੇ ਇਕ ਨੂੰ 'ਮਨੁੱਖੀ ਬੰਬ' ਦਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ

ਜਦੋਂ ਰਾਜ ਦੀ ਮੁੱਖ ਵਿਰੋਧੀ ਪਾਰਟੀ ਦਾ ਪ੍ਰਧਾਨ ਉਸ ਨੂੰ ਖਾਸ ਤੌਰ 'ਤੇ ਆਪਣੇ ਕੋਲ ਬੁਲਾ ਕੇ ਇਹ ਸ਼ੱਕ ਜ਼ਾਹਿਰ ਕਰਦਾ ਹੈ ਕਿ ਸ਼ਾਇਦ ਸਮੇਂ ਦੀ ਸਰਕਾਰ ਉਸ ਨੂੰ ਕਿਸੇ ਝੂਠੇ ਕਤਲ ਕੇਸ ਵਿਚ ਨਾਮਜ਼ਦ ਕਰਨ ਦੀ ਗੋਂਦ ਗੁੰਦ ਰਹੀ ਹੈ, ਤਾਂ ਉਹ ਇਹ ਗੱਲ ਮੁੱਖ ਮੰਤਰੀ ਨਾਲ ਕਰਕੇ ਦੂਜੇ ਵੱਡੇ ਨੇਤਾ ਦਾ ਸ਼ੱਕ ਦੂਰ ਕਰਦਾ ਹੈ ਅਤੇ ਉਸ ਨੇਤਾ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕਰਵਾ ਦਿੰਦਾ ਹੈ।

ਮੁੱਖ ਮੰਤਰੀ ਨੂੰ ਉਸ 'ਤੇ ਅਜਿਹਾ ਵਿਸ਼ਵਾਸ ਸੀ ਕਿ ਪਾਰਟੀ ਦੇ ਹੈੱਡਕੁਆਰਟਰ ਦਿੱਲੀ ਤੋਂ ਜੋ ਖਾਸ ਸੁਨੇਹੇ ਪਹੁੰਚਦੇ ਸੀ ਜਾਂ ਭੇਜਣੇ ਹੁੰਦੇ ਸੀ, ਤਾਂ ਇਹ ਕੰਮ ਉਹੀ ਕਰਦਾ।

ਕੈਪਟਨ ਅਮਰਿੰਦਰ ਸਿੰਘ ਨਾਲ ਉਸ ਦੀ ਨੇੜਤਾ ਵੀ ਰਹੀ ਅਤੇ ਇਕ ਵਾਰ ਜਦੋਂ ਕੈਪਟਨ ਸਾਹਿਬ ਉਸ ਨਾਲ ਔਖੇ-ਭਾਰੇ ਹੋਏ ਤਾਂ ਉਸ ਨੇ ਬਾਅਦ ਵਿਚ ਉਨ੍ਹਾਂ ਵੱਲੋਂ ਬੁਲਾਏ ਜਾਣ 'ਤੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਦੂਜੀ ਪਾਰਟੀ ਦੀ ਸਰਕਾਰ ਆਉਣ 'ਤੇ ਉਸਦੀ ਬਦਲੀ ਪਟਿਆਲੇ ਤੋਂ ਫਰੀਦਕੋਟ ਕਰਵਾ ਦਿੱਤੀ ਅਤੇ ਉਹ ਐਤਵਾਰ ਨੂੰ ਵੀ ਘਰ ਨਾ ਆ ਸਕੇ, ਇਸ ਲਈ ਨਾਲ ਲੱਗਦੇ ਜ਼ਿਲ੍ਹੇ ਦਾ ਵਾਧੂ ਚਾਰਜ ਵੀ ਦੇ ਦਿੱਤਾ। ਤਕਰੀਬਨ ਇਕ ਸਾਲ ਬਾਅਦ ਉਹ ਆਪਣੇ ਬਲਬੂਤੇ ਬਦਲੀ ਕਰਵਾ ਕੇ ਪਟਿਆਲਾ ਆਇਆ। ਪਰ ਜਦੋਂ ਕੈਪਟਨ ਸਾਹਿਬ ਮੁੱਖ ਮੰਤਰੀ ਬਣੇ, ਤਾਂ ਪੁਰਾਣੀਆਂ ਗੱਲਾਂ ਭੁਲਾ ਦਿੱਤੀਆਂ ਗਈਆਂ।

ਜਦੋਂ ਦੂਜੀ ਪਾਰਟੀ ਦੀ ਸਰਕਾਰ ਆਈ ਤਾਂ ਇਕ ਵਾਰ ਉਸ ਸਰਕਾਰ ਦੇ ਮੁੱਖ ਮੰਤਰੀ ਨੇ ਉਸ ਨੂੰ ਖਾਸ ਤੌਰ 'ਤੇ ਆਪਣੇ ਦਫਤਰ ਵਿਚ ਬੁਲਾ ਕੇ ਐੱਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਕਿਹਾ। ਮੁੱਖ ਮੰਤਰੀ ਅਨੁਸਾਰ ਐੱਸ.ਜੀ.ਪੀ.ਸੀ. ਦੇ ਕੁਝ ਮੈਂਬਰ ਉਸ ਦੇ ਨਜ਼ਦੀਕ ਸਨ।

ਉਸੇ ਸਰਕਾਰ ਦੇ ਖ਼ਜ਼ਾਨਾ ਮੰਤਰੀ ਨਾਲ ਉਸ ਦੀ ਗੂੜ੍ਹੀ ਸਾਂਝ ਸੀ। ਇਸ ਲਈ ਉਹ ਜਦੋਂ ਵੀ ਮੰਤਰੀ ਨੂੰ ਮਿਲਣ ਜਾਂਦਾ ਤਾਂ ਇਹ ਕਿਹਾ ਜਾਂਦਾ ਕਿ 'ਛੋਟਾ ਖ਼ਜ਼ਾਨਾ ਮੰਤਰੀ' ਆ ਗਿਆ। ਇਕ ਵਾਰ ਜਦੋਂ ਖ਼ਜ਼ਾਨਾ ਮੰਤਰੀ ਆਪਣੇ ਦਫਤਰ ਦੇ ਰਿਟਾਇਰਿੰਗ ਰੂਮ ਵਿਚ ਉਸ ਨਾਲ ਕੋਈ ਸਲਾਹ-ਮਸ਼ਵਰਾ ਕਰ ਰਹੇ ਸੀ, ਤਾਂ ਇਕ ਹੋਰ ਮੰਤਰੀ ਧੱਕੇ ਨਾਲ ਹੀ ਰਿਟਾਇਰਿੰਗ ਰੂਮ ਵਿਚ ਆ ਗਿਆ। ਖ਼ਜ਼ਾਨਾ ਮੰਤਰੀ ਨੇ ਉਸ ਮੰਤਰੀ ਨੂੰ ਦਫਤਰ ਵਿਚ ਬੈਠਣ ਲਈ ਕਿਹਾ। ਇਸ 'ਤੇ ਦੂਜਾ ਮੰਤਰੀ ਕਹਿੰਦਾ ਕਿ ਸਾਡੇ ਨਾਲੋਂ ਤਾਂ ਕਲਰਕ ਹੀ ਚੰਗਾ ਹੈ।

ਜਦੋਂ ਉਸ ਦੀ ਸੇਵਾਮੁਕਤੀ ਦਾ ਸਮਾਂ ਆਇਆ, ਤਾਂ ਰਾਜ ਦੇ ਤਤਕਾਲੀਨ ਮੁੱਖ ਸਕੱਤਰ ਵੱਲੋਂ ਇਹ ਸੁਨੇਹਾ ਆਇਆ ਕਿ ਜਿਵੇਂ ਤੁਸੀਂ ਦੂਜੀ ਪਾਰਟੀ ਦੇ ਮੁੱਖ ਮੰਤਰੀ ਨਾਲ ਰਹਿ ਕੇ ਲੋਕ ਸੰਪਰਕ ਦਾ ਕੰਮ ਕਰਦੇ ਸੀ, ਮੌਜੂਦਾ ਮੁੱਖ ਮੰਤਰੀ ਇਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਨਾਲ ਵੀ ਕੰਮ ਕਰੋ, ਤੁਹਾਨੂੰ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਜਾਵੇਗੀ, ਪਰ ਉਸ ਨੇ ਕੋਰੀ ਨਾਂਹ ਕਰ ਦਿੱਤੀ। ਬਾਅਦ ਵਿਚ ਇਕ ਹੋਰ ਆਈ.ਏ.ਐੱਸ. ਅਫਸਰ ਨੇ ਵੀ ਉਨ੍ਹਾਂ ਨੂੰ ਮਨਾਉਣ ਦੇ ਯਤਨ ਕੀਤੇ, ਪਰ ਉਨ੍ਹਾਂ ਦੀ ਨਾਂਹ, ਹਾਂ ਵਿਚ ਨਾ ਬਦਲੀ।

ਜਿਸ ਵਿਅਕਤੀ ਵਿਸ਼ੇਸ਼ ਸੰਬੰਧੀ ਉੱਪਰ ਐਨਾ ਕੁਝ ਲਿਖਿਆ ਗਿਆ ਹੈ, ਉਹ ਕੋਈ ਆਈ.ਏ.ਐੱਸ. ਜਾਂ ਆਈ.ਪੀ.ਐੱਸ. ਅਫਸਰ ਨਹੀਂ ਅਤੇ ਨਾ ਹੀ ਕਿਸੇ ਵੱਡੇ ਰਾਜਸੀ ਪਰਿਵਾਰ ਵਿਚੋਂ ਹੈ। ਉਹ ਤਾਂ ਅਜਿਹਾ ਮਿੱਠ-ਬੋਲੜਾ, ਇਮਾਨਦਾਰ ਅਤੇ ਨਿਮਰ ਇਨਸਾਨ ਹੈ, ਜਿਸ ਨੇ ਆਪਣੇ ਅਧੀਨ ਕੰਮ ਕਰਨ ਵਾਲਿਆਂ ਨੂੰ ਵੀ ਹਮੇਸ਼ਾ ਆਦਰ ਸਤਿਕਾਰ ਦਿੱਤਾ, ਆਪਣੀਆਂ ਸਰਕਾਰੀ ਸਹੂਲਤਾਂ ਨੂੰ ਕਦੇ ਵੀ ਪਰਿਵਾਰ ਲਈ ਨਹੀਂ ਵਰਤਿਆ, ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾ ਕੇ ਜ਼ਿੰਦਗੀ ਵਿਚ ਸਫਲਤਾ ਦੇ ਰਾਹ 'ਤੇ ਤੋਰਿਆ ਅਤੇ ਉਨ੍ਹਾਂ ਦੀ ਜੀਵਨ ਸਾਥਣ ਨੇ ਨੌਕਰੀ ਵੀ ਕੀਤੀ ਅਤੇ ਪਰਿਵਾਰ ਨੂੰ ਵੀ ਸਾਂਭਿਆ। ਇਸ ਸੁਹਿਰਦ ਇਨਸਾਨ ਦਾ ਸੁਪਨਾ ਸੀ ਕਿ ਐੱਮ.ਏ. ਕਰਕੇ ਕਾਲਜ ਲੈਕਚਰਾਰ ਬਣੇ, ਪਰ ਬਣ ਗਿਆ ਪੰਜਾਬ ਸਰਕਾਰ ਦਾ ਲੋਕ ਸੰਪਰਕ ਅਧਿਕਾਰੀ, ਜਿਹੜਾ ਆਪਣੇ ਲੰਬੇ ਕੱਦ ਕਰਕੇ ਜ਼ਮੀਨ ਤੋਂ ਭਾਵੇਂ ਛੇ ਫੁੱਟ ਉੱਚਾ ਅਤੇ ਧੌਣ ਸਿੱਧੀ ਕਰਕੇ ਤੁਰਦਾ ਰਿਹਾ, ਜਿਸ ਦੀ ਪਹੁੰਚ ਮੁੱਖ ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਦੇ ਦਫਤਰ ਤੱਕ ਰਹੀ, ਪਰ ਉਸ ਨੇ ਆਪਣੀ ਇਸ ਪਹੁੰਚ ਨੂੰ ਆਪਣੇ ਨਿੱਜੀ ਫਾਇਦੇ ਲਈ ਕਦੇ ਨਹੀਂ ਵਰਤਿਆ ਅਤੇ ਉਹ ਹਮੇਸ਼ਾ ਆਪਣੀ ਮਿੱਟੀ ਨਾਲ ਜੁੜਿਆ ਰਿਹਾ। ਹਾਂ, ਜਦੋਂ ਉਹ ਸਮੇਂ ਦੇ ਮੁੱਖ ਮੰਤਰੀ ਦੇ ਨਾਲ ਸੀ ਤਾਂ ਉਸ ਨੇ ਕਈ ਬੇਕਸੂਰ ਨੌਜਵਾਨਾਂ ਨੂੰ ਪੁਲਿਸ ਦੀ ਗੈਰ ਕਾਨੂੰਨੀ ਪਕੜ ਤੋਂ ਬਚਾਇਆ, ਆਪਣੇ ਪਿੰਡ ਲਈ ਹੀ ਨਹੀਂ, ਕਈ ਹੋਰ ਇਲਾਕਿਆਂ ਲਈ ਵੀ ਸਰਕਾਰੀ ਇਮਦਾਦ ਦਿਵਾਈ। ਇਹ ਇਨਸਾਨ ਹੈ ਪੰਜਾਬ ਸਰਕਾਰ ਦਾ ਸੇਵਾ ਮੁਕਤ ਲੋਕ ਸੰਪਰਕ ਅਧਿਕਾਰੀ ਸਰਦਾਰ ਉਜਾਗਰ ਸਿੰਘ।

ਉਨ੍ਹਾਂ ਦਾ ਰਾਜਸੀ ਖੇਤਰ ਵਿਚ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਸਮੇਂ ਬਹੁਤ ਅਸਰ-ਰਸੂਖ਼ ਸੀ, ਪਰ ਉਨ੍ਹਾਂ ਮੁੱਖ ਮੰਤਰੀ ਦੀ ਨੇੜਤਾ ਨੂੰ ਕਦੇ ਆਪਣੀ ਨਿੱਜੀ ਫਾਇਦੇ ਲਈ ਨਹੀਂ ਵਰਤਿਆ ਅਤੇ ਨਾ ਹੀ ਕਿਸੇ ਵਿਰੋਧੀ ਨਾਲ ਕਿੜ ਕੱਢਣ ਲਈ। ਰਾਜਸੀ ਗਲਿਆਰਿਆਂ ਵਿਚ ਉਨ੍ਹਾਂ ਦੀ ਪਹੁੰਚ ਕਰਕੇ ਕਈ ਉਨ੍ਹਾਂ ਤੋਂ ਖਾਰ ਖਾਣ ਲੱਗ ਪਏ। ਕੈਪਟਨ ਅਮਰਿੰਦਰ ਸਿੰਘ ਨਾਲ ਹੋਈ ਅਣਬਣ ਦਾ ਤਕਰੀਬਨ ਸਾਰੇ ਪੱਤਰਕਾਰਾਂ ਨੂੰ ਪਤਾ ਸੀ। ਇਸ ਲਈ ਜਦੋਂ ਕੈਪਟਨ ਸਾਹਿਬ ਮੁੱਖ ਮੰਤਰੀ ਬਣੇ, ਤਾਂ ਸਾਰੇ ਉਨ੍ਹਾਂ ਨੂੰ ਡਰਾ ਰਹੇ ਸੀ ਕਿ ਜਾਂ ਤਾਂ ਉਨ੍ਹਾਂ ਨੂੰ ਕੋਈ ਝੂਠਾ ਕੇਸ ਪਾ ਕੇ ਨੌਕਰੀ ਤੋਂ ਕੱਢਿਆ ਜਾਵੇਗਾ ਅਤੇ ਜਾਂ ਕਿਤੇ ਦੂਰ-ਦੁਰਾਡੇ ਦੀ ਬਦਲੀ ਕੀਤੀ ਜਾਵੇਗੀ। ਪਰ ਕੈਪਟਨ ਅਮਰਿੰਦਰ ਸਿੰਘ ਵਰਗੇ ਸੁਝਵਾਨ ਸਿਆਸਤਦਾਨ ਨੂੰ ਇਹ ਇਲਮ ਸੀ ਕਿ ਉਜਾਗਰ ਸਿੰਘ ਇਮਾਨਦਾਰ ਅਤੇ ਆਪਣੇ ਕੰਮ ਦਾ ਮਾਹਰ ਹੋਣ ਦੇ ਨਾਲ-ਨਾਲ ਅਣਖ ਵਾਲਾ ਅਫਸਰ ਵੀ ਹੈ। ਇਸ ਲਈ ਉਸ ਦੀ ਬਦਲੀ ਤਾਂ ਕੀ ਹੋਣੀ ਸੀ, ਉਹ ਤਾਂ ਮੁੱਖ ਮੰਤਰੀ ਦਾ ਵਿਸ਼ਵਾਸ ਪਾਤਰ ਬਣ ਗਿਆ।

ਉਪਰੋਕਤ ਸਾਰੀ ਜਾਣਕਾਰੀ ਅਤੇ ਹੋਰ ਬਹੁਤ ਸਾਰੀ ਹੋਰ ਜਾਣਕਾਰੀ ਉਜਾਗਰ ਸਿੰਘ ਦੀ ਨਵ ਪ੍ਰਕਾਸ਼ਿਤ ਸਵੈ-ਜੀਵਨੀ 'ਸਬੂਤੇ ਕਦਮੀਂ' ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

'ਸਬੂਤੇ ਕਦਮੀਂ' ਸਵੈ ਜੀਵਨੀ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਆਪਣੇ ਸਾਧਾਰਨ ਪਰਿਵਾਰਕ ਪਿਛੋਕੜ, ਸਕੂਲੀ ਜੀਵਨ ਦੀਆਂ ਦੁਸ਼ਵਾਰੀਆਂ, ਨੌਵੀਂ ਵਿਚੋਂ ਫੇਲ੍ਹ ਹੋਣ ਦੀ ਗੱਲ, ਆਪਣੀ ਭੈੜੀ ਲਿਖਾਈ, ਪਹਿਲੀ ਨੌਕਰੀ ਦੀਆਂ ਮੁਸ਼ਕਲਾਂ, ਪ੍ਰਾਈਵੇਟ ਤੌਰ 'ਤੇ ਗਿਆਨੀ, ਬੀ.ਏ. ਅਤੇ ਐੱਮ.ਏ. ਕਰਨ ਦੇ ਪੜਾਵਾਂ ਦਾ ਜ਼ਿਕਰ ਬੜੀ ਇਮਾਨਦਾਰੀ ਨਾਲ ਕੀਤਾ ਹੈ। ਆਪਣੇ ਵੱਡੇ ਭਰਾ ਅਤੇ ਭਰਜਾਈ ਵੱਲੋਂ ਸਮੇਂ-ਸਮੇਂ ਮਿਲੀ ਸਹਾਇਤਾ ਅਤੇ ਅਗਵਾਈ ਸੰਬੰਧੀ ਬੜੇ ਸਤਿਕਾਰਤ ਸ਼ਬਦਾਂ ਵਿਚ ਉਲੇਖ ਕੀਤਾ ਹੈ। ਉਨ੍ਹਾਂ ਨੇ ਆਪਣੀ ਪਤਨੀ ਦੀ ਇਸ ਗੱਲੋਂ ਵਿਸ਼ੇਸ਼ ਵਡਿਆਈ ਕੀਤੀ ਹੈ, ਜਿਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਬੱਚਿਆਂ ਦੀ ਪਰਵਰਿਸ਼ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ ਜਵਾਨੀ ਵੇਲੇ ਉਨ੍ਹਾਂ ਦੇ ਬੱਚੇ ਆਪਣੇ ਪਿਤਾ ਨਾਲ ਕਈ ਵਾਰ ਇਸ ਲਈ ਨਾਰਾਜ਼ ਹੋ ਜਾਂਦੇ ਕਿ ਸਕੂਲ, ਕਾਲਜ ਜਾਣ ਸਮੇਂ ਬੱਚਿਆਂ ਨੂੰ ਸਰਕਾਰੀ ਵਾਹਨਾਂ ਦੀ ਵਰਤੋਂ ਕਿਉਂ ਨਹੀਂ ਕਰਨ ਦਿੰਦੇ, ਪਰ ਪਿਤਾ ਦੀ ਇਸ ਇਮਾਨਦਾਰੀ ਨੇ ਉਨ੍ਹਾਂ ਨੂੰ ਵੀ ਆਪਣੀ ਮਿਹਨਤ ਨਾਲ ਪੈਰਾਂ 'ਤੇ ਖੜ੍ਹੇ ਹੋਣ ਦੀ ਹਿੰਮਤ ਬਖ਼ਸ਼ੀ।

ਸਰਦਾਰ ਉਜਾਗਰ ਸਿੰਘ ਨੂੰ ਇਕ ਵਕਤ ਵਿਜੀਲੈਂਸ ਦੀ ਇਨਕੁਆਰੀ ਦਾ ਸਾਹਮਣਾ ਵੀ ਕਰਨਾ ਪਿਆ, ਪਰ ਇਮਾਨਦਾਰੀ ਦੇ ਮੁਸ਼ਕਲ ਰਸਤੇ ਦੇ ਪਾਂਧੀ ਬਣਨ ਵਾਲੇ ਇਸ ਇਨਸਾਨ ਕੋਲ ਲੁਕਾਉਣ ਲਈ ਕੁਝ ਨਹੀਂ ਸੀ। ਇਸ ਲਈ ਇਹ ਬੇਦਾਗ਼ ਹੀ ਰਹੇ। ਜਦੋਂ ਇਕ ਵਾਰ ਪਟਿਆਲਾ ਦੇ ਤਤਕਾਲੀਨ ਐੱਸ.ਐੱਸ.ਪੀ. ਨੇ ਉਨ੍ਹਾਂ ਨੂੰ ਆਪਣੇ ਦਫਤਰ ਵਿਚ ਬੁਲਾ ਕੇ ਕਿਹਾ ਕਿ ਉਹ ਸਰਦਾਰ ਬੇਅੰਤ ਸਿੰਘ ਦੀ ਬੰਬ ਵਿਸਫੋਟ ਵਾਲੀ ਘਟਨਾ ਦੇ ਪਿੱਛੇ ਕਿਸੇ ਸਾਜ਼ਿਸ਼ ਹੋਣ ਦੀ ਗੱਲ ਦੀ ਚਰਚਾ ਨਾ ਕਰਨ, ਨਹੀਂ ਤਾਂ ਉਨ੍ਹਾਂ ਦਾ ਵੀ ਉਹੀ ਹਸ਼ਰ ਹੋ ਸਕਦਾ ਹੈ, ਪਰ ਉਹ ਤਾਂ ਵੀ ਨਹੀਂ ਸੀ ਡਰੇ। ਇਹ ਵੱਖਰੀ ਗੱਲ ਹੈ ਕਿ ਉਸ ਐੱਸ.ਐੱਸ.ਪੀ. ਨੂੰ ਪਟਿਆਲੇ ਲਿਆਉਣ ਵਿਚ ਉਨ੍ਹਾਂ ਦਾ ਹੱਥ ਸੀ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਹੋਰਾਂ ਦੇ ਪਰਿਵਾਰ ਨਾਲ ਐਨੀ ਨੇੜਤਾ ਸੀ ਕਿ ਜਦੋਂ ਮੁੱਖ ਮੰਤਰੀ ਬੰਬ ਹਾਦਸੇ ਵਿਚ ਆਪਣੀ ਜਾਨ ਤੋਂ ਹੱਥ ਧੋ ਬੈਠੇ, ਤਾਂ ਤਤਕਾਲੀਨ ਪ੍ਰਧਾਨ ਮੰਤਰੀ ਸ਼੍ਰੀ ਨਰਸਿਮਾ ਰਾਓ ਨੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਚੰਡੀਗੜ੍ਹ ਆਉਣਾ ਸੀ। ਪਰਿਵਾਰ ਦੇ ਮੈਂਬਰਾਂ ਨਾਲ ਜਦੋਂ ਉਜਾਗਰ ਸਿੰਘ ਵੀ ਕਮਰੇ ਵਿਚ ਜਾਣ ਲੱਗੇ, ਤਾਂ ਇਕ ਐੱਸ.ਪੀ. ਨੇ ਉਨ੍ਹਾਂ ਨੂੰ ਕਮਰੇ ਦੇ ਅੰਦਰ ਜਾਣ ਤੋਂ ਰੋਕ ਦਿੱਤਾ। ਇਸ 'ਤੇ ਸ਼੍ਰੀਮਤੀ ਬੇਅੰਤ ਸਿੰਘ ਕਮਰੇ ਵਿਚੋਂ ਬਾਹਰ ਆ ਕੇ ਕਹਿਣ ਲੱਗੇ ਕਿ ਜੇ ਉਜਾਗਰ ਸਿੰਘ ਕਮਰੇ ਵਿਚ ਨਹੀਂ ਜਾ ਸਕਦਾ, ਤਾਂ ਪਰਿਵਾਰ ਦਾ ਕੋਈ ਮੈਂਬਰ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਨਹੀਂ ਕਰੇਗਾ। ਸਕਿਓਰਿਟੀ ਵਾਲਿਆਂ ਨੂੰ ਉਨ੍ਹਾਂ ਨੂੰ ਵੀ ਕਮਰੇ ਵਿਚ ਜਾਣ ਦੀ ਆਗਿਆ ਦੇਣੀ ਪਈ।

ਇਸ ਪੁਸਤਕ ਵਿਚ ਰਾਜਨੀਤੀ ਦੇ ਖੇਤਰ ਦੀਆਂ ਹੋਰ ਕਈ ਗੁੱਝੀਆਂ ਗੱਲਾਂ ਦਾ ਵੀ ਉਨ੍ਹਾਂ ਨੇ ਜ਼ਿਕਰ ਕੀਤਾ ਹੈ। ਮਸਲਨ ਜਦੋਂ ਅਕਾਲੀ ਦਲ ਨੇ ਖਾੜਕੂਆਂ ਦੇ ਡਰ ਕਾਰਨ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਬਾਈਕਾਟ ਕਰ ਦਿੱਤਾ, ਤਾਂ ਕੇਂਦਰੀ ਏਜੰਸੀਆਂ ਨੇ ਪਹਿਲਾਂ ਅਕਾਲੀ ਦਲ ਦੇ ਇਕ ਨੇਤਾ ਸੁਖਜਿੰਦਰ ਸਿੰਘ ਨੂੰ ਅਕਾਲੀ ਦਲ ਦੇ ਤੌਰ 'ਤੇ ਚੋਣਾਂ ਲੜਨ ਲਈ ਤਿਆਰ ਕੀਤਾ। ਪਹਿਲਾਂ ਤਾਂ ਉਹ ਮੰਨ ਗਿਆ, ਪਰ ਬਾਅਦ ਵਿਚ ਮੁਕਰ ਗਿਆ। ਫੇਰ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਕੰਮ ਲਈ ਨੂੰ ਤਿਆਰ ਕਰ ਲਿਆ। ਇਸੇ ਤਰ੍ਹਾਂ ਇਕ ਵਾਰ ਕਾਂਗਰਸ ਨੇ ਅਕਾਲੀ ਦਲ ਦੀ ਸਰਕਾਰ ਤੋੜਨ ਲਈ ਉਨ੍ਹਾਂ ਦੇ ਖਜ਼ਾਨਾ ਮੰਤਰੀ ਨਾਲ ਸੰਪਰਕ ਕੀਤਾ, ਪਰ ਸਫਲਤਾ ਨਾ ਮਿਲੀ। ਉਨ੍ਹਾਂ ਨੇ ਇਕ ਹੋਰ ਘਟਨਾ ਦਾ ਉਲੇਖ ਵੀ ਕੀਤਾ ਹੈ ਕਿ ਇਕ ਵਾਰ ਇਕ ਆਈ.ਏ.ਐੱਸ. ਅਫਸਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕੈਪਟਨ ਕੰਵਲਜੀਤ ਸਿੰਘ ਨੂੰ ਪਾਰਟੀ ਫੰਡ ਲਈ ਕੁਝ ਰਕਮ ਦੇਣੀ ਚਾਹੁੰਦਾ ਹੈ। ਉਜਾਗਰ ਸਿੰਘ ਨੇ ਇਸ ਕੰਮ ਵਿਚ ਪੈਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਪਤਾ ਸੀ ਕਿ ਖ਼ਜ਼ਾਨਾ ਮੰਤਰੀ ਇਮਾਨਦਾਰ ਰਾਜਸੀ ਨੇਤਾ ਹੈ। ਜਦੋਂ ਉਸ ਅਫਸਰ ਨੇ ਉਨ੍ਹਾਂ 'ਤੇ ਜ਼ਿਆਦਾ ਹੀ ਜ਼ੋਰ ਪਾਇਆ ਤਾਂ ਉਨ੍ਹਾਂ ਨੇ ਮੰਤਰੀ ਨਾਲ ਇਹ ਗੱਲ ਕਰ ਦਿੱਤੀ। ਮੰਤਰੀ ਦਾ ਜੁਆਬ ਸੀ ਕਿ ਉਸ ਅਫਸਰ ਦੀ ਐਨੀ ਹਿੰਮਤ ਕਿਵੇਂ ਪਈ ਅਤੇ ਇਹ ਵੀ ਕਿਹਾ ਕਿ ਹੁਣ ਆਈ.ਏ.ਐੱਸ. ਅਫਸਰ ਵੀ ਇਹ ਕੰਮ ਕਰਨ ਲੱਗ ਪਏ ਹਨ।

ਅੱਜਕੱਲ੍ਹ ਉਹ ਪਟਿਆਲੇ ਆਪਣੀ ਜੱਦੀ-ਜਾਇਦਾਦ ਦੇ ਕੁਝ ਹਿੱਸੇ ਨੂੰ ਵੇਚਣ ਤੋਂ ਬਾਅਦ ਬਣਾਏ ਰਹਿਣ ਬਸੇਰੇ ਵਿਚ ਆਪਣਾ ਪਰਿਵਾਰਕ ਜੀਵਨ ਖ਼ੁਸ਼ੀ-ਖ਼ੁਸ਼ੀ ਬਿਤਾ ਰਹੇ ਹਨ। ਜ਼ਿੰਦਗੀ ਦੇ 74ਵੇਂ ਸਾਲ ਦੇ ਹੁਲਾਰੇ ਲੈ ਰਹੇ ਉਹ ਉਮਰ ਦੇ ਬੀਤਣ ਨਾਲ ਆਈਆਂ ਬਿਮਾਰੀਆਂ ਨੂੰ ਵੀ ਹੱਸ ਕੇ ਸਹਾਰ ਰਹੇ ਹਨ। ਸਾਹਿਤਕ ਸ਼ੌਕ ਨੂੰ ਪੂਰਾ ਕਰਨ ਲਈ ਕਈ ਪੁਸਤਕਾਂ ਲਿਖੀਆਂ ਹਨ। ਚਲੰਤ ਮਾਮਲਿਆਂ ਦੇ ਨਾਲ-ਨਾਲ ਸਾਹਿਤਕ ਵਿਸ਼ਿਆਂ 'ਤੇ ਕਲਮ ਚਲਾਉਂਦੇ ਰਹਿੰਦੇ ਹਨ ਅਤੇ ਪੁਸਤਕਾਂ ਦੇ ਰੀਵਿਊ ਕਰਨ ਵਿਚ ਉਨ੍ਹਾਂ ਦੀ ਖਾਸ ਮੁਹਾਰਤ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਦੇ ਅਖ਼ਬਾਰਾਂ, ਮੈਗਜ਼ੀਨ ਅਤੇ ਵੈਬਸਾਈਟਾਂ ਵਾਲੇ ਖ਼ੁਸ਼ੀ-ਖ਼ੁਸ਼ੀ ਛਾਪਦੇ ਹਨ। ਕੁਝ ਵਿਸ਼ੇਸ਼ ਮੁੱਦਿਆਂ 'ਤੇ ਉਹ ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਆਪਣੇ ਵਿਚਾਰ ਵੀ ਪ੍ਰਗਟਾਉਂਦੇ ਰਹਿੰਦੇ ਹਨ।

ਉਨ੍ਹਾਂ ਦੀ 96 ਪੰਨਿਆਂ ਦੀ ਸਵੈ ਜੀਵਨੀ 'ਸਬੂਤੇ ਕਦਮੀਂ' ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਨਾਵਲ ਪੜ੍ਹ ਰਹੇ ਹੋਈਏ। ਕਿਸੇ ਵੀ ਗੱਲ ਨੂੰ ਸਪੱਸ਼ਟ ਸ਼ਬਦਾਂ ਵਿਚ ਲਿਖਣ ਵਾਲੀ ਉਨ੍ਹਾਂ ਦੀ ਵਾਰਤਕ ਸ਼ੈਲੀ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਪਾਠਕਾਂ ਦੀ ਰੁਚੀ ਆਦਿ ਤੋਂ ਅੰਤ ਤੱਕ ਬਣੀ ਰਹਿੰਦੀ ਹੈ।

ਸਵੈ ਜੀਵਨੀ ਲਿਖਣਾ ਇਕ ਔਖਾ ਕਾਰਜ ਹੈ। ਜੇ ਲੇਖਕ ਆਪਣੀ ਵਡਿਆਈ ਆਪ ਕਰੇ, ਤਾਂ ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੀ ਗੱਲ ਹੁੰਦੀ ਹੈ ਅਤੇ ਆਪਣੀ ਬੁਰਾਈ ਕਰਨਾ ਕੋਈ ਚਾਹੁੰਦਾ ਨਹੀਂ, ਇਸ ਲਈ ਇਹ ਦੋ ਧਾਰੀ ਤਲਵਾਰ 'ਤੇ ਚੱਲਣ ਵਾਲਾ ਕੰਮ ਹੈ। ਖ਼ੁਸ਼ੀ ਇਸ ਗੱਲ ਦੀ ਹੈ ਕਿ ਸਰਦਾਰ ਉਜਾਗਰ ਸਿੰਘ ਜੀ ਨੇ ਇਸ ਮੁਸ਼ਕਲ ਕਾਰਜ ਨੂੰ ਬੜੇ ਕਲਾਮਈ ਢੰਗ ਨਾਲ ਨੇਪਰੇ ਚੜ੍ਹਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ, ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਸਵਰਕ ਅਤੇ ਦਿੱਖ ਵੀ ਪ੍ਰਭਾਵਿਤ ਕਰਦੀ ਹੈ।

# ਵਿਰੋਧੀ ਪਾਰਟੀਆਂ ਦਾ ਗੱਠਜੋੜ 'ਇੰਡੀਆ' ਭਾਜਪਾ ਲਈ ਖ਼ਤਰੇ ਦੀ ਘੰਟੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪੰਜਾਬ ਕਾਂਗਰਸ ਦੇ ਨੇਤਾਵਾਂ ਵਿਚ ਇੰਡੀਆ ਗੱਠਜੋੜ ਦੇ ਬਣਨ ਨਾਲ ਸਿਆਸੀ ਸਮੀਕਰਨਾਂ ਦੇ ਬਦਲਣ ਦੀ ਚਿੰਤਾ ਬਣੀ ਹੋਈ ਹੈ। ਜਿਹੜੀ ਪਾਰਟੀ ਨਾਲ ਇੱਟ ਖੜੱਕਾ ਚਲ ਰਿਹਾ ਹੋਵੇ ਤੇ ਇੱਟ ਵੱਟੇ ਦਾ ਵੈਰ ਹੈ, ਉਸ ਨਾਲ ਗੱਠਜੋੜ ਕਰਕੇ ਚੋਣ ਲੜਨਾ ਬਹੁਤ ਮੁਸ਼ਕਲ ਹੁੰਦਾ ਹੈ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨੇਤਾਵਾਂ ਨੂੰ ਇਹ ਗੱਠਜੋੜ ਹਜ਼ਮ ਨਹੀਂ ਆ ਰਿਹਾ। ਆਮ ਆਦਮੀ ਪਾਰਟੀ ਇੱਕ ਮੰਤਰੀ ਨੇ ਵੀ ਵਿਰੋਧ ਕੀਤਾ ਹੈ ਪ੍ਰੰਤੂ ਆਮ ਆਦਮੀ ਪਾਰਟੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਵਾਗਤ ਕੀਤਾ ਹੈ। ਪੰਜਾਬ ਕਾਂਗਰਸ ਵਿਚ ਇਸ ਗੱਠਜੋੜ ਸੰਬੰਧੀ ਦੋ ਧੜੇ ਬਣੇ ਗਏ ਹਨ। ਇਕ ਧੜਾ ਇਸ ਗੱਠਜੋੜ ਨੂੰ ਕਾਂਗਰਸ ਹਾਈ ਕਮਾਂਡ ਦਾ ਆਤਮਘਾਤੀ ਫ਼ੈਸਲਾ ਗਰਦਾਨ ਰਿਹਾ ਹੈ। ਦੂਜਾ ਧੜਾ ਜਿਸ ਵਿਚ ਬਹੁਤੇ ਵਰਤਮਾਨ ਲੋਕ ਸਭਾ ਦੇ ਮੈਂਬਰ ਹਨ, ਉਹ ਇਸ ਗੱਠਜੋੜ ਨੂੰ ਕਾਂਗਰਸ ਪਾਰਟੀ ਲਈ ਵਰਦਾਨ ਸਮਝ ਰਿਹਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਕਾਂਗਰਸ ਪੰਜਾਬ ਵਿਚੋਂ ਆਪਣਾ ਆਧਾਰ ਗੁਆ ਚੁੱਕੀ ਹੈ। ਇਸ ਲਈ ਆਮ ਆਦਮੀ ਪਾਰਟੀ ਜਿਸ ਦਾ ਅਕਸ ਅਜੇ ਤੱਕ ਸਾਫ਼-ਸੁਥਰਾ ਹੋਣ ਕਰਕੇ ਲੋਕਾਂ ਵਿਚ ਹਰਮਨ ਪਿਆਰੀ ਹੈ, ਕਾਂਗਰਸ ਪਾਰਟੀ ਨੂੰ ਸਾਰੀਆਂ ਸੀਟਾਂ ਜਿਤਾਉਣ ਦੇ ਸਮਰੱਥ ਹੈ। ਉਹ ਇਹ ਵੀ ਮਹਿਸੂਸ ਕਰ ਰਹੇ ਹਨ ਕਿ ਬਿਆਨਬਾਜ਼ੀ ਕਰਨ ਦਾ ਕੋਈ ਫਾਇਦਾ ਨਹੀਂ ਕਿਉਂਕਿ ਹਾਈ ਕਮਾਂਡ ਦਾ ਹੁਕਮ ਮੰਨਣਾ ਪੈਣਾ ਹੈ। ਇਸ ਗੱਠਜੋੜ ਨੇ ਕਾਂਗਰਸ ਨੇਤਾਵਾਂ ਦਾ ਕਾਟੋ-ਕਲੇਸ਼ ਹੋਰ ਵਧਾ ਦਿੱਤਾ ਹੈ, ਜਿਸ ਕਰਕੇ ਕਾਂਗਰਸ ਪਾਰਟੀ ਦੇ ਅਕਸ ਨੂੰ ਧੱਬਾ ਲੱਗ ਰਿਹਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵੀ ਕਾਂਗਰਸ ਦੀ ਆਪੋਧਾਪੀ ਦੀ ਲੜਾਈ ਨੇ ਹੀ ਹਰਾਇਆ ਸੀ। ਕਾਂਗਰਸੀ ਅਜੇ ਵੀ ਸਬਕ ਸਿੱਖਣ ਲਈ ਤਿਆਰ ਨਹੀਂ। ਪੰਜਾਬ ਕਾਂਗਰਸ ਵਿਚ ਅੰਦਰਖਾਤੇ ਘਸਮਾਣ ਪਿਆ ਹੋਇਆ ਹੈ। ਲੋਕ ਸਭਾ ਦੇ ਵਰਤਮਾਨ ਮੈਂਬਰਾਂ ਤੋਂ ਇਲਾਵਾ ਸਾਰੀ ਕਾਂਗਰਸ ਲੀਡਰਸ਼ਿਪ ਆਮ ਆਦਮੀ ਪਾਰਟੀ ਨਾਲ ਕਿਸੇ ਕਿਸਮ ਦਾ ਸਮਝੌਤਾ ਕਰਨ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਨੂੰ ਡਰ ਹੈ ਕਿ ਦਿੱਲੀ ਦੀ ਤਰ੍ਹਾਂ ਜੇਕਰ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰ ਲਿਆ, ਤਾਂ ਕਾਂਗਰਸ ਪਾਰਟੀ ਹਮੇਸ਼ਾ ਲਈ ਪੰਜਾਬ ਵਿਚੋਂ ਖ਼ਤਮ ਹੋ ਜਾਵੇਗੀ, ਜਿਵੇਂ ਦਿੱਲੀ ਵਿਚ ਹੋਇਆ ਹੈ। ਇਸ ਤੋਂ ਇਲਾਵਾ ਜਦੋਂ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਸਰਕਾਰ ਬਣੀ ਹੈ, ਉਦੋਂ ਤੋਂ ਹੀ ਪੰਜਾਬ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਉਸ ਦੇ ਨਿਸ਼ਾਨੇ 'ਤੇ ਹੈ। ਇਸ ਲਈ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਨਾਲ ਸਟੇਜਾਂ ਸਾਂਝੀਆਂ ਕਰਨੀਆਂ ਅਸੰਭਵ ਲੱਗਦੀਆਂ ਹਨ। ਸਟੇਜਾਂ ਤੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਇੱਕ ਦੂਜੀ ਪਾਰਟੀ ਦੇ ਉਮੀਦਵਾਰਾਂ ਲਈ ਵੋਟਾਂ ਕਿਵੇਂ ਮੰਗਣਗੇ? ਪ੍ਰੰਤੂ ਕਾਂਗਰਸ ਹਾਈ ਕਮਾਂਡ ਦੇਸ਼ ਦੇ ਵੱਡੇ ਹਿੱਤਾਂ ਨੂੰ ਮੁੱਖ ਰੱਖਕੇ ਪੰਜਾਬ ਵਿਚ ਕੀ ਸਾਰੇ ਦੇਸ਼ ਵਿਚ ਕੁਰਬਾਨੀ ਦੇਣ ਨੂੰ ਤਿਆਰ ਹੈ। ਸਰਬ ਭਾਰਤੀ ਕਾਂਗਰਸ ਆਪਣਾ ਵਕਾਰ ਮੁੜ ਬਹਾਲ ਕਰਨਾ ਚਾਹੁੰਦੀ ਹੈ। ਇਕੱਲਿਆਂ ਲੋਕ ਸਭਾ ਦੀਆਂ ਚੋਣਾਂ ਵਿਚ ਉਸ ਦੇ ਪੱਲੇ ਬਹੁਤਾ ਕੁਝ ਪੈਂਦਾ ਨਜ਼ਰ ਨਹੀਂ ਆ ਰਿਹਾ। ਉਹ ਵੀ ਔਖੇ ਹੋ ਕੇ ਅੱਕ ਚੱਬ ਰਹੀ ਹੈ। ਇੰਡੀਆ ਗੱਠਜੋੜ ਬਣਨ ਦਾ ਮੁੱਖ ਕਾਰਨ ਵਿਰੋਧੀ ਪਾਰਟੀਆਂ ਨੂੰ ਲੱਗਦਾ ਹੈ ਕਿ ਇਕੱਲੇ-ਇਕੱਲੇ ਚੋਣਾਂ ਲੜਨ ਨਾਲ ਉਹ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐੱਨ.ਡੀ.ਏ. ਨੂੰ ਹਰਾ ਨਹੀਂ ਸਕਦੀਆਂ। ਪੰਜਾਬ ਦੇ ਕਾਂਗਰਸੀ ਨੇਤਾ ਭਾਵੇਂ ਜਿੰਨਾ ਮਰਜ਼ੀ ਰੌਲਾ ਪਾਈ ਜਾਣ, ਆਖ਼ਰ ਉਨ੍ਹਾਂ ਨੂੰ ਹਾਈ ਕਮਾਂਡ ਅੱਗੇ ਹਥਿਆਰ ਸੁੱਟਣੇ ਪੈਣੇ ਹਨ। ਉਨ੍ਹਾਂ ਨੂੰ ਦੰਦਾਂ ਹੇਠ ਜੀਭ ਦੇਣੀ ਹੀ ਪੈਣੀ ਹੈ। ਸਿਆਸੀ ਵਿਸ਼ਲੇਸ਼ਕ ਗੰਭੀਰਤਾ ਨਾਲ ਵੇਖ ਰਹੇ ਹਨ ਕਿ ਲੋਕ ਸਭਾ ਦੀਆਂ 2024 ਦੀਆਂ ਚੋਣਾਂ ਨੂੰ ਮੁੱਖ ਰੱਖਕੇ 28 ਵਿਰੋਧੀ ਪਾਰਟੀਆਂ ਦਾ (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ) ਅਰਥਾਤ 'ਇੰਡੀਆ' ਦੇ ਨਾਮ ਨਾਲ ਬਣਾਇਆ ਗੱਠਜੋੜ ਕੀ ਰੰਗ ਲਿਆਵੇਗਾ? ਇੰਡੀਆ ਗੱਠਜੋੜ ਦੀ ਲਗਾਤਾਰ ਤੇਜ਼ੀ ਨਾਲ ਚੱਲ ਰਹੀ ਸਰਗਰਮੀ ਨੂੰ ਭਾਰਤੀ ਜਨਤਾ ਪਾਰਟੀ ਬਹੁਤ ਹੀ ਸੰਜੀਦਗੀ ਨਾਲ ਲੈ ਰਹੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਭਾਰਤੀ ਜਨਤਾ






ਪਾਰਟੀ ਇਸ ਗੱਠਜੋੜ ਦੀ ਸਰਗਰਮੀ ਅਤੇ ਨਾਮ ਤੋਂ ਘਬਰਾਈ ਹੋਈ ਹੈ, ਤਾਂ ਕੋਈ ਅਤਕਥਨੀ ਨਹੀਂ ਹੋਵੇਗੀ, ਕਿਉਂਕਿ ਹੁਣੇ ਜਿਹੇ ਦੋ ਰੋਜ਼ਾ ਜੀ 20 ਸਮੇਲਨ ਦਿੱਲੀ ਵਿਖੇ ਹੋਇਆ ਸੀ, ਜਿਸ ਦੀ ਪ੍ਰਧਾਨਗੀ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੀਤੀ ਸੀ। ਪ੍ਰਧਾਨ ਮੰਤਰੀ ਦੇ ਅੱਗੇ ਜਿਹੜੀ ਪਲੇਟ ਰੱਖੀ ਹੋਈ ਸੀ, ਉਸ ਉਪਰ ਇੰਡੀਆ ਦੀ ਥਾਂ 'ਤੇ 'ਭਾਰਤ' ਲਿਖਿਆ ਹੋਇਆ ਸੀ। ਵਿਰੋਧੀ ਪਾਰਟੀਆਂ ਦੀ ਸਰਗਰਮੀ ਵਿਚ ਇਤਨੀ ਤੇਜ਼ੀ ਤੋਂ ਪਤਾ ਲੱਗਦਾ ਹੈ ਕਿ ਉਹ ਹਰ ਹਾਲਤ ਵਿਚ ਇਕੱਠੇ ਹੋ ਕੇ ਚੋਣ ਲੜਨਗੇ। ਇਸ ਗੱਠਜੋੜ ਦੀ ਸਥਾਪਨਾ ਮਹਿਜ਼ ਦੋ ਮਹੀਨੇ ਪਹਿਲਾਂ 23 ਜੂਨ 2023 ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਪ੍ਰਧਾਨਗੀ ਵਿਚ ਪਟਨਾ ਵਿਖੇ ਮੀਟਿੰਗ ਵਿਚ ਹੋਈ ਸੀ, ਜਿਸ ਵਿਚ 16 ਪਾਰਟੀਆਂ ਸ਼ਾਮਲ ਸਨ। ਦੂਜੀ ਮੀਟਿੰਗ ਕਰਨਾਟਕ ਦੇ ਬੰਗਲੌਰ ਵਿਖੇ ਸ਼੍ਰੀਮਤੀ ਸੋਨੀਆਂ ਗਾਂਧੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿਚ 26 ਪਾਰਟੀਆਂ ਦੇ ਨੇਤਾ ਸ਼ਾਮਲ ਹੋਏ, ਜਿਸ ਕਰਕੇ ਇੰਡੀਆ ਗੱਠਜੋੜ ਨੂੰ ਹੌਂਸਲਾ ਮਿਲ ਗਿਆ। ਤੀਜੀ ਦੋ ਰੋਜ਼ਾ 31 ਅਗਸਤ 2023 ਅਤੇ 1 ਸਤੰਬਰ ਨੂੰ ਮਹਾਰਾਸ਼ਟਰ ਦੇ ਮੁੰਬਈ ਵਿਚ ਹੋਈ ਮੀਟਿੰਗ ਵਿਚ 28 ਪਾਰਟੀਆਂ ਸ਼ਾਮਲ ਹੋਈਆਂ, ਇਕ ਕੋਆਰਡੀਨੇਸ਼ਨ ਕਮੇਟੀ ਬਣਾਈ ਗਈ ਤੇ ਤਿੰਨ ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਜਿਹੜਾ ਤਿੰਨ ਨੁਕਾਤੀ ਪ੍ਰੋਗਰਾਮ ਹੈ, ਉਹ ਸਰਕਾਰ ਚਲਾ ਰਹੀ ਪਾਰਟੀ ਲਈ ਖ਼ਤਰੇ ਦੀ ਘੰਟੀ ਸਾਬਤ ਹੋ ਰਿਹਾ ਹੈ। **ਪਹਿਲਾ ਨੁਕਤਾ:** ਸਾਰੀਆਂ ਵਿਰੋਧੀ ਪਾਰਟੀਆਂ ਸੀਟਾਂ ਦੀ ਲੈਣ ਦੇਣ ਦੇ ਆਧਾਰ 'ਤੇ ਏਕਤਾ ਦੀ ਭਾਵਨਾ ਨਾਲ ਤੁਰੰਤ ਮੀਟਿੰਗਾਂ ਕਰਕੇ ਫ਼ੈਸਲੇ ਕਰਨਗੀਆਂ, ਜੇਕਰ ਕਿਸੇ ਪਾਰਟੀ ਨੂੰ ਕੋਈ ਨਿੱਜੀ ਸੀਟ ਛੱਡਣੀ ਵੀ ਪਵੇਗੀ ਤਾਂ ਵੱਡੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ ਜਾਵੇਗੀ। ਕੋਈ ਆਨਾ-ਕਾਨੀ ਨਹੀਂ ਹੋਵੇਗੀ। **ਦੂਜਾ ਨੁਕਤਾ:** ਰਾਜਾਂ ਵਿਚ ਸਾਂਝੀਆਂ ਰੈਲੀਆਂ ਕੀਤੀਆਂ ਜਾਣਗੀਆਂ। ਤੀਜਾ ਨੁਕਤਾ ਬਹੁਤ ਮਹੱਤਵਪੂਰਨ ਹੈ, ਜਿਸ ਵਿਚ 'ਜੁੜੇਗਾ ਭਾਰਤ, ਜਿੱਤੇਗਾ ਭਾਰਤ' ਕਿਹਾ ਗਿਆ ਹੈ। ਇਸ ਨੁਕਤੇ ਦਾ ਭਾਵ ਇੰਡੀਆ ਗੱਠਜੋੜ ਹਰ ਹਾਲਤ ਵਿਚ ਜਿੱਤੇਗਾ ਤੇ ਭਾਰਤ ਇਕੱਠਾ ਰਹੇਗਾ। ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰ ਵੀ ਘੱਟ ਨਹੀਂ, ਉਨ੍ਹਾਂ ਨੇ ਇੰਡੀਆ ਗੱਠਜੋੜ ਵਿਚ ਫੁੱਟ ਪਾਉਣ ਦੀ ਹਰ ਕੋਸ਼ਿਸ਼ ਕਰਨੀ ਹੈ।


ਇਸ ਗੱਠਜੋੜ ਦਾ ਪੰਜਾਬ ਦੀ ਰਾਜਨੀਤੀ 'ਤੇ ਕੀ ਪ੍ਰਭਾਵ ਪਵੇਗਾ? ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿਉਂਕਿ ਪਿਛਲੇ ਡੇਢ ਸਾਲ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਹੈ। ਸਰਕਾਰ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਢਾਲ ਬਣਾ ਕੇ ਕਾਂਗਰਸ ਦੇ ਵੱਡੇ ਨੇਤਾ ਗ੍ਰਿਫਤਾਰ ਕੀਤੇ ਅਤੇ ਕਈ ਨੇਤਾ ਤਾਂ ਤਿੰਨ-ਚਾਰ ਮਹੀਨੇ ਜੇਲ੍ਹਾਂ ਦੀ ਹਵਾ ਖਾ ਚੁੱਕੇ ਹਨ। ਇਸ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਅੱਡੋ-ਫਾਟੀ ਹੋਈ ਪਈ ਹੈ। ਇਸ ਸਮੇਂ ਕਾਂਗਰਸ ਪਾਰਟੀ ਦੇ 7 ਲੋਕ ਸਭਾ ਮੈਂਬਰ ਹਨ, ਇਨ੍ਹਾਂ ਵਿਚੋਂ ਪਟਿਆਲਾ ਲੋਕ ਸਭਾ ਦੀ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਬਾਰੇ ਹੰਦੇਸ਼ਾ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਕੀ ਸਾਰਾ ਪਰਿਵਾਰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ 8 ਸੀਟਾਂ ਇਕੱਲਿਆਂ ਜਿੱਤੀਆਂ ਸਨ ਤੇ ਆਮ ਆਦਮੀ ਪਾਰਟੀ ਇੱਕੋ ਇੱਕ ਸੰਗਰੂਰ ਦੀ ਸੀਟ ਭਗਵੰਤ ਸਿੰਘ ਮਾਨ ਨੇ ਜਿੱਤੀ ਸੀ। ਉਹ ਸੀਟ ਭਗਵੰਤ ਸਿੰਘ ਮਾਨ ਨੇ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਖਾਲੀ ਕਰ ਦਿੱਤੀ ਸੀ, ਜਿਥੋਂ ਉਪ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਜਿੱਤ ਗਿਆ ਸੀ। ਆਮ ਆਦਮੀ ਪਾਰਟੀ ਨੇ ਜਲੰਧਰ ਦੀ ਰਾਖਵੀਂ ਸੀਟ ਚੌਧਰੀ ਸੰਤਖ ਸਿੰਘ ਦੇ ਸਵਰਗਵਾਸ ਹੋਣ 'ਤੇ ਖਾਲੀ ਹੋਣ ਤੋਂ ਬਾਅਦ ਜਿੱਤ ਲਈ। ਆਮ ਆਦਮੀ ਪਾਰਟੀ ਕੋਲ ਪਹਿਲਾਂ ਦੀ ਤਰ੍ਹਾਂ ਇਕੋ ਸੀਟ ਹੈ। ਜੇਕਰ ਲੋਕ ਸਭਾ ਦੀਆਂ ਸੀਟਾਂ ਨੂੰ ਮੁੱਖ ਰੱਖਕੇ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚ ਸੀਟਾਂ ਦੀ ਵੰਡ ਹੁੰਦੀ ਹੈ, ਤਾਂ ਕਾਂਗਰਸ ਪਾਰਟੀ ਨੂੰ 7 ਸੀਟਾਂ ਮਿਲ ਸਕਦੀਆਂ ਹਨ ਪ੍ਰੰਤੂ ਜੇਕਰ ਵਿਧਾਨ ਸਭਾ ਦੀ ਚੋਣ ਨੂੰ ਮੁੱਖ ਰੱਖਕੇ ਸੀਟਾਂ ਵੰਡੀਆਂ ਜਾਂਦੀਆਂ ਹਨ, ਤਾਂ ਕਾਂਗਰਸ ਨੂੰ ਸਿਰਫ ਮਾਝੇ ਵਿਚੋਂ ਦੋ-ਤਿੰਨ ਸੀਟਾਂ ਮਿਲ ਸਕਦੀਆਂ ਹਨ। ਇਸ ਕਰਕੇ ਹੀ ਕਾਂਗਰਸੀ ਲੋਕ ਸਭਾ ਦੇ ਮੈਂਬਰ ਲੋਕ ਸਭਾ ਜਿੱਤਣ ਵਾਲਾ ਫਾਰਮੂਲਾ ਲਾਗੂ ਕਰਨ ਦੀ ਵਕਾਲਤ ਕਰ ਰਹੇ ਹਨ। ਸਰਬ ਭਾਰਤੀ ਕਾਂਗਰਸ ਦੇ ਪ੍ਰਧਾਨ ਮਲਿਕ ਅਰਜਨ ਖੜਗੇ ਨੇ ਕਿਹਾ ਹੈ ਕਿ ਜੇਕਰ 90 ਫ਼ੀਸਦੀ ਸੀਟਾਂ 'ਤੇ ਇੰਡੀਆ ਗੱਠਜੋੜ ਨੇ ਸਹਿਮਤੀ ਕਰ ਲਈ, ਤਾਂ ਉਹ ਭਾਜਪਾ ਨੂੰ ਹਰਾ ਦੇਣਗੇ। ਮਲਿਕ ਅਰਜਨ ਖੜਗੇ ਦੇ ਬਿਆਨ ਤੋਂ ਪੰਜਾਬ ਦੇ ਕਾਂਗਰਸੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰੀ ਕਾਂਗਰਸ ਹਰ ਹਾਲਤ ਵਿਚ ਗੱਠਜੋੜ ਦੀ ਸਫਲਤਾ ਲਈ ਯਤਨਸ਼ੀਲ ਰਹੇਗੀ। ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਸਮਾਂ ਕੀ ਕਰਵਟ ਲੈਂਦਾ ਹੈ।

# ਲੋਕ ਸੰਪਰਕ ਦੇ ਚਾਨਣ ਮੁਨਾਰੇ

## ਪੁਸਤਕ ਰੀਵਿਊ

ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302 (ਬਠਿੰਡਾ)
94176-92015
(Punjab Mail USA)






**ਪੁਸਤਕ : ਲੋਕ ਸੰਪਰਕ ਪੰਜਾਬ ਦੇ 52 ਰਤਨ**
**ਲੇਖਕ : ਉਜਾਗਰ ਸਿੰਘ**
**ਪ੍ਰਕਾਸ਼ਕ : ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**
**ਪੰਨੇ : 148**
**ਮੁੱਲ : 300/**

ਉਜਾਗਰ ਸਿੰਘ ਲੋਕ ਸੰਪਰਕ ਵਿਭਾਗ ਪੰਜਾਬ ਦੇ ਅਧਿਕਾਰੀ ਰਹਿ ਚੁੱਕੇ ਹਨ। ਉਨ੍ਹਾਂ ਨੇ ਸੇਵਾਮੁਕਤੀ ਪਿੱਛੋਂ ਵਿਹਲੇ ਰਹਿ ਕੇ, ਗੱਪਾਂ ਮਾਰ ਕੇ ਜੀਵਨ ਨਹੀਂ ਬਿਤਾਇਆ, ਸਗੋਂ ਆਪਣੇ ਸਮੇਂ ਨੂੰ ਸਾਰਥਕ ਬਣਾਉਂਦਿਆਂ ਬਹੁਤ ਸਾਰੀਆਂ ਕਿਤਾਬਾਂ ਲਿਖ ਕੇ ਪੰਜਾਬੀ ਸਾਹਿਤ ਸੰਸਾਰ ਨੂੰ ਅਮੀਰ ਬਣਾਇਆ ਹੈ। ਉਹ ਲਗਾਤਾਰ ਪੜ੍ਹਨ ਲਿਖਣ ਵਾਲੀ ਸ਼ਖਸੀਅਤ ਹਨ, ਜਿਨ੍ਹਾਂ ਨੇ ਚਲੰਤ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਮਸਲਿਆਂ ਬਾਰੇ ਵੀ ਆਪਣੇ ਵਿਚਾਰ ਨਿਰਪੱਖ ਹੋ ਕੇ ਪੱਤਰ ਪੱਤ੍ਰਿਕਾਵਾਂ ਲਈ ਲਿਖੇ ਹਨ। ਇਸ ਤੋਂ ਬਿਨਾਂ ਉਹ ਸਮੇਂ-ਸਮੇਂ 'ਤੇ ਵੱਖ-ਵੱਖ ਵਿਧਾਵਾਂ ਦੀਆਂ ਕਿਤਾਬਾਂ ਪੜ੍ਹ ਕੇ ਉਨ੍ਹਾਂ 'ਤੇ ਤਬਸਰਾ ਕਰਦੇ ਰਹਿੰਦੇ ਹਨ। ਉਨ੍ਹਾਂ ਨੇ ਹੁਣ ਤੱਕ ਦਰਜਨ ਦੇ ਕਰੀਬ ਕਿਤਾਬਾਂ ਅਤੇ ਸੈਂਕੜੇ ਦੀ ਗਿਣਤੀ ਵਿਚ ਲੇਖ, ਰੀਵਿਊ ਪ੍ਰਕਾਸ਼ਿਤ ਕਰਵਾਏ ਹਨ। ਉਨ੍ਹਾਂ ਦੀਆਂ ਸਾਰੀਆਂ ਹੀ ਪੁਸਤਕਾਂ ਵਾਰਤਕ ਦੀਆਂ ਹਨ ਤੇ ਇੱਕ ਸੰਪਾਦਿਤ ਕਾਵਿ ਸੰਗ੍ਰਹਿ ਵੀ ਹੈ। ਹਾਲ ਹੀ ਵਿਚ ਉਨ੍ਹਾਂ ਦੀ ਲਿਖੀ ਸਵੈਜੀਵਨੀ ਕਾਫ਼ੀ ਚਰਚਾ ਵਿਚ ਹੈ।

ਰੀਵਿਊ ਅਧੀਨ ਕਿਤਾਬ ਵਿਚ ਇਸਦੇ ਨਾਂ ਮੁਤਾਬਕ 52 ਸ਼ਖਸੀਅਤਾਂ ਦੀਆਂ ਦਿਲਚਸਪ ਜੀਵਨ ਝਾਤਾਂ ਪ੍ਰਸਤੁਤ ਹਨ ਅਤੇ ਸਭ ਤੋਂ ਵੱਡੀ ਗੱਲ ਕਿ ਹਰੇਕ ਵਿਅਕਤੀ ਨੂੰ ਕਿਸੇ ਨਾ ਕਿਸੇ ਵਿਸ਼ੇਸ਼ਣ ਰਾਹੀਂ ਉਜਾਗਰ ਕੀਤਾ ਗਿਆ ਹੈ। ਕੁਝ ਸਿਰਲੇਖ ਵੇਖਣਯੋਗ ਹਨ :

- ਸਰਕਾਰੀ ਬੇੜਿਆਂ ਦਾ ਮਲਾਹ
- ਮਿਹਨਤ ਦਾ ਮੁਜੱਸਮਾ
- ਬੂਟਾਂ ਦੀ ਦੁਕਾਨ ਤੋਂ ਜੁਆਇੰਟ ਡਾਇਰੈਕਟਰ ਤੱਕ
- ਸਾਹਿਤਕਾਰੀ ਤੇ ਪੱਤਰਕਾਰੀ ਦਾ ਸੁਮੇਲ

ਇਸੇ ਤਰ੍ਹਾਂ ਦੇ ਹੋਰ ਸਿਰਲੇਖ ਵੀ ਕਿਤਾਬ ਵਿਚੋਂ ਵੇਖੇ ਤੇ ਪੜ੍ਹੇ ਜਾ ਸਕਦੇ ਹਨ।

ਪੁਸਤਕ ਦੀ ਭੂਮਿਕਾ ਵਿਚ ਲੇਖਕ ਨੇ ਲੋਕ ਸੰਪਰਕ ਵਿਭਾਗ ਦੀ ਸਥਾਪਨਾ ਅਤੇ ਕਾਰਜਸ਼ੀਲਤਾ ਬਾਰੇ ਸੰਖਿਪਤ ਪਰ ਮਹੱਤਵਪੂਰਣ ਜਾਣਕਾਰੀ ਦੇਣ ਦੇ ਨਾਲ-ਨਾਲ ਇਹ ਵੀ ਦੱਸਿਆ ਹੈ ਕਿ ਲੋਕ ਸੰਪਰਕ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਸਰਕਾਰ ਦੀਆਂ ਗਲਤੀਆਂ 'ਤੇ ਪਰਦੇ ਪਾਉਣ ਦਾ ਕੰਮ ਕਰਦੇ ਸਨ ਪਰੰਤੂ ਫਿਰ ਵੀ ਹਰ ਕੰਮ ਦੀ ਸਫ਼ਲਤਾ ਦਾ ਸਿਹਰਾ ਸਿਆਸਤਦਾਨ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਆਪੋ-ਆਪਣੇ ਸਿਰ ਬੰਨ੍ਹਦੇ ਰਹਿੰਦੇ ਸਨ। ਜਦੋਂ ਕੋਈ ਅਸਫ਼ਲਤਾ ਹੁੰਦੀ ਤਾਂ ਉਸਦਾ ਭਾਂਡਾ ਲੋਕ ਸੰਪਰਕ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਸਿਰ ਮੜ੍ਹ ਦਿੱਤਾ ਜਾਂਦਾ ਸੀ। (ਪੰਨਾ 12) ਇਉਂ ਲੇਖਕ ਨੇ ਬੜੀ ਬੇਬਾਕੀ ਅਤੇ ਈਮਾਨਦਾਰੀ ਨਾਲ ਆਪਣੀ ਗੱਲ ਕਹਿਣ ਦੀ ਜ਼ੁਰੱਅਤ ਕੀਤੀ ਹੈ।

ਪੁਸਤਕ ਵਿਚ ਸ਼ਾਮਲ ਸਾਰੀਆਂ ਹੀ ਸ਼ਖਸੀਅਤਾਂ ਨੂੰ ੳ, ਅ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ ਪਰ ਆਪਣਾ ਨਾਂ ਹਲੀਮੀ ਕਰਕੇ ਸਭ ਤੋਂ ਅੰਤ ਵਿਚ ਦਰਜ ਕੀਤਾ ਹੈ। ਇਹ ਸਾਰੇ ਵਿਅਕਤੀ ਆਪੋ-ਆਪਣੇ ਕਸਬ ਵਿਚ ਨਿਪੁੰਨ ਹਨ। ਇਨ੍ਹਾਂ ਵਿਚ ਬਹੁਤੇ ਲੇਖਕ, ਕਲਾਕਾਰ, ਗਾਇਕ, ਕਵੀ, ਅਦਾਕਾਰ ਤੇ ਸਾਹਿਤਕਾਰ ਹਨ, ਕੁਝ ਕੁ ਅਧਿਕਾਰੀ ਤੇ ਪੱਤਰਕਾਰ ਵੀ ਹਨ। ਇਨ੍ਹਾਂ ਵਿਚੋਂ ਕੁਝ ਨਾਂ ਵਰਣਨਯੋਗ ਹਨ - ਅਮਰਜੀਤ ਸਿੰਘ ਵੜੈਚ, ਐੱਸ.ਬੀ. ਦੁਰਗਾ, ਸੁਖਪਾਲਵੀਰ ਸਿੰਘ ਹਸਰਤ, ਸਿਰੀ ਰਾਮ ਅਰਸ਼, ਹਰਚਰਨ ਗਰੇਵਾਲ, ਕੁਲਵੰਤ ਸਿੰਘ ਵਿਰਕ, ਕਰਨੈਲ ਸਿੰਘ ਗਿੱਲ, ਗੁਰਨਾਮ ਸਿੰਘ ਤੀਰ, ਸਿੱਧੂ ਦਮਦਮੀ, ਚਰਨ ਸਿੰਘ ਸਿੰਧਰਾ, ਦੀਦਾਰ ਸੰਧੂ, ਨਿਰੰਜਨ ਸਿੰਘ ਮਿੱਠਾ, ਪਾਲੀ ਦੇਤਵਾਲੀਆ, ਭੂਮ ਚੰਦ ਮਾਨਵ, ਭਾਗ ਸਿੰਘ, ਮੁਹੰਮਦ ਸਦੀਕ, ਵਰਿੰਦਰ ਸਿੰਘ ਵਾਲੀਆ ਅਤੇ ਖੁਦ ਲੇਖਕ ਉਜਾਗਰ ਸਿੰਘ।

ਨਿਮਰਤਾ, ਸਾਊਪਣਾ, ਸਾਦਗੀ, ਈਮਾਨਦਾਰੀ, ਮਿਲਵਰਤਣ ਤੇ ਮਿਹਨਤ ਦੀ ਮਿਸਾਲ ਉਜਾਗਰ ਸਿੰਘ ਦੀ ਇਸ ਪੁਸਤਕ ਨੂੰ ਖੁਸ਼ਆਮਦੀਦ ਅਤੇ ਸ਼ੁਭ ਇੱਛਾਵਾਂ! ਇਸ ਪੁਸਤਕ ਵਿਚ ਦਰਜ ਇਹ ਕੁਝ ਚੋਣਵੇਂ ਵਿਅਕਤੀ ਹਨ ਅਤੇ ਲੇਖਕ ਮੁਤਾਬਕ ਹੋਰਨਾਂ ਬਾਰੇ ਜਾਣਕਾਰੀ ਅਗਲੀ ਕਿਤਾਬ ਵਿਚ ਦਿੱਤੀ ਜਾਵੇਗੀ।

# ਜੋੜ ਤੰਦਰੁਸਤ ਰੱਖਣ ਲਈ ਕੀ ਕਰੀਏ?

ਡਾ. ਹਰਸ਼ਿੰਦਰ ਕੌਰ
ਐੱਮ.ਡੀ., 28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ
0175-2216783
(Punjab Mail USA





ਅੱਜਕੱਲ੍ਹ ਗੋਡੇ ਬਦਲਣ ਦਾ ਰਿਵਾਜ਼ ਓਨਾ ਹੀ ਆਮ ਹੈ, ਜਿੰਨਾ ਕਾਰ ਜਾਂ ਸਕੂਟਰ ਬਦਲਣ ਦਾ। ਬਹੁਤਿਆਂ ਦੇ ਗੋਡੇ ਇਕ ਵਾਰ ਬਦਲਣ ਤੋਂ ਬਾਅਦ ਕਦੇ ਵੀ ਦੁਬਾਰਾ ਨਾਰਮਲ ਵਾਂਗ ਹੋ ਨਹੀਂ ਸਕਦੇ। ਕਈਆਂ ਦੇ ਦੂਜੀ ਜਾਂ ਤੀਜੀ ਵਾਰ ਵੀ ਬਦਲਣੇ ਪੈ ਜਾਂਦੇ ਹਨ। ਇਸੇ ਲਈ ਜੇ ਸ਼ੁਰੂ ਤੋਂ ਹੀ ਗੋਡਿਆਂ ਦਾ ਧਿਆਨ ਰੱਖ ਲਈਏ, ਤਾਂ ਦੇਰ ਤੱਕ ਤੰਦਰੁਸਤ ਰਿਹਾ ਜਾ ਸਕਦਾ ਹੈ।

ਸਭ ਤੋਂ ਅਹਿਮ ਹੈ ਗੋਡਿਆਂ ਉੱਤੇ ਪੈਂਦਾ ਭਾਰ! ਜੇ ਸਰੀਰ ਦਾ ਭਾਰ ਇੱਕ ਪੌਂਡ ਵੀ ਵਧ ਜਾਵੇ, ਤਾਂ ਗੋਡਿਆਂ ਉੱਤੇ ਚਾਰ ਗੁਣਾ ਜ਼ੋਰ ਪੈ ਜਾਂਦਾ ਹੈ, ਜੋ ਨਾ ਸਿਰਫ਼ ਗੋਡੇ, ਬਲਕਿ ਪਿੱਠ, ਕਮਰ, ਲੱਤਾਂ ਅਤੇ ਪੈਰਾਂ ਉੱਤੇ ਵੀ ਤਗੜਾ ਅਸਰ ਪਾ ਕੇ ਉਨ੍ਹਾਂ ਦਾ ਘਸਣਾ ਵਧਾ ਦਿੰਦਾ ਹੈ। ਇਸੇ ਨਾਲ ਹੌਲੀ-ਹੌਲੀ ਲਗਾਤਾਰ ਪੀੜ ਰਹਿਣੀ ਸ਼ੁਰੂ ਹੋ ਜਾਂਦੀ ਹੈ। ਜੇ ਭਾਰ ਵਧਣਾ ਲਗਾਤਾਰ ਜਾਰੀ ਰਹੇ, ਤਾਂ ਬਾਕੀ ਦੇ ਜੋੜ, ਜਿਵੇਂ ਹੱਥ ਜਾਂ ਮੋਢੇ ਵਿਚ ਵੀ ਖਿੱਚ ਅਤੇ ਪੀੜ ਮਹਿਸੂਸ ਹੋਣ ਲੱਗ ਪੈਂਦੀ ਹੈ ਕਿਉਂਕਿ ਦਿਮਾਗ਼ ਇੱਕੋ ਸੁਨੇਹਾ ਸਾਰੇ ਪਾਸੇ ਭੇਜ ਦਿੰਦਾ ਹੈ। ਇਸੇ ਲਈ ਲੰਮੇ ਸਮੇਂ ਤੱਕ ਗੋਡੇ ਸਹੀ ਰੱਖਣ ਲਈ ਹਰ ਹਾਲ ਭਾਰ ਉੱਤੇ ਕਾਬੂ ਰੱਖਣਾ ਪੈਂਦਾ ਹੈ।

**ਉਂਗਲਾਂ ਅਤੇ ਅੰਗੂਠਾ** :- ਮੋਬਾਈਲ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਿਆ ਹੋਇਆ ਹੈ। ਇੰਜ ਹੀ ਦੇਰ ਤੱਕ ਲੈਪਟਾਪ ਉੱਤੇ ਅੰਗੂਠੇ ਤੇ ਉਂਗਲਾਂ ਵੱਲੋਂ ਹਰਕਤ ਕਰਨ ਨਾਲ ਜੋੜਾਂ ਉੱਤੇ ਲਗਾਤਾਰ ਜ਼ੋਰ ਪੈਂਦਾ ਹੈ, ਜਿਸ ਨਾਲ ਹੱਥਾਂ ਦੇ ਜੋੜ ਪੀੜ ਕਰਨ ਲੱਗ ਪੈਂਦੇ ਹਨ। ਗਰਦਨ ਨੂੰ ਹੇਠਾਂ ਝੁਕਾ ਕੇ ਮੋਬਾਈਲ ਵੇਖਦੇ ਰਹਿਣ ਨਾਲ ਗਰਦਨ ਦੇ ਜੋੜਾਂ ਉੱਤੇ ਬਹੁਤ ਮਾੜਾ ਅਸਰ ਪੈ ਜਾਂਦਾ ਹੈ। ਖੋਜਾਂ ਦੱਸਦੀਆਂ ਹਨ ਕਿ ਨਾ ਸਿਰਫ਼ ਗਰਦਨ, ਬਲਕਿ ਮੋਢਿਆਂ ਉੱਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਹਰ ਇਕ ਇੰਚ ਅੱਗੇ ਝੁਕੇ ਸਿਰ ਨਾਲ ਮੋਢਿਆਂ ਉੱਤੇ ਦੁਗਣਾ ਭਾਰ ਪੈ ਜਾਂਦਾ ਹੈ। ਜੇ ਕਿਤੇ ਠੋਡੀ ਛਾਤੀ ਦੇ ਨੇੜੇ ਹੋ ਜਾਵੇ ਤਾਂ ਗਰਦਨ ਦੀਆਂ ਮਲੂਕ ਹੱਡੀਆਂ ਨੂੰ ਪੰਜ ਸਿਰਾਂ ਜਿੰਨਾ ਭਾਰ ਚੁੱਕਣ ਵਰਗਾ ਅਸਰ ਪੈਂਦਾ ਹੈ। ਇਸੇ ਲਈ ਗਰਦਨ ਤੇ ਮੋਢਿਆਂ ਨੂੰ ਤੰਦਰੁਸਤ ਰੱਖਣ ਲਈ ਮੇਜ਼ ਕੁਰਸੀ ਉੱਤੇ ਸਿੱਧਾ ਬਹਿ ਕੇ ਹੀ ਕੰਮ ਕਰਨਾ ਚਾਹੀਦਾ ਹੈ।

**ਉੱਚੀ ਅੱਡੀ ਵਾਲੀ ਜੁੱਤੀ** :- ਜਿੰਨੀ ਜ਼ਿਆਦਾ ਉੱਚੀ ਅੱਡੀ ਹੋਵੇ, ਓਨਾ ਹੀ ਪੈਰਾਂ ਦੀਆਂ ਉਂਗਲਾਂ ਅਤੇ ਪੰਜੇ ਉੱਤੇ ਵੱਧ ਜ਼ੋਰ ਪੈਂਦਾ ਹੈ। ਪੱਟਾਂ ਦੇ ਪੱਠਿਆਂ ਨੂੰ ਹੱਦੋਂ ਵੱਧ ਜ਼ੋਰ ਲਾ ਕੇ ਗੋਡੇ ਸਿੱਧੇ ਰੱਖਣੇ ਪੈਂਦੇ ਹਨ। ਇਹੀ ਕਾਰਨ ਹੈ ਕਿ ਰੋਜ਼ ਉੱਚੀ ਅੱਡੀ ਪਾਉਣ ਵਾਲਿਆਂ ਦੇ ਜੋੜਾਂ ਵਿਚਲਾ ਨਰਮ ਗੁੱਦਾ ਛੇਤੀ ਘਸ ਜਾਂਦਾ ਹੈ ਤੇ ਉਨ੍ਹਾਂ ਨੂੰ ਓਸਟੀਓ ਆਰਥਰਾਈਟਸ ਦਾ ਰੋਗ ਛੇਤੀ ਹੋ ਜਾਂਦਾ ਹੈ।

**ਘਸੇ ਹੋਏ ਜੁੱਤੇ ਪਾਉਣੇ** :- ਅੱਡੀਆਂ ਅਤੇ ਪੰਜਿਆਂ ਤੋਂ ਘਸੇ ਜੁੱਤੇ ਨਾ ਸਿਰਫ਼ ਪੈਰਾਂ, ਗੋਡੇ, ਕੂਹਲੇ ਬਲਕਿ ਪਿੱਠ ਦੇ ਜੋੜਾਂ ਉੱਤੇ ਵੀ ਮਾੜਾ ਅਸਰ ਪਾ ਦਿੰਦੇ ਹਨ। ਇਸੇ ਲਈ ਜੁੱਤਿਆਂ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਵੱਖੋ-ਵੱਖ ਖੇਡਾਂ ਲਈ ਵੀ ਵੱਖ ਤਰ੍ਹਾਂ ਦੇ ਜੁੱਤੇ ਬਣਾਏ ਗਏ ਹਨ। ਜਿਵੇਂ, ਬਾਸਕਟਬੌਲ ਲਈ ਰਤਾ ਮੋਟਾ ਥੱਲਾ, ਤਾਂ ਜੋ ਗੋਡਿਆਂ ਉੱਤੇ ਜ਼ੋਰ ਨਾ ਪਵੇ। ਬਹੁਤ ਜ਼ਿਆਦਾ ਕੁਸ਼ਨ ਥੱਲਾ, ਜਿਸ ਵਿਚ ਪੈਰ ਦੇ ਅੰਦਰਲੇ ਪਾਸੇ ਵਾਲਾ ਹਿੱਸਾ ਸਖ਼ਤ ਕਰ ਕੇ ਉੱਚਾ ਕੀਤਾ ਹੋਵੇ, ਵੀ ਲੱਤ ਦੇ ਪੱਠਿਆਂ ਉੱਤੇ ਖਿੱਚ ਪਾ ਦਿੰਦਾ ਹੈ।

**ਜੋੜਾਂ ਦੇ ਪਟਾਕੇ ਮਾਰਨੇ** :- ਕੋਈ ਵਿਰਲਾ ਹੀ ਹੋਵੇਗਾ ਜਿਸ ਨੇ ਕਦੇ ਉਂਗਲਾਂ 'ਚ ਪਟਾਕੇ ਨਾ ਮਾਰੇ ਹੋਣ! ਉਂਗਲਾਂ ਦੇ ਜੋੜਾਂ ਨੂੰ ਖਿੱਚ ਕੇ ਜਾਂ ਪੁੱਠਾ ਮੋੜ ਕੇ ਪਟਾਕੇ ਕੱਢਣੇ ਬਹੁਤ ਆਮ ਜਿਹੀ ਆਦਤ ਹੋ ਚੁੱਕੀ ਹੈ। ਇੰਜ ਕਰਨ ਨਾਲ ਆਰਥਰਾਈਟਿਸ ਭਾਵੇਂ ਨਾ ਹੋਵੇ ਪਰ ਹੌਲੀ-ਹੌਲੀ ਵਧਦੀ ਉਮਰ ਨਾਲ ਹੱਥਾਂ ਵਿਚ ਸੋਜ਼ਿਸ਼ ਜਾਂ ਪਕੜ ਵਿਚ ਕਮਜ਼ੋਰੀ ਹੋਣੀ ਸ਼ੁਰੂ ਹੋ ਜਾਂਦੀ ਹੈ।

**ਭਾਰਾ ਪਰਸ ਜਾਂ ਪਿੱਠੂ ਚੁੱਕਣਾ** :- ਰੋਜ਼ ਦੀ ਡਿਊਟੀ ਜਾਂ ਪੜ੍ਹਾਈ ਵੇਲੇ ਚੁੱਕੇ ਭਾਰੇ ਬਸਤੇ, ਪਿੱਠੂ ਜਾਂ ਭਾਰਾ ਪਰਸ ਟੰਗ ਕੇ ਤੁਰਨ ਨਾਲ ਗਲ਼ੇ ਜਾਂ ਮੋਢੇ ਦੀ ਪੀੜ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਭਾਰੀ ਪਿੱਠੂ ਜਾਂ ਪਰਸ ਦਾ ਪਾਸਾ ਛੇਤੀ-ਛੇਤੀ ਬਦਲਦੇ ਰਹਿਣਾ ਚਾਹੀਦਾ ਹੈ, ਤਾਂ ਜੋ ਪੱਠਿਆਂ ਅਤੇ ਜੋੜਾਂ ਵਿਚ ਖਿੱਚ ਨਾ ਪਵੇ।

**ਭਾਰ ਚੁੱਕਣਾ ਜਾਂ ਧੱਕਣਾ** :- ਜੇ ਭਾਰੀ ਚੀਜ਼ ਧੱਕਣੀ ਹੋਵੇ, ਤਾਂ ਹੱਥ ਨਾਲ ਧੱਕਣ ਦੀ ਥਾਂ ਮੋਢੇ ਨਾਲ ਧੱਕਣੀ ਠੀਕ ਰਹਿੰਦੀ ਹੈ। ਇਸੇ ਹੀ ਤਰ੍ਹਾਂ ਭਾਰਾ ਮੰਜਾ ਪਰਾਂ ਧੱਕਣਾ ਜਾਂ ਉੱਤੇ ਚੁੱਕਣਾ ਹੋਵੇ ਤਾਂ ਗੋਡਿਆਂ ਨੂੰ ਮੋੜ ਕੇ ਲੱਤਾਂ ਦੇ ਪੱਠਿਆਂ ਉੱਤੇ ਭਾਰ ਪਾਉਣਾ ਚਾਹੀਦਾ ਹੈ, ਨਾ ਕਿ ਸਿੱਧੇ ਕੀਤੇ ਗੋਡੇ ਉੱਤੇ। ਜੇ ਹੱਥ ਨਾਲ ਭਾਰਾ ਥੈਲਾ ਚੁੱਕਣਾ ਪਵੇ, ਤਾਂ ਉਂਗਲਾਂ ਨਾਲੋਂ ਪੂਰੀ ਮੁੱਠੀ ਵਿਚ ਘੁੱਟ ਕੇ ਚੁੱਕਣਾ ਚਾਹੀਦਾ ਹੈ, ਤਾਂ ਜੋ ਇਕੱਲੀਆਂ ਉਂਗਲਾਂ ਦੇ ਜੋੜ ਖਿੱਚੇ ਨਾ ਜਾਣ।

**ਸੌਣ ਦਾ ਢੰਗ** :- ਸਿੱਧੇ ਲੇਟਣ ਨਾਲ ਜ਼ਿਆਦਾ ਭਾਰ ਚੁਫ਼ੇਰੇ ਵੰਡਿਆ ਜਾਂਦਾ ਹੈ ਪਰ ਪੁੱਠੇ ਢਿੱਡ ਭਾਰ ਲੇਟਣ ਨਾਲ ਸਿਰ ਇੱਕ ਪਾਸੇ ਰੱਖ ਕੇ ਰੀੜ੍ਹ ਦੀ ਹੱਡੀ ਟੇਢੀ ਕਰ ਕੇ ਹਮੇਸ਼ਾ ਲੇਟਣ ਨਾਲ ਹੌਲੀ-ਹੌਲੀ ਰੀੜ੍ਹ ਦੀ ਹੱਡੀ ਤਕਲੀਫ਼ ਦੇਣ ਲੱਗ ਪੈਂਦੀ ਹੈ। ਇੰਜ ਹੀ ਬਹੁਤ ਉੱਚਾ ਸਿਰਹਾਣਾ ਲੈ ਕੇ ਨਹੀਂ ਲੇਟਣਾ ਚਾਹੀਦਾ।

**ਸਰੀਰ ਨੂੰ ਖਿੱਚ ਪਾਉਣੀ** :- ਬਾਹਵਾਂ ਅਤੇ ਲੱਤਾਂ ਨੂੰ ਖਿੱਚ ਕੇ ਆਕੜ ਲੈਣੀ ਜਾਂ ਰੈਗੂਲਰ ਪੱਠਿਆਂ ਨੂੰ ਪੂਰੀ ਤਰ੍ਹਾਂ ਖਿੱਚ ਕੇ ਸਿੱਧੇ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਪੱਠਿਆਂ ਅਤੇ ਜੋੜਾਂ ਦੀ ਲਚਕ ਬਰਕਰਾਰ ਰਹੇ।

**ਹੱਡੀਆਂ ਤਗੜੀਆਂ ਕਰਨੀਆਂ** :- 40 ਸਾਲਾਂ ਦੀ ਉਮਰ ਪੂਰੀ ਹੋ ਜਾਣ ਉੱਤੇ ਹੱਡੀਆਂ ਕਮਜ਼ੋਰ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਲਈ ਹਲਕਾ ਭਾਰ ਚੁੱਕ ਕੇ ਕਸਰਤ ਕਰਨੀ ਅਤੇ ਰੈਗੂਲਰ ਭੱਜਣਾ ਜਾਂ ਤੇਜ਼ ਤੁਰਨਾ ਜਿੱਥੇ ਪੱਠੇ ਮਜ਼ਬੂਤ ਕਰਦਾ ਹੈ, ਉੱਥੇ ਹੱਡੀਆਂ ਵੀ ਛੇਤੀ ਖੁਰਨ ਨਹੀਂ ਦਿੰਦਾ। ਇੰਜ ਜੋੜ ਵੀ ਲਚਕੀਲੇ ਹੋ ਜਾਂਦੇ ਹਨ।

**ਸਿਗਰਟਨੋਸ਼ੀ** :- ਸਿਗਰਟ ਵਿਚਲੀ ਨਿਕੋਟੀਨ ਹੱਡੀਆਂ ਵੱਲ ਜਾਂਦੇ ਲਹੂ ਨੂੰ ਘਟਾ ਦਿੰਦੀ ਹੈ ਤੇ ਜੋੜਾਂ ਨੂੰ ਸਖ਼ਤ ਕਰ ਦਿੰਦੀ ਹੈ। ਹੱਡੀਆਂ ਵਿਚ ਕੈਲਸ਼ੀਅਮ ਦਾ ਜੰਮਣਾ ਵੀ ਘਟਾ ਦਿੰਦੀ ਹੈ ਅਤੇ ਈਸਟਰੋਜਨ ਹਾਰਮੋਨ ਦੀ ਟੁੱਟ ਫੁੱਟ ਵਧਾ ਦਿੰਦੀ ਹੈ ਜਿਸ ਨਾਲ ਹੱਡੀਆਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤੇ ਛੇਤੀ ਤਿੜਕ ਜਾਂਦੀਆਂ ਹਨ। ਜੋੜ ਵੀ ਚੀਕਣ ਲੱਗ ਪੈਂਦੇ ਹਨ।

**ਉਨੀਂਦਰਾ** :- ਜਿਨ੍ਹਾਂ ਨੂੰ ਆਰਥਰਾਈਟਿਸ ਹੋਵੇ, ਉਨ੍ਹਾਂ ਨੂੰ ਉਨੀਂਦਰੇ ਨਾਲ ਵੱਧ ਪੀੜ ਮਹਿਸੂਸ ਹੁੰਦੀ ਹੈ। ਇਸੇ ਲਈ ਪੂਰੇ 8 ਘੰਟੇ ਦੀ ਨੀਂਦਰ ਜ਼ਰੂਰ ਲੈਣੀ ਚਾਹੀਦੀ ਹੈ।

**ਕਾਊਚ ਪੋਟੈਟੋ** :- ਆਰਾਮ ਕੁਰਸੀ ਉੱਤੇ ਪਸਰ ਕੇ ਲੇਟਣ ਵਾਲੇ ਜ਼ਿਆਦਾਤਰ ਜੋੜਾਂ ਦੀ ਦਰਦ ਸਹੇੜ ਲੈਂਦੇ ਹਨ ਕਿਉਂਕਿ ਵੱਖੋ-ਵੱਖ ਜੋੜ ਹੌਲੀ-ਹੌਲੀ ਟੇਡੇ ਹੋ ਕੇ ਜਾਮ ਹੋਣ ਲੱਗ ਪੈਂਦੇ ਹਨ। ਪਿੱਠ ਦਾ ਵੀ ਨਾਸ ਵੱਜ ਜਾਂਦਾ ਹੈ। ਇਸੇ ਲਈ ਸਿੱਧੇ ਕੁਰਸੀ ਉੱਤੇ ਬੈਠਣ ਵਿਚ ਹੀ ਭਲਾਈ ਹੈ।

**ਪੀੜ ਨੂੰ ਜਰਨਾ** :- ਕਸਰਤ ਦੌਰਾਨ ਹਲਕੀ ਪੀੜ ਨੂੰ ਜ਼ਰੂਰ ਜਰਨਾ ਚਾਹੀਦਾ ਹੈ ਤੇ ਕਸਰਤ ਜਾਰੀ ਰੱਖਣੀ ਚਾਹੀਦੀ ਹੈ। ਤਿੱਖੀ ਪੀੜ ਹੋਣ ਲੱਗ ਪਵੇ, ਤਾਂ ਡਾਕਟਰੀ ਚੈੱਕਅਪ ਜ਼ਰੂਰੀ ਹੈ।

**ਟੈਨਿਸ ਐਲਬੋ** :- ਜੇ ਇੱਕੋ ਹੀ ਗੇਮ ਖੇਡੀ ਜਾ ਰਹੀ ਹੋਵੇ, ਤਾਂ ਇਕ ਜੋੜ ਉੱਤੇ ਪੂਰਾ ਜ਼ੋਰ ਪੈ ਜਾਂਦਾ ਹੈ ਤੇ ਜੋੜ ਖ਼ਰਾਬ ਹੋ ਸਕਦਾ ਹੈ। ਜਿਵੇਂ ਟੈਨਿਸ ਗੇਮ ਖੇਡਦਿਆਂ ਅਰਕ ਦਾ ਆਕੜ ਜਾਣਾ ਜਾਂ ਪੀੜ ਹੋਣ ਲੱਗ ਪੈਣਾ। ਇਸੇ ਲਈ ਬਾਕੀ ਜੋੜਾਂ ਦੀ ਕਸਰਤ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ। ਵਿਚ-ਵਿਚ ਕਿਸੇ ਦਿਨ ਉਹ ਗੇਮ ਛੱਡ ਕੇ ਹੋਰ ਕਸਰਤਾਂ ਕਰਨ ਦੀ ਲੋੜ ਹੁੰਦੀ ਹੈ।

### ਸਿਹਤਮੰਦ ਜੋੜਾਂ ਲਈ ਖ਼ੁਰਾਕ ਕੀ ਹੋਵੇ ?

1. ਓਮੇਗਾ ਤਿੰਨ ਫੈਟੀ ਏਸਿਡ ਜੋੜਾਂ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦੇ ਹਨ। ਇਸੇ ਲਈ ਸੁੱਕੇ ਮੇਵੇ ਜਿਵੇਂ ਬਦਾਮ, ਅਖਰੋਟ ਅਤੇ ਚੀਆ ਬੀਜ, ਅਲਸੀ ਜ਼ਰੂਰ ਲੈਂਦੇ ਰਹਿਣਾ ਚਾਹੀਦਾ ਹੈ।
2. ਮੱਛੀ
3. ਫਲ ਜਿਵੇਂ ਬਲੂਬੈਰੀਆਂ, ਅਨਾਨਾਸ
4. ਸਬਜ਼ੀਆਂ ਜਿਵੇਂ ਟਮਾਟਰ, ਫੁੱਲ ਗੋਭੀ, ਬਰੌਕਲੀ, ਹਰੀਆਂ ਫਲੀਆਂ ਆਦਿ।
5. ਦਾਲਾਂ, ਸੋਇਆਬੀਨ
6. ਓਲਿਵ ਤੇਲ
7. ਛਾਣਬੂਰੇ ਵਾਲਾ ਆਟਾ, ਖ਼ਾਸ ਕਰ ਰਾਗੀ ਦਾ ਆਟਾ ਅਤੇ ਕੋਧਰਾ
8. ਗੰਢੇ, ਅਦਰਕ, ਥੋਮ, ਹਲਦੀ
9. ਡਾਰਕ ਚਾਕਲੇਟ

### ਕਿਹੜੇ ਖਾਣੇ ਨਹੀਂ ਖਾਣੇ ਚਾਹੀਦੇ :-

- ਪ੍ਰੋਸੈੱਸਡ ਖਾਣੇ
- ਤਲੇ ਖਾਣੇ
- ਓਮੇਗਾ 6 ਫੈਟੀ ਏਸਿਡ, ਸੈਚੁਰੇਟਿਡ ਥਿੰਦਾ
- ਖੰਡ

**ਸਾਰ** :- ਗੱਡੀ ਵੀ ਜੇ ਬਹੁਤੀ ਦੇਰ ਖੜ੍ਹੀ ਰਹੇ, ਤਾਂ ਜਾਮ ਹੋ ਜਾਂਦੀ ਹੈ। ਇੰਜ ਹੀ ਸਰੀਰ ਨੂੰ ਜੇ ਨਾ ਤੋਰਿਆ ਜਾਵੇ, ਤਾਂ ਸਰੀਰ ਅੰਦਰਲਾ ਸਾਰਾ ਕਾਰਖ਼ਾਨਾ ਹੀ ਜਾਮ ਹੋ ਜਾਂਦਾ ਹੈ। ਇਸੇ ਲਈ ਰੋਜ਼ਾਨਾ ਦੀ ਕਸਰਤ, ਸੰਤੁਲਿਤ ਖ਼ੁਰਾਕ, ਬੈਠਣ ਦਾ ਸਹੀ ਢੰਗ ਅਪਣਾਉਣ ਤੇ ਬੇਲੋੜੀ ਮੋਬਾਈਲ ਦੀ ਵਰਤੋਂ ਨਾ ਕਰਨਾ ਸਾਨੂੰ ਤੰਦਰੁਸਤ ਰੱਖਣ ਲਈ ਬੇਹਦ ਜ਼ਰੂਰੀ ਹਨ।

# ਧੀਆਂ ਪ੍ਰਤੀ ਸਮਾਜਿਕ ਵਰਤਾਰਾ

**ਧੀਆਂ ਦੇ ਦਿਨ 'ਤੇ ਵਿਸ਼ੇਸ਼**



-ਗੁਰਿੰਦਰ ਕਲੇਰ
ਪਿੰਡ/ਡਾਕ-ਕਲੇਰ ਕਲਾਂ
(ਗੁਰਦਾਸਪੁਰ)
99145-38888
(Punjab Mail USA)



ਦੁਨੀਆਂ ਵਿਚ ਧੀਆਂ ਦਾ ਦਿਨ ਸਤੰਬਰ ਮਹੀਨੇ ਦੇ ਚੌਥੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਭਾਰਤ ਵਿਚ ਇਸ ਦੀ ਸੁਰਵਾਦ ਸੰਨ 2007 ਵਿਚ ਹੋਈ। ਇਸ ਲੇਖ ਵਿਚ ਸਾਡੇ ਦੇਸ਼ ਵਿਚ ਧੀਆਂ ਨੂੰ ਆ ਰਹੀਆਂ ਦਰਪੇਸ਼ ਮੁਸਕਲਾਂ ਬਾਰੇ ਚਰਚਾ ਕਰਾਂਗੇ। ਸਾਡੇ ਦੇਸ਼ ਵਿਚ ਧੀ ਦਾ ਜਨਮ ਲੈਣਾ ਅੱਜ ਦੇ ਸਮੇਂ ਵਿਚ ਵੀ ਮਾਂ-ਬਾਪ ਨੂੰ ਡੂੰਘੀਆਂ ਸੋਚਾਂ ਸੋਚਣ 'ਤੇ ਮਜਬੂਰ ਕਰ ਦੇਂਦਾ ਹੈ। ਸਾਡੇ ਦੇਸ਼ ਵਿਚ ਅਸੀਂ ਅਕਸਰ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੋਵੇਗਾ ਕਿ ਧੀਆਂ ਪੁੱਤਰਾਂ ਵਿਚ ਕੋਈ ਫਰਕ ਨਹੀਂ ਹੁੰਦਾ। ਪਰ ਸਾਡੀ ਮਾਨਸਿਕਤਾ ਹਾਲੇ ਵੀ ਇਹ ਮੰਨਣ ਨੂੰ ਤਿਆਰ ਨਹੀਂ। ਕਈ ਵਾਰ ਇਹ ਦੇਖਣ ਨੂੰ ਮਿਲ ਜਾਂਦਾ ਹੈ ਕਿ ਕੁਝ ਪਰਿਵਾਰਾਂ ਵਿਚ ਲੜਕੀ ਦੇ ਜਨਮ 'ਤੇ ਸਭ ਤੋਂ ਪਹਿਲਾ ਲੜਕੀ ਦੀ ਭੂਆ, ਦਾਦੀ ਆਦਿ ਦੀਆਂ ਗੱਲਾਂ ਤੋਂ ਨਿਰਾਸ਼ਾਂ ਝਲਕਣ ਲੱਗ ਪੈਂਦੀ ਹੈ, ਜੋ ਕਿ ਲੜਕੀ ਨੂੰ ਜਨਮ ਦੇਣ ਵਾਲੀ ਮਾਂ ਵੱਲੋਂ ਸਹੀ ਜਾ ਰਹੀ ਪੀੜਾਂ ਵਿਚ ਵਾਧਾ ਕਰਦੀਆਂ ਹਨ। ਇੱਕ ਨਾਰੀ ਦੇ ਜਨਮ 'ਤੇ ਹੋਰਾਂ ਔਰਤਾਂ ਦੇ ਨਿਰਾਸ਼ ਹੋਣ ਦਾ ਕਾਰਣ ਕੀ ਹੋ ਸਕਦਾ ਹੈ? ਕਿਤੇ ਇਹ ਤਾਂ ਨਹੀਂ ਕਿ ਇਨ੍ਹਾਂ ਔਰਤਾਂ ਨੂੰ ਸਮਾਜਿਕ, ਪਰਿਵਾਰਕ, ਢਾਂਚੇ ਤੋਂ ਇੰਨੀਆਂ ਜ਼ਿਆਦਾ ਦੁੱਖ-ਤਕਲੀਫਾਂ ਸਹਿਣ ਕਰਨੀਆਂ ਪਈਆਂ ਹੋਣ ਕਿ ਇੱਕ ਨਾਰੀ ਦੇ ਜਨਮ 'ਤੇ ਇਨ੍ਹਾਂ ਨੂੰ ਤਰਸ ਆਉਂਦਾ ਹੋਵੇ ਕਿ ਇਸ ਨੂੰ ਉਹ ਪੀੜਾਂ ਸਹਿਣੀਆਂ ਪੈਣਗੀਆਂ, ਜਿਨ੍ਹਾਂ ਵਿਚੋਂ ਅਸੀਂ ਲੰਘੀਆਂ ਜਾਂ ਫਿਰ ਕੀ ਪਰਿਵਾਰ ਦੀ ਜ਼ਿੰਮੇਵਾਰੀ ਮਰਦ ਔਰਤ ਨਾਲੋਂ ਵਧੀਆ ਤਰ੍ਹਾਂ ਨਿਭਾ ਸਕਦਾ ਹੈ? ਕਿਉਂਕਿ ਸਾਡਾ ਸਮਾਜ ਪੁੱਤਰ ਦੀ ਚਾਹਤ ਜ਼ਿਆਦਾ ਰੱਖਦਾ ਹੈ। ਧਾਰਮਿਕ ਸਥਾਨਾਂ 'ਤੇ ਜਾ ਕੇ ਪੁੱਤਰਾਂ ਦੇ ਜਨਮ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਅੱਜ ਦੇ ਸਮੇਂ ਜੇਕਰ ਕਿਸੇ ਘਰ ਪਹਿਲਾਂ ਬੱਚਾ ਪੁੱਤਰ ਹੁੰਦਾ ਹੈ, ਤਾਂ ਪਰਿਵਾਰ ਦੇ ਮੈਂਬਰ ਖੁਸ਼ ਹੋ ਜਾਂਦੇ ਹਨ ਅਤੇ ਉਹ ਅਗਲੇ ਬੱਚੇ ਬਾਰੇ ਜ਼ਿਆਦਾਤਰ ਸੋਚਣਾ ਬੰਦ ਕਰ ਦਿੰਦੇ ਨੇ। ਇਹ ਸੋਚਣ ਦੀ ਲੋੜ ਹੀ ਨਹੀਂ ਮਹਿਸੂਸ ਕਰਦੇ ਕਿ ਜੇਕਰ ਧੀਆਂ ਨਹੀਂ ਹੋਣਗੀਆਂ, ਤਾਂ ਨੂੰਹਾਂ ਕਿੱਥੋਂ ਲਿਆਵਾਂਗੇ। ਲੜਕੀ ਦੇ ਜਨਮ 'ਤੇ ਨਿਰਾਸ਼ਾ ਦਾ ਮੁੱਖ ਕਾਰਨ ਸਮਾਜਿਕ ਬੁਰਾਈਆਂ ਅਤੇ ਕੁਝ ਭੈੜੇ ਰੀਤੀ-ਰਿਵਾਜ਼ ਹਨ, ਜਿਹੜੇ ਕਿ ਅਸੀਂ ਆਪ ਹੀ ਬਣਾਏ ਹਨ। ਜੇਕਰ ਲੜਕੀ ਦੇ ਵਿਆਹ ਦੀ ਗੱਲ ਕੀਤੀ ਜਾਵੇ, ਬਹੁਤ ਸਾਰੇ ਲੜਕੇ ਪਰਿਵਾਰ ਆਪਣੀਆਂ ਈਨਾਂ (ਮੰਗਾਂ) ਇਸ ਤਰ੍ਹਾਂ ਮਨਾਉਂਦੇ ਹਨ ਕਿ ਜਿਵੇਂ ਬਹੁਤ ਵੱਡਾ ਪਰਉਪਕਾਰ ਕਰ ਰਹੇ ਹੋਣ। ਕਿਹੜਾ ਪੈਲਸ ਕਰਨਾ, ਬਰਾਤੀ ਕਿੰਨੇ ਆਉਣਗੇ, ਮਿਲਣੀਆਂ ਕਿੰਨੀਆਂ ਕਰਨੀਆਂ, ਖਾਣ ਵਿਚ ਕੀ-ਕੀ ਪਾਉਣਾ, ਕਾਰ ਕਿਹੜੀ ਲੈਣੀ ਆਦਿ। ਲੜਕੇ ਪਰਿਵਾਰ ਦੇ ਘਰ ਵਿਚ ਵੀ ਧੀਆਂ ਹੁੰਦੀਆਂ ਹਨ। ਪਰ ਉਸ ਸਮੇਂ ਇਹ ਸਭ ਭੁੱਲ ਜਾਂਦੇ ਹਨ। ਇਨ੍ਹਾਂ ਮੰਗਾਂ ਦੀ ਲਿਸਟ ਲੰਬੀ ਕਰਨ ਪਿੱਛੇ ਲੜਕੇ ਪਰਿਵਾਰ ਦੀਆਂ ਔਰਤਾਂ ਦਾ ਵੱਡਾ ਹੱਥ ਹੁੰਦਾ ਹੈ। ਲੜਕੇ ਪਰਿਵਾਰ ਵੱਲੋਂ ਆਪਣੇ ਸ਼ਰੀਕੇ- ਬਰਾਦਰੀ ਵਿਚ ਆਪਣੀ ਬੱਲੇ-ਬੱਲੇ ਕਰਵਾਉਣ ਦੇ ਚੱਕਰ ਵਿਚ ਲੜਕੀ ਪਰਿਵਾਰ ਨੂੰ ਫਿਕਰਾਂ ਵਿਚ ਪਾ ਦਿੰਦੇ ਹਨ। ਲੜਕੀ ਪਰਿਵਾਰ ਨੂੰ ਆਪਣੀ ਧੀ ਦੇ ਚੰਗੇ ਭਵਿੱਖ ਲਈ ਆਪਣੀ ਚਾਦਰ ਤੋਂ ਬਾਹਰ ਪੈਰ ਪਸਾਰ ਕੇ ਵੀ ਇਹ ਸਭ ਕਰਨਾ ਪੈਂਦਾ ਹੈ। ਸਭ ਕੁਝ ਕਰਨ ਦੇ ਬਾਵਜੂਦ ਕਈ ਵਾਰ ਲੜਕਾ ਪਰਿਵਾਰ ਖੁਸ਼ ਨਹੀਂ ਹੁੰਦਾ ਤੇ ਲੜਕੀ ਨੂੰ ਆਮ ਹੀ ਤਾਹਨੇ-ਮਹਿਨੇ ਸੁਣਨੇ ਪੈਂਦੇ ਹਨ। ਜਿਹੜੀ ਨੂੰਹ ਨੂੰ ਇਹ ਤੰਗੀਆਂ ਝੱਲਣੀਆਂ ਪਈਆਂ ਹੋਣਗੀਆਂ। ਉਹ ਕਿਵੇਂ ਕਹੇਗੀ ਕਿ ਉਸ ਦੀ ਕੁੱਖ ਤੋਂ ਧੀ ਦਾ ਜਨਮ ਹੋਵੇ। ਸਾਡੇ ਸਮਾਜ ਦੀ ਗਰੀਬ ਮਾਨਸਿਕਤਾ ਅੱਜ ਵੀ ਨਵਜੰਮੀਆਂ ਬੱਚੀਆਂ ਲਈ ਘਾਤਕ ਸਿੱਧ ਹੋ ਰਹੀ ਹੈ। ਕੁਝ ਵਹਿਸ਼ੀ ਦਰਿੰਦਿਆਂ ਵੱਲੋਂ ਕੀਤੇ ਜਾਂਦੇ ਘਾਤਕ ਕਾਰੇ ਡਰ ਦਾ ਮਾਹੌਲ ਪੈਦਾ ਕਰਦੇ ਹਨ। ਇਸ ਦੇ ਨਾਲ-ਨਾਲ ਲੜਕੀ ਦਾ ਸਮਾਜ ਵਿਚ ਵਿਚਰਨਾ, ਉਸ ਦੀ ਪੜ੍ਹਾਈ-ਲਿਖਾਈ ਆਦਿ ਮਾਪਿਆਂ ਲਈ ਡਰ ਤੇ ਸਹਿਮ ਦਾ ਅਹਿਸਾਸ ਕਰਵਾਉਂਦਾ ਹੈ। ਕਈ ਵਾਰ ਦੁਨੀਆਂ ਦੀ ਰੰਗਤ ਨੂੰ ਦੇਖਦੇ ਹੋਏ ਬੱਚੇ ਆਪਣੇ ਅਸਲੀ ਮਕਸਦ ਤੋਂ ਭਟਕ ਜਾਂਦੇ ਹਨ। ਮਾਪਿਆਂ ਵੱਲੋਂ ਆਪ ਔਖੇ ਹੋ ਕੇ ਬੱਚਿਆਂ ਨੂੰ ਦਿੱਤੀਆਂ ਸੁੱਖ-ਸਹੂਲਤਾਂ ਦਾ ਕਈ ਬੱਚੇ ਨਾਜਾਇਜ਼ ਫਾਇਦਾ ਉਠਾਉਂਦੇ ਹਨ, ਜਿਸ ਦਾ ਨੁਕਸਾਨ ਇਨ੍ਹਾਂ ਬੱਚਿਆਂ ਨੂੰ ਹੀ ਝੱਲਣਾ ਪੈਂਦਾ ਹੈ। ਮੀਡੀਆ ਦਾ ਪ੍ਰਭਾਵ ਵੀ ਬੱਚਿਆਂ 'ਤੇ ਦੇਖਿਆ ਜਾ ਸਕਦਾ ਹੈ। ਇਸ ਦਾ ਇੰਨਾ ਅਸਰ ਹੁੰਦਾ ਹੈ ਕਿ ਬੱਚੇ ਕਿਸੇ ਨਾ ਕਿਸੇ ਐਕਟਰ, ਐਕਟਰਸ ਨੂੰ ਆਪਣਾ ਰੋਲ ਮਾਡਲ ਮੰਨ ਕੇ ਫਿਲਮੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ। ਜਦਕਿ ਇਨ੍ਹਾਂ ਕਲਾਕਾਰਾਂ ਦੀ ਨਿੱਜੀ ਜ਼ਿੰਦਗੀ ਫਿਲਮੀ ਜ਼ਿੰਦਗੀ ਤੋਂ ਬਿਲਕੁਲ ਅਲੱਗ ਹੁੰਦੀ ਹੈ। ਹਰੇਕ ਬੱਚੇ ਨੂੰ ਆਪਣਾ ਰੋਲ ਮਾਡਲ ਕਿਸੇ ਵਿਗਿਆਨੀ, ਆਈ.ਏ.ਐੱਸ. ਅਧਿਕਾਰੀ, ਜੱਜ, ਡਾਕਟਰ, ਅਧਿਆਪਕ, ਸਾਹਿਤਕਾਰ ਆਦਿ ਨੂੰ ਮੰਨਣਾ ਚਾਹੀਦਾ ਹੈ। ਉਨ੍ਹਾਂ ਦੇ ਜੀਵਨ ਦੀ ਜੱਦੋ-ਜਹਿਦ ਨੂੰ ਪੜ੍ਹਨਾ ਤੇ ਸਮਝਣਾ ਚਾਹੀਦਾ ਹੈ ਅਤੇ ਆਪਣੇ ਲਈ ਸੇਧ ਲੈਣੀ ਚਾਹੀਦੀ ਹੈ। ਬੱਚਿਆਂ ਨੂੰ ਇਹ ਗੱਲ ਆਪਣੇ ਦਿਮਾਗ ਵਿਚ ਬਿਠਾ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਇਸ ਦੁਨੀਆਂ ਵਿਚ ਮਾਪਿਆਂ ਤੋਂ ਜ਼ਿਆਦਾ ਭਲਾ ਚਾਹੁਣ ਵਾਲਾ ਕੋਈ ਨਹੀਂ। ਜਿਹੜੇ ਕਿ ਆਪਣੇ ਬੱਚਿਆਂ ਲਈ ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਹੋ ਜਾਂਦੇ ਹਨ। ਬੱਚਿਆਂ ਨੂੰ ਇਹ ਗੱਲ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਉਹ ਕੰਮ ਹਮੇਸ਼ਾ ਗਲਤ ਅਤੇ ਨੁਕਸਾਨਦਾਇਕ ਹੋਵੇਗਾ, ਜਿਹੜਾ ਮਾਂ-ਬਾਪ ਤੋਂ ਛੁਪਾਉਣਾ ਪਵੇ। ਸਾਦੀ (ਸਾਧਾਰਨ) ਜ਼ਿੰਦਗੀ ਜਿਊਂਦੇ ਹੋਏ ਆਪਣੇ ਨਿਸ਼ਾਨੇ 'ਤੇ ਪਹੁੰਚਣ ਲਈ ਦ੍ਰਿੜ੍ਹ ਇਰਾਦੇ ਨਾਲ ਮਿਹਨਤ ਕਰਨੀ ਚਾਹੀਦੀ ਹੈ। ਅੱਜ ਦੇ ਸਮੇਂ ਲੜਕੀਆਂ ਪੜ੍ਹਾਈ ਦੇ ਖੇਤਰ ਵਿਚ ਬਹੁਤ ਮੱਲ੍ਹਾਂ ਵੀ ਮਾਰ ਰਹੀਆਂ ਹਨ। ਹਰ ਖੇਤਰ ਵਿਚ ਇਹ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ। ਜਿਹੜੀ ਕਿ ਇਕ ਮਾਣ ਵਾਲੀ ਗੱਲ ਹੈ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਸਮਾਜਿਕ ਕੁਰੀਤੀਆਂ ਨੂੰ ਛੱਡੀਏ। ਸਾਧਾਰਨ ਵਿਆਹ ਕਰੀਏ, ਨਾ ਦਾਜ ਲਈਏ ਨਾ ਦੇਈਏ। ਜਿਹੜੇ ਲੱਖਾਂ ਰੁਪਏ ਕੁਝ ਘੰਟਿਆਂ 'ਚ ਬਰਬਾਦ ਕਰ ਦਿੰਦੇ ਹਾਂ। ਕਿਉਂ ਨਾ ਉਹ ਪੈਸੇ ਲੜਕੀ ਨੂੰ ਦਿੱਤੇ ਜਾਣ, ਤਾਂ ਜੋ ਉਹ ਆਪਣੇ ਭਵਿੱਖ ਨੂੰ ਸੰਵਾਰਨ ਵਿਚ ਇਨ੍ਹਾਂ ਪੈਸਿਆਂ ਦੀ ਯੋਗ ਵਰਤੋਂ ਕਰ ਸਕੇ। ਕਈ ਮਾਪੇ ਆਪਣੀਆਂ ਲੜਕੀਆਂ ਨੂੰ ਪੜ੍ਹਾਉਣ ਸਮੇਂ ਵੀ ਕਈ ਵਾਰ ਉਸ ਦੀ ਪੜ੍ਹਾਈ 'ਤੇ ਬਹੁਤੇ ਪੈਸੇ ਖਰਚਣ ਤੋਂ ਝਿਜਕ ਜਾਂਦੇ ਹਨ ਕਿ ਜੇਕਰ ਸਾਰੇ ਪੈਸੇ ਪੜ੍ਹਾਈ 'ਤੇ ਲਗਾ ਦਿੱਤੇ, ਤਾਂ ਇਸ ਦਾ ਵਿਆਹ ਕਿਵੇਂ ਕਰਾਂਗੇ। ਲੜਕੀਆਂ ਨੂੰ ਪੜ੍ਹਾ ਕੇ ਇੰਨਾ ਕਾਬਲ ਬਣਾਉ ਕਿ ਉਸ ਦੇ ਰੁਤਬੇ ਅੱਗੇ ਪਦਾਰਥਕ ਵਸਤੂਆਂ ਦੀ ਕੀਮਤ ਫਿੱਕੀ ਹੋਵੇ ਅਤੇ ਚੰਗੇ ਸੰਸਕਾਰ ਉਸ ਦੀ ਲਿਆਕਤ ਨੂੰ ਚਾਰ ਚੰਨ੍ਹ ਲਾਉਣ। ਚੰਗੇ ਸਮਾਜ ਦੀ ਸਿਰਜਣਾ ਇੱਕ ਸੂਝਵਾਨ ਪੜ੍ਹੀ-ਲਿਖੀ ਔਰਤ ਹੀ ਕਰ ਸਕਦੀ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਧੀਆਂ ਦਾ ਸਤਿਕਾਰ ਤੇ ਇਨ੍ਹਾਂ ਨਾਲ ਪਿਆਰ ਕੀਤਾ ਜਾਵੇ ਅਤੇ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾਣ।

# ਬੀ.ਜੇ.ਪੀ. ਪੰਜਾਬ ਦੇ ਪਿੰਡਾਂ ਵਿਚ ਖੰਭ ਖਿਲਾਰਨ ਲੱਗੀ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਮਈ 2024 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪਿੰਡਾਂ ਵਿਚ ਭਾਜਪਾਈਆਂ ਦਾ ਘੇਰਾ ਵਧਾਉਣ ਵਿਚ ਜੁੱਟ ਗਈ ਹੈ। ਬੀ.ਜੇ.ਪੀ. ਦੀ ਪੰਜਾਬ ਇਕਾਈ ਦੇ ਅਹੁਦੇਦਾਰਾਂ ਦੀ ਨਵੀਂ ਸੂਚੀ ਤੋਂ ਇਉਂ ਲੱਗ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪਿੰਡਾਂ ਵਿਚ ਖੰਭ ਖਿਲਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਸ਼ਹਿਰਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਆਧਾਰ ਪਹਿਲਾਂ ਹੀ ਬਣਿਆਂ ਹੋਇਆ ਹੈ। ਸ਼ਹਿਰਾਂ ਵਿਚ ਮੋਦੀ ਲਹਿਰ ਦਾ ਅਸਰ ਮਹਿਸੂਸ ਕੀਤਾ ਜਾ ਸਕਦਾ ਹੈ। ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਰਣਨੀਤੀਕਾਰਾਂ ਨੇ ਪੰਜਾਬ ਇਕਾਈ ਦੇ ਅਹੁਦੇਦਾਰਾਂ ਦੀ ਸੂਚੀ ਬਣਾਉਂਦਿਆਂ ਇਕ ਤੀਰ ਨਾਲ ਕਈ ਲੁਕਵੇਂ ਨਿਸ਼ਾਨੇ ਮਾਰੇ ਹਨ, ਜਿਨ੍ਹਾਂ ਦੇ ਪ੍ਰਭਾਵ ਪੰਜਾਬ ਦੀ ਰਾਜਨੀਤੀ ਵਿਚ ਲੰਬੇ ਸਮੇਂ ਲਈ ਕਾਰਗਰ ਸਾਬਤ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਨਵੰਬਰ 2020 ਵਿਚ ਦਿੱਲੀ ਦੀ ਸਰਹੱਦ 'ਤੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਇਕ ਸਾਲ ਚਲਾਏ ਪੰਜਾਬ ਦੇ ਕਿਸਾਨਾ ਦੀ ਅਗਵਾਈ ਵਿਚ ਕਿਸਾਨ ਮਜ਼ਦੂਰ ਅੰਦੋਲਨ ਦੇ ਪ੍ਰਭਾਵਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵੀ ਇਸ ਸੂਚੀ ਵਿਚੋਂ ਸਪੱਸ਼ਟ ਵਿਖਾਈ ਦਿੰਦੀ ਹੈ। ਜੱਟ ਸਿੱਖਾਂ ਨੂੰ ਮਹੱਤਤਾ ਦੇਣਾ ਪਿੰਡਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਦਾ ਨਤੀਜਾ ਹੈ। ਭਾਵੇਂ ਭਾਰਤੀ ਜਨਤਾ ਪਾਰਟੀ ਨੇ ਕਿਸਾਨ ਅੰਦੋਲਨ ਵਿਚ ਮਾਤ ਖਾਣ ਤੋਂ ਬਾਅਦ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਅਹੁਦੇਦਾਰਾਂ ਅਤੇ ਹੋਰ ਸਿੱਖ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਪਿੰਡਾਂ ਵਿਚ ਅਕਾਲੀ ਦਲ ਅਤੇ ਕਾਂਗਰਸ ਦੀਆਂ ਵੋਟਾਂ ਵਿਚ ਸੰਨ੍ਹ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਇਸੇ ਲੜੀ ਵਿਚ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਤੋਂ ਇਲਾਵਾ 12 ਉਪ ਪ੍ਰਧਾਨਾਂ ਵਿਚ 6 ਬਲਬੀਰ ਸਿੰਘ ਸਿੱਧੂ, ਫਤਿਹਜੰਗ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਕਾਂਗੜ, ਜਗਦੀਪ ਸਿੰਘ ਨਕਈ, ਜੈਸਮਾਈਨ ਸੰਧਾਵਾਲੀਆ, ਬਿਕਰਮਜੀਤ ਸਿੰਘ ਚੀਮਾ, ਇਕ ਜਨਰਲ ਸਕੱਤਰ ਪਰਮਿੰਦਰ ਸਿੰਘ ਬਰਾੜ, ਦਮਨ ਥਿੰਦ ਬਾਜਵਾ, ਕੰਵਰਵੀਰ ਸਿੰਘ ਟੌਹੜਾ, ਕੋਰ ਕਮੇਟੀ ਵਿਚੋਂ ਦੇ 21 ਮੈਂਬਰਾਂ ਵਿਚੋਂ 7 ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ ਬਾਦਲ, ਕੇਵਲ ਸਿੰਘ ਢਿਲੋਂ, ਐੱਸ.ਐੱਸ. ਵਿਰਕ, ਪੀ.ਐੱਸ. ਗਿੱਲ, ਹਰਜੀਤ ਸਿੰਘ ਗਰੇਵਾਲ, ਅਮਰਜੋਤ ਕੌਰ ਰਾਮੂਵਾਲੀਆ, ਪਾਰਟੀ ਦੇ 5 ਵਿੰਗ ਮੁੱਖੀਆਂ ਵਿਚ 2 ਬੀਬਾ ਜੈਇੰਦਰ ਕੌਰ, ਦਰਸ਼ਨ ਸਿੰਘ ਨੈਣਾਵਾਲ ਕੁਲ 21 ਜੱਟ ਸਿੱਖ ਕਿਸਾਨ ਪਰਿਵਾਰਾਂ ਨਾਲ ਸੰਬੰਧਤ ਸ਼ਾਮਲ ਕੀਤੇ ਹਨ। ਪਿੰਡਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਹੋਰ ਅਸਰਦਾਰ ਬਣਾਉਣ ਲਈ ਰਣਨੀਤੀਕਾਰਾਂ ਵੱਲੋਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਹੁਣ ਤੱਕ 3 ਲੋਕ ਸਭਾ ਦੀਆਂ ਸੀਟਾਂ ਤੋਂ ਵੱਧ ਕਦੀਂ ਵੀ ਜਿੱਤ ਨਹੀਂ ਸਕੀ। ਪੰਜਾਬ ਤੇ ਚੰਡੀਗੜ੍ਹ ਦੀਆਂ 13 ਲੋਕ ਸਭਾ ਸੀਟਾਂ ਹਨ। ਇਹ ਅਹੁਦੇਦਾਰੀਆਂ ਵੀ ਇਸੇ ਕੜੀ ਦਾ ਹਿੱਸਾ ਹਨ। ਭਾਵੇਂ ਕਾਂਗਰਸ ਵਿਚੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਆਏ ਨਵੇਂ ਭਾਜਪਾਈਆਂ ਨੂੰ ਵਧੇਰੇ ਪ੍ਰਤੀਨਿਧਤਾ ਦਿੱਤੀ ਗਈ ਹੈ ਪ੍ਰੰਤੂ ਅਕਾਲੀ ਦਲ ਵਿਚੋਂ ਆਏ ਜਗਦੀਪ ਸਿੰਘ ਨਕਈ ਨੂੰ ਉਪ ਪ੍ਰਧਾਨ, ਪਰਮਿੰਦਰ ਸਿੰਘ ਬਰਾੜ ਜੋ ਸੁਖਬੀਰ ਸਿੰਘ ਬਾਦਲ ਦਾ ਆਫੀਸਰ ਆਨ ਸ਼ਪੈਸ਼ਲ ਡਿਊਟੀ ਸੀ, ਨੂੰ ਜਨਰਲ ਸਕੱਤਰ, ਸਕੱਤਰਾਂ ਵਿਚ ਕੰਵਰਵੀਰ ਸਿੰਘ ਟੌਹੜਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ, ਅਮਰਪਾਲ ਸਿੰਘ ਬੋਨੀ ਸਾਬਕਾ ਵਿਧਾਨਕਾਰ ਨੂੰ ਓ.ਬੀ.ਸੀ. ਵਿੰਗ ਦਾ ਮੁਖੀ, ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ ਮੈਂਬਰ ਕੋਰ ਕਮੇਟੀ ਸ਼ਾਮਲ ਹਨ। ਇਸ ਸੂਚੀ ਤੋਂ ਸਾਫ਼ ਵਿਖਾਈ ਦਿੰਦਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਮਝੌਤਾ ਕਰਨ ਦੇ ਮੂਡ ਵਿਚ ਨਹੀਂ ਹੈ ਕਿਉਂਕਿ ਉਹ ਤਾਂ ਅਕਾਲੀ ਦਲ ਨੂੰ ਖੋਰਾ ਲਾਉਣ ਦੀਆਂ ਸਕੀਮਾ ਬਣਾ ਰਹੇ ਹਨ। ਹੁਣ ਬੀ.ਜੇ.ਪੀ. ਦੇ ਅਕਾਲੀ ਦਲ ਬਾਦਲ ਨਾਲ ਸਮਝੌਤੇ ਦੀਆਂ ਅਟਕਲਾਂ ਖ਼ਤਮ ਹੋ ਗਈਆਂ ਹਨ। ਸੁੰਦਰ ਸ਼ਾਮ ਅਰੋੜਾ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੇ ਹੋਣ ਕਰਕੇ ਕੋਈ ਅਹੁਦਾ ਨਹੀਂ ਦਿੱਤਾ ਗਿਆ। ਬਾਕੀ ਕਾਂਗਰਸ ਛੱਡ ਕੇ ਭਾਜਪਾ ਵਿਚ ਆਏ ਸਾਰੇ ਸਾਬਕਾ ਮੰਤਰੀਆਂ ਨੂੰ ਅਹੁਦੇਦਾਰੀਆਂ ਨਾਲ ਨਿਵਾਜਿਆ ਗਿਆ ਹੈ। ਦਿੱਲੀ ਦੀ ਸਰਹੱਦ 'ਤੇ ਕਿਸਾਨ ਮਜ਼ਦੂਰਾਂ ਦੇ ਅੰਦੋਲਨ ਦੇ ਪ੍ਰਤੱਖ ਪ੍ਰਭਾਵ ਦਾ ਪ੍ਰਗਟਾਵਾ ਪੰਜਾਬ ਦੇ ਪਿੰਡਾਂ ਵਿਚ ਸਾਫ ਵੇਖਣ ਨੂੰ ਮਿਲਦਾ ਸੀ। ਇਕ ਕਿਸਮ ਨਾਲ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦਾ ਭਾਰਤੀ ਜਨਤਾ ਪਾਰਟੀ ਨਾਲੋਂ ਮੋਹ ਭੰਗ ਹੋ ਗਿਆ ਸੀ। ਸੁਨੀਲ ਕੁਮਾਰ ਜਾਖੜ ਨੂੰ ਅਬੋਹਰ ਤੋਂ ਹਰਾਉਣ ਵਾਲੇ ਵਿਧਾਇਕ ਅਰੁਣ ਨਾਰੰਗ ਨੂੰ ਉਦੋਂ ਕਿਸਾਨਾਂ ਨੇ ਕੁੱਟਿਆ ਅਤੇ ਕੱਪੜੇ ਪਾੜ ਕੇ ਨੰਗਾ ਕਰ ਦਿੱਤਾ ਸੀ। ਉਹੀ ਸੁਨੀਲ ਕੁਮਾਰ ਜਾਖੜ ਕਾਂਗਰਸ ਵਿਚੋਂ ਆ ਕੇ ਪੰਜਾਬ ਭਾਜਪਾ ਦਾ ਪ੍ਰਧਾਨ ਬਣ ਗਿਆ ਤੇ ਹੁਣ ਆਪਣੀ ਟੀਮ ਵਿਚ ਕਾਂਗਰਸੀਆਂ ਨੂੰ ਮੁੱਖ ਭੂਮਿਕਾ ਅਦਾ ਕਰਨ ਲਈ ਅਹੁਦੇਦਾਰੀਆਂ ਦੇ ਦਿੱਤੀਆਂ ਗਈਆਂ ਹਨ, ਜਿਸ ਕਰਕੇ ਟਕਸਾਲੀ ਭਾਜਪਾਈ ਕਹਿ ਰਹੇ ਹਨ 'ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ'। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸਿਆਸੀ ਪਾਰਟੀਆਂ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਨੇਤਾਵਾਂ 'ਤੇ ਨਹੀਂ, ਸਗੋਂ ਮੌਕਾਪ੍ਰਸਤੀ ਵਾਲੇ ਨੇਤਾਵਾਂ ਨੂੰ ਪਹਿਲ ਦੇ ਰਹੀਆਂ ਹਨ।

ਸੁਨੀਲ ਕੁਮਾਰ ਜਾਖੜ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਯੁਕਤ ਹੋਣ ਤੋਂ ਤਿੰਨ ਮਹੀਨੇ ਦੀ ਲਗਾਤਾਰ ਜੱਦੋ-ਜਹਿਦ ਤੋਂ ਬਾਅਦ ਕੇਂਦਰੀ ਲੀਡਰਸ਼ਿਪ ਤੋਂ ਅਹੁਦੇਦਾਰੀਆਂ ਪ੍ਰਵਾਨ ਕਰਾਉਣ ਵਿਚ ਸਫਲ ਹੋਇਆ ਹੈ। ਕੇਂਦਰੀ ਲੀਡਰਸ਼ਿਪ ਟਕਸਾਲੀ ਭਾਜਪਾਈਆਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੀ ਸੀ, ਜਿਹੜੇ ਔਖੀ ਘੜੀ ਵਿਚ ਪਾਰਟੀ ਨਾਲ ਡਟੇ ਰਹੇ ਹਨ। ਜਾਖੜ ਨੇ ਲੋਕ ਸਭਾ ਦੀਆਂ ਚੋਣਾਂ ਭਾਜਪਾ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਲਈ ਹੈ, ਜਿਸ ਕਰਕੇ ਹਾਈ ਕਮਾਂਡ ਨੇ ਉਸ ਦੀ ਗੱਲ ਮੰਨਕੇ ਅਹੁਦੇਦਾਰੀਆਂ ਉਸ ਅਨੁਸਾਰ ਦਿੱਤੀਆਂ ਹਨ। ਸੁਨੀਲ ਜਾਖੜ ਨੂੰ ਆਪਣੇ ਪੁਰਾਣੇ ਸਾਥੀਆਂ 'ਤੇ ਜ਼ਿਆਦਾ ਮਾਣ ਹੈ, ਜਿਹੜੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਏ ਹਨ। ਉਸ ਨੇ ਭਾਰਤੀ ਜਨਤਾ ਪਾਰਟੀ ਵਿਚ ਨਵੀਂ ਰੂਹ ਫੂਕਣ ਦੇ ਇਰਾਦੇ ਨਾਲ ਇਹ ਨਿਯੁਕਤੀਆਂ ਕੀਤੀਆਂ ਹਨ। ਜਾਖੜ ਨੇ ਪੰਜਾਬ ਦੇ ਨਵੇਂ ਅਤੇ ਪੁਰਾਣੇ ਭਾਜਪਾਈਆਂ ਨੂੰ 67 ਅਹੁਦੇਦਾਰੀਆਂ ਵੰਡੀਆਂ ਹਨ, ਜਿਨ੍ਹਾਂ ਵਿਚ ਕਾਂਗਰਸ ਅਤੇ ਅਕਾਲੀ ਦਲ ਵਿਚੋਂ ਆ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਨੇਤਾਵਾਂ ਨੂੰ 33 ਫ਼ੀਸਦੀ ਹਿੱਸਾ ਦਿੱਤਾ ਗਿਆ ਹੈ। ਇਸ ਸੂਚੀ ਵਿਚ ਨਵੇਂ ਤੇ ਪੁਰਾਣੇ ਨੇਤਾਵਾਂ ਨੂੰ ਬਰਾਬਰ ਦੀ ਅਹਿਮੀਅਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰੰਤੂ ਜਾਖੜ ਵੱਲੋਂ ਸਮਤੁਲ ਰੱਖਣ ਦੀ ਕੋਸ਼ਿਸ਼ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੀਆਂ ਅਹੁਦੇਦਾਰੀਆਂ ਮਾਨਣ ਵਾਲੇ ਪੁਰਾਣੇ ਘਾਗ ਸੰਤੁਸ਼ਟ ਨਜ਼ਰ ਨਹੀਂ ਆ ਰਹੇ। ਸੁਨੀਲ ਜਾਖੜ ਖੁਦ ਪੰਜਾਬ ਕਾਂਗਰਸ ਵਿਚੋਂ ਆਏ ਹਨ, ਇਸ ਲਈ ਕੁਦਰਤੀ ਹੈ ਕਿ ਉਸ ਦੀ ਨਵੀਂ ਟੀਮ ਵਿਚ ਪੁਰਾਣੇ ਕਾਂਗਰਸੀਆਂ ਨੂੰ ਨਿਵਾਜਣਾ ਬਣਦਾ ਸੀ। ਭਾਰਤੀ ਜਨਤਾ ਪਾਰਟੀ ਦੀ ਟਕਸਾਲੀ ਲੀਡਰਸ਼ਿਪ ਖੁੱਲ੍ਹੇ ਤੌਰ 'ਤੇ ਤਾਂ ਸਾਹਮਣੇ ਨਹੀਂ ਆ ਰਹੀ ਪ੍ਰੰਤੂ ਇਸ ਸੂਚੀ ਵਿਚ ਟਕਸਾਲੀਆਂ ਨੂੰ ਅਣਡਿੱਠ ਕਰਨ ਨਾਲ ਘੁਸਰ-ਮੁਸਰ ਜ਼ਰੂਰ ਸ਼ੁਰੂ ਹੋ ਗਈ ਹੈ, ਜਿਸ ਦਾ ਬੀ.ਜੇ.ਪੀ. ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ। ਟਕਸਾਲੀ ਭਾਜਪਾਈ ਪੰਜਾਬ ਇਕਾਈ ਵਿਚ ਨਵੇਂ ਬਣੇ ਭਾਜਪਾਈਆਂ ਬਾਰੇ ਇਕ ਕਹਾਵਤ 'ਕਲ੍ਹ ਦੀ ਭੂਤਨੀ ਸਿਵਿਆਂ ਵਿੱਚ ਅੱਧ' ਦੀ ਉਦਾਹਰਣ ਦਿੰਦੇ ਹੋਏ ਅਸੰਤੁਸ਼ਟੀ ਪ੍ਰਗਟ ਕਰ ਰਹੇ ਹਨ। ਇਸ ਸੂਚੀ ਵਿਚ ਦੋ ਸਾਬਕਾ ਆਈ.ਏ.ਐੱਸ. ਅਧਿਕਾਰੀ ਜਗਮੋਹਨ ਸਿੰਘ ਰਾਜੂ ਅਤੇ ਸੁੱਚਾ ਰਾਮ ਲੱਧਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਭਾਵੇਂ ਸੂਚੀ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਵਧੇਰੇ ਪ੍ਰਤੀਨਿਧਤਾ ਦਿੱਤੀ ਗਈ ਹੈ, ਉਨ੍ਹਾਂ ਦੀ ਸਪੁੱਤਰੀ ਬੀਬਾ ਜੈਇੰਦਰ ਕੌਰ ਨੂੰ ਰਾਜ ਦੇ ਇਸਤਰੀ ਵਿੰਗ ਦਾ ਮੁੱਖੀ ਬਣਾਇਆ ਗਿਆ ਹੈ ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਦੀ ਸੀਨੀਅਰਿਟੀ ਅਨੁਸਾਰ ਉਸ ਨੂੰ ਕੋਰ ਕਮੇਟੀ ਦੀ ਥਾਂ ਕੇਂਦਰੀ ਇਕਾਈ ਵਿਚ ਸ਼ਾਮਲ ਕਰਨਾ ਬਣਦਾ ਸੀ। ਹੁਣ ਉਹ ਸੁਨੀਲ ਕੁਮਾਰ ਜਾਖੜ ਦੀ ਅਗਵਾਈ ਥੱਲੇ ਕੰਮ ਕਰੇਗਾ। ਸੁਨੀਲ ਕੁਮਾਰ ਜਾਖੜ ਦੀ ਨਵੀਂ ਟੀਮ ਵਿਚ ਉਪ ਪ੍ਰਧਾਨ, ਜਨਰਲ ਸਕੱਤਰ, ਸਕੱਤਰ ਅਤੇ ਪਾਰਟੀ ਦੇ ਵਿੰਗਾਂ ਦੇ ਮੁੱਖੀ ਪਹਿਲੀਆਂ ਇਕਾਈਆਂ ਦੇ ਮੁਕਾਬਲੇ 40-60 ਸਾਲ ਉਮਰ ਵਾਲੇ ਸ਼ਾਮਲ ਕੀਤੇ ਹਨ ਕਿਉਂਕਿ ਇਨ੍ਹਾਂ ਨੇ ਹੀ ਪਾਰਟੀ ਨੂੰ ਸਰਗਰਮ ਕਰਨਾ ਹੁੰਦਾ ਹੈ। ਕੋਰ ਕਮੇਟੀ ਵਿਚ ਤਾਂ ਤਜ਼ਰਬੇਕਾਰ ਸੀਨੀਅਰ ਨੇਤਾ ਹੁੰਦੇ ਹਨ, ਜਿਹੜੇ ਤਾਂ ਸਿਰਫ ਨੀਤੀਗਤ ਫ਼ੈਸਲੇ ਕਰਦੇ ਹਨ, ਉਹ ਤਾਂ ਦਰਸ਼ਨੀ ਭਲਵਾਨ ਹੀ ਹੁੰਦੇ ਹਨ। ਪਾਰਟੀ ਨੂੰ ਲਾਮਬੰਦ ਕਰਨ ਵਿਚ ਨੌਜਵਾਨ ਸੁਚੱਜਾ ਯੋਗਦਾਨ ਪਾ ਸਕਦੇ ਹਨ। ਵੇਖਣ ਵਾਲੀ ਗੱਲ ਹੈ ਕਿ ਸੁਨੀਲ ਕੁਮਾਰ ਜਾਖੜ ਦੀ ਨਵੀਂ ਟੀਮ ਟਕਸਾਲੀ ਭਾਜਪਾਈਆਂ ਨੂੰ ਆਪਣੇ ਨਾਲ ਤੋਰਨ ਵਿਚ ਸਫਲ ਹੁੰਦੀ ਹੈ ਕਿ ਨਹੀਂ। ਮਈ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਸੁਨੀਲ ਕੁਮਾਰ ਜਾਖੜ ਦਾ ਭਵਿੱਖ ਤਹਿ ਕਰਨਗੇ।

# ਉੱਚੀ ਸੋਚ ਰੱਖਕੇ ਬਣੋ ਜ਼ਿੰਦਗੀ ਵਿਚ ਕਾਮਯਾਬ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)





ਜ਼ਿੰਦਗੀ ਇੱਕ ਅਨਮੋਲ ਖਜ਼ਾਨਾ ਹੈ। ਹਰ ਇਨਸਾਨ ਦੀ ਜ਼ਿੰਦਗੀ ਵਿਚ ਉਤਾਰ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਕਈ ਇਨਸਾਨ ਲਗਾਤਾਰ ਆ ਰਹੇ ਉਤਾਰ-ਚੜ੍ਹਾਅ ਕਾਰਨ ਡਾਵਾਂਡੋਲ ਹੋ ਜਾਂਦੇ ਹਨ। ਉਨ੍ਹਾਂ ਨੂੰ ਜ਼ਿੰਦਗੀ ਬੋਝ ਜਿਹੀ ਲੱਗਣ ਲੱਗ ਜਾਂਦੀ ਹੈ। ਅਜਿਹੇ ਇਨਸਾਨ ਜ਼ਿੰਦਗੀ ਨੂੰ ਹੱਸ-ਖੇਡ ਕੇ ਨਹੀਂ ਗੁਜ਼ਾਰਦੇ, ਸਗੋਂ ਕੱਟਦੇ ਹਨ। ਨਕਾਰਾਤਮਕ ਵਿਚਾਰ ਉਨ੍ਹਾਂ ਦੇ ਅੰਦਰ ਘਰ ਕਰ ਜਾਂਦੇ ਹਨ। ਉਹ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਕਰਨ ਲੱਗ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਦੀ ਸੋਚ ਨਕਾਰਾਤਮਕ ਬਣ ਜਾਂਦੀ ਹੈ। ਉਹ ਆਪਣੇ ਮਨ ਚਾਹੇ ਟੀਚੇ 'ਤੇ ਨਹੀਂ ਪੁੱਜ ਸਕਦੇ। ਕੁਦਰਤ ਨੇ ਸੋਹਣੀ ਜ਼ਿੰਦਗੀ ਬਖ਼ਸ਼ੀ ਹੈ। ਅੱਜਕੱਲ੍ਹ ਦੀ ਜ਼ਿੰਦਗੀ ਤਾਂ ਵੈਸੇ ਹੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਕੌਣ ਕਦੋਂ ਇਸ ਸੰਸਾਰ 'ਚੋਂ ਰੁਖ਼ਸਤ ਕਰ ਜਾਂਦਾ ਹੈ। ਇਸ ਨੂੰ ਚੰਗੇ ਕੰਮਾਂ ਵਿਚ ਲਗਾਓ। ਮਿਹਨਤ ਕਰਦੇ ਰਹੋ। ਚੰਗੇ ਕਰਮ ਕਰੋ। ਕਿਸੇ ਦਾ ਵੀ ਮਾੜਾ ਨਾ ਸੋਚੋ। ਜੇ ਤੁਸੀਂ ਮੰਜ਼ਿਲ ਤੱਕ ਨਹੀਂ ਪੁੱਜ ਸਕੇ, ਤਾਂ ਆਪਣੀ ਗਲਤੀਆਂ ਨੂੰ ਦੇਖੋ। ਜੋ ਬੰਦੇ ਮੰਜ਼ਿਲ ਨੂੰ ਸਰ ਕਰ ਚੁੱਕੇ ਹਨ, ਉਨ੍ਹਾਂ ਦੇ ਤਜ਼ਰਬੇ ਨੂੰ ਦੇਖੋ। ਇਹ ਨਾ ਸੋਚੋ ਕਿ ਉਹ ਬੰਦਾ ਮੇਰੇ ਤੋਂ ਅੱਗੇ ਕਿਵੇਂ ਨਿਕਲ ਗਿਆ, ਉਸ ਬਾਰੇ ਨਕਾਰਾਤਮਕ ਸੋਚ ਨਾ ਰੱਖੋ। ਮਿਹਨਤ ਕਰਦੇ ਚਲੋ, ਕਿਹਾ ਵੀ ਜਾਂਦਾ ਹੈ ਮਿਹਨਤ ਸਫ਼ਲਤਾ ਦੀ ਕੁੰਜੀ ਹੈ। ਚਲਦੇ ਰਹਿਣਾ ਹੀ ਜ਼ਿੰਦਗੀ ਹੈ। ਲਗਾਤਾਰ ਮਿਹਨਤ ਕਰਕੇ ਅਸਫ਼ਲਤਾ ਤੋਂ ਬਾਅਦ ਸਫ਼ਲਤਾ ਜ਼ਰੂਰ ਮਿਲਦੀ ਹੈ। ਅੱਜ ਦੇ ਜ਼ਮਾਨੇ ਵਿਚ ਸਭ ਕੁੱਝ ਸੰਭਵ ਹੈ। ਮਿਹਨਤ ਕਰਕੇ ਤੁਸੀਂ ਵੀ ਮੰਜ਼ਿਲ ਨੂੰ ਸਰ ਕਰ ਸਕਦੇ ਹੋ। ਫਜ਼ੂਲ ਦੀਆਂ ਗੱਲਾਂ ਵਿਚ ਆਪਣਾ ਸਮਾਂ ਨਾ ਗੁਆਓ। ਇਹ ਸਮਾਂ ਬਹੁਤ ਕੀਮਤੀ ਹੁੰਦਾ ਹੈ।

ਅਕਸਰ ਕਹਿੰਦੇ ਵੀ ਹਨ ਕਿ ਜੇ ਸਮਾਂ ਨਿਕਲ ਗਿਆ, ਤਾਂ ਉਹ ਮੁੜ ਹੱਥ ਨਹੀਂ ਆਉਂਦਾ। ਸਿਆਣੇ ਅਕਸਰ ਕਹਿੰਦੇ ਵੀ ਹਨ ਕਿ ਪੁੱਲਾਂ ਹੇਠੋਂ ਨਿਕਲਿਆ ਹੋਇਆ ਪਾਣੀ ਵਾਪਸ ਨਹੀਂ ਆਉਂਦਾ। ਜੋ ਸਮਾਂ ਬੀਤ ਗਿਆ, ਉਹ ਵਾਪਸ ਨਹੀਂ ਆਉਂਦਾ। ਬੀਤੇ ਸਮੇਂ ਦੀਆਂ ਗ਼ਲਤੀਆਂ ਨਾਲ ਆਪਣੇ ਆਪ ਨੂੰ ਨਕਾਰਾਤਮਕ ਨਾ ਬਣਾਓ। ਗ਼ਲਤੀਆਂ ਤੋਂ ਸਿੱਖੋ। ਹਮੇਸ਼ਾ ਵਰਤਮਾਨ ਵਿਚ ਚੱਲਦੇ ਰਹੋ। ਵਰਤਮਾਨ ਵਿਚ ਵਧੀਆ ਕੰਮ ਕਰਕੇ ਅਸੀਂ ਭਵਿੱਖ ਨੂੰ ਵਧੀਆ ਬਣਾ ਸਕਦੇ ਹਾਂ। ਹਮੇਸ਼ਾ ਚੰਗੇ ਕਰਮ ਕਰੋ। ਵਧੀਆ ਜ਼ਿੰਦਗੀ ਜਿਊਣ ਲਈ ਪਰਿਵਾਰ ਵਿਚ ਰਹਿੰਦੀਆਂ ਕੁੱਝ ਗੱਲਾਂ ਨੂੰ ਨਜ਼ਰਅੰਦਾਜ਼ ਕਰੋ। ਪਰਿਵਾਰਾਂ ਵਿਚ ਰਹਿੰਦਿਆਂ ਕਈ ਵਾਰ ਮਨਮੁਟਾਵ ਆਪਸ ਵਿਚ ਹੋ ਜਾਂਦਾ ਹੈ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ, ਜਿਸ ਕਾਰਨ ਸਾਰੀ ਉਮਰ ਪਰਿਵਾਰ ਨੂੰ ਪਛਤਾਉਣਾ ਪੈ ਜਾਵੇ।

ਚੰਗੀ ਕਿਤਾਬਾਂ ਪੜ੍ਹੋ। ਕਿਤਾਬਾਂ ਨਾਲ ਸਾਨੂੰ ਜ਼ਿੰਦਗੀ ਜਿਊਣ ਦੀ ਕਲਾ ਆਉਂਦੀ ਹੈ। ਆਪਣੇ ਘਰ ਵਿਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਸਥਾਪਿਤ ਕਰੋ। ਕਿਤਾਬਾਂ ਵਾਲੀ ਦੁਕਾਨ ਤੋਂ ਆਪਣਾ ਮਨ ਚਾਹਿਆ ਰਸਾਲਾ ਜ਼ਰੂਰ ਖਰੀਦੋ। ਉਸਨੂੰ ਜ਼ਰੂਰ ਪੜ੍ਹੋ। ਚੰਗੇ ਦੋਸਤਾਂ ਦਾ ਸੰਗ ਕਰੋ, ਜੋ ਤੁਹਾਨੂੰ ਮੁਸੀਬਤ ਵੇਲੇ ਹੌਸਲਾ ਦੇਣ। ਤੁਹਾਡੇ ਹੌਂਸਲੇ ਨੂੰ ਢਹਿ-ਢੇਰੀ ਨਾ ਹੋਣ ਦੇਣ। ਤੁਹਾਨੂੰ ਹਰ ਮਿਹਨਤ ਕਰਨ ਲਈ ਪ੍ਰੇਰਿਤ ਕਰਨ। ਅੱਜਕੱਲ੍ਹ ਦੀ ਦੋਸਤੀ ਪੈਸਾ ਦੇਖ ਕੇ ਹੁੰਦੀ ਹੈ। ਪੈਸੇ ਦੀ ਹੋੜ ਜ਼ਿਆਦਾ ਲੱਗੀ ਹੋਈ ਹੈ। ਰਿਸ਼ਤਿਆਂ ਦਾ ਘਾਣ ਹੋ ਚੁੱਕਿਆ ਹੈ। ਭਰਾ-ਭਰਾ ਦੀ ਆਪਸ ਵਿਚ ਨਹੀਂ ਬਣਦੀ। ਇੱਕ ਦੂਜੇ ਨੂੰ ਘਰ ਵਿਚ ਹੀ ਨੀਵਾਂ ਦਿਖਾਉਣ ਦੀ ਹੋੜ ਲੱਗੀ ਹੁੰਦੀ ਹੈ। ਪਰਿਵਾਰਿਕ ਮੈਂਬਰ ਇਕ ਦੂਜੇ ਦੀ ਇੱਜ਼ਤ ਨਹੀਂ ਕਰਦੇ। ਸਹਿਣਸ਼ੀਲਤਾ ਖਤਮ ਹੋ ਚੁੱਕੀ ਹੈ। ਨਿਮਰਤਾ, ਪਿਆਰ ਤੇ ਸਤਿਕਾਰ ਮਨੁੱਖੀ ਜੀਵਨ ਦੇ ਗਹਿਣੇ ਹਨ। ਜੇ ਪ੍ਰਮਾਤਮਾ ਨੇ ਤੁਹਾਨੂੰ ਬਹੁਤ ਦਿੱਤਾ ਹੋਇਆ ਹੈ, ਤਾਂ ਲੋੜਵੰਦਾਂ ਦੀ ਮਦਦ ਕਰੋ। ਲੋੜਵੰਦ ਇਨਸਾਨ ਤੁਹਾਨੂੰ ਅਸੀਸ ਦੇਵੇਗਾ। ਦੂਜਿਆਂ ਵਿਚ ਕਮੀਆਂ ਨਾ ਕੱਢੋ। ਚੁਗਲੀ ਤੋਂ ਪਰਹੇਜ਼ ਕਰੋ। ਦੂਜਿਆਂ ਦੀ ਕਮੀਆਂ ਕੱਢਦੇ ਰਹੋਗੇ, ਤਾਂ ਤੁਹਾਡੇ ਵਿਚ ਵੀ ਉਸ ਇਨਸਾਨ ਦੀਆਂ ਕਮੀਆਂ ਆ ਜਾਣਗੀਆਂ। ਹਮੇਸ਼ਾ ਆਪਣੇ ਲਈ ਸਮਾਂ ਕੱਢੋ। ਅੱਜ ਦੀ ਦੌੜ-ਭੱਜ ਦੀ ਜ਼ਿੰਦਗੀ ਵਿਚ ਇਨਸਾਨ ਆਪਣੇ ਲਈ ਸਮਾਂ ਨਹੀਂ ਕੱਢਦਾ ਹੈ। ਵਧੀਆ ਸੋਚ, ਸਕਾਰਾਤਮਕ ਵਿਚਾਰ ਰੱਖ ਕੇ ਅਸੀਂ ਮੰਜ਼ਿਲ ਨੂੰ ਸਰ ਕਰ ਸਕਦੇ ਹਾਂ।

## 24 ਸਤੰਬਰ ਜਨਮ ਦਿਨ 'ਤੇ ਵਿਸ਼ੇਸ਼

# ਉਦਾਸੀ ਮਤ ਦੇ ਬਾਨੀ ਬਾਬਾ ਸ੍ਰੀ ਚੰਦ ਜੀ-ਜੀਵਨ, ਯਾਤਰਾ ਤੇ ਰਚਨਾ



-ਦਿਲਜੀਤ ਸਿੰਘ ਬੇਦੀ
(Punjab Mail USA)



ਜਦੋਂ ਕਿਸੇ ਧਰਮ ਦਾ ਵਿਕਾਸ ਹੋ ਰਿਹਾ ਹੁੰਦਾ ਹੈ, ਤਾਂ ਉਸ ਵਿਕਾਸ ਦੇ ਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਕਈ ਤਰ੍ਹਾਂ ਦੇ ਪ੍ਰਚਾਰਕ, ਸਾਧਕ ਜਾਂ ਜਪ, ਤਪ, ਭਗਤੀ ਕਰਨੀ ਵਾਲੇ ਮਹਾਪੁਰਸ਼ ਸਾਹਮਣੇ ਆ ਜਾਂਦੇ ਹਨ। ਉਨ੍ਹਾਂ ਦਾ ਮੂਲ ਉਦੇਸ਼ ਤਾਂ ਭਾਵੇਂ ਮੁੱਖ ਧਰਮ ਦਾ ਵਿਕਾਸ ਕਰਨਾ ਹੀ ਹੁੰਦਾ ਹੈ, ਪਰ ਉਨ੍ਹਾਂ ਦੇ ਵਿਅਕਤੀਤਵ ਅਤੇ ਮਾਨਤਾਵਾਂ ਦੀ ਛਾਪ ਮੁੱਖ ਧਾਰਾ ਨਾਲੋਂ ਉਨ੍ਹਾਂ ਨੂੰ ਨਿਖੇੜਦੀ ਹੋਈ ਵਖਰੀ ਪਛਾਣ ਬਣਾ ਦਿੰਦੀ ਹੈ। ਕਿਸੇ ਸੰਪਰਦਾ ਦੀ ਸਥਾਪਨਾ ਲਈ ਜਿਥੇ ਇਕ ਅਸਾਧਾਰਣ ਸਖ਼ਸ਼ੀਅਤ ਦੀ ਸੇਧ ਅਤਿ ਜ਼ਰੂਰੀ ਹੁੰਦੀ ਹੈ, ਉਥੇ ਉਸ ਸੰਪਰਦਾਇ ਵਲੋਂ ਮੂਲ ਸਿਧਾਂਤਾਂ ਦੀ ਵਿਆਖਿਆ ਜਾਂ ਸਮਾਜਿਕ ਅਤੇ ਧਾਰਮਿਕ ਰੀਤਾਂ ਦੇ ਪਾਲਣ ਦੀ ਵਿਲੱਖਣਤਾ ਆਪਣੀ ਭੂਮਿਕਾ ਵੀ ਨਿਭਾਉਂਦੀ ਹੈ। ਉਦਾਸੀ ਸੰਤਾਂ, ਸਾਧੂਆਂ ਦੀ ਘਾਲਣਾ ਨੂੰ ਮੁਕਤਮਨ ਹੋ ਕੇ ਵਿਚਾਰਨ ਦੀ ਲੋੜ ਅੱਜ ਵੀ ਹੈ॥(ਡਾ: ਰਤਨ ਸਿੰਘ ਜੱਗੀ) ਸਿੱਖ ਧਰਮ ਦੇ ਵਿਕਾਸ 'ਚ ਵੱਖ-ਵੱਖ ਸਮੇਂ ਕਾਇਮ ਹੋਈਆਂ ਸੰਪਰਦਾਵਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਸੰਪਰਦਾਵਾਂ ਵਿਚ ਸਰਬ ਪ੍ਰਥਮ ਉਦਾਸੀ ਸੰਪਰਦਾਇ ਹੈ, ਜਿਸ ਦਾ ਆਰੰਭ ਬਾਬਾ ਸ੍ਰੀ ਚੰਦ ਨੇ ਕੀਤਾ ਸੀ। ਦੂਜੀ ਹੈ ਮੀਣਾ ਸੰਪਰਦਾਇ ਇਸ ਦਾ ਆਰੰਭ ਸੋਢੀ ਪ੍ਰਿਥੀਚੰਦ ਦੁਆਰਾ ਹੋਇਆ ਸੀ। ਤੀਜੀ ਨਿਰਮਲਾ ਸੰਪਰਦਾਇ ਹੈ, ਜਿਸ ਦਾ ਅਰੰਭ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਬਨਾਰਸ (ਕਾਂਸ਼ੀ) ਵਿਚ ਸੰਸਕ੍ਰਿਤ ਅਤੇ ਭਾਰਤੀ ਧਰਮ-ਗ੍ਰੰਥਾਂ ਦੇ ਅਧਿਐਨ ਲਈ ਭੇਜ ਕੇ ਕੀਤਾ ਸੀ। ਚੌਥੀ ਸੇਵਾਪੰਥੀ ਸੰਪਰਦਾਇ ਹੈ, ਜਿਸ ਦਾ ਆਰੰਭ ਭਾਈ ਘਨ੍ਹਈਆ ਜੀ ਤੋਂ ਮੰਨਿਆਂ ਜਾਂਦਾ ਹੈ। ਪੰਜਵੀਂ ਗਿਆਨੀ ਸੰਪਰਦਾਇ ਹੈ, ਜਿਸ ਦਾ ਮੋਢੀ ਭਾਈ ਮਨੀ ਸਿੰਘ ਜੀ ਸ਼ਹੀਦ ਨੂੰ ਦੱਸਿਆ ਜਾਂਦਾ ਹੈ। ਛੇਵੀਂ ਸੰਪਰਦਾਇ ਨਿਰੰਕਾਰੀਆਂ ਦੀ ਹੈ, ਜਿਸ ਦੀ ਸ਼ੁਰੂਆਤ ਬਾਬਾ ਦਿਆਲ ਜੀ ਨੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਕੀਤੀ ਸੀ। ਸੱਤਵੀਂ ਨਾਮਧਾਰੀ ਸੰਪਰਦਾਇ ਹੈ। ਇਸ ਦੀ ਸਥਾਪਨਾ ਬਾਬਾ ਬਾਲਕ ਸਿੰਘ ਨੇ ਕੀਤੀ ਸੀ, ਪਰ ਇਸ ਦਾ ਸਹੀ ਵਿਕਾਸ ਬਾਬਾ ਰਾਮ ਸਿੰਘ ਦੁਆਰਾ ਹੋਇਆ। ਇਸ ਤਰ੍ਹਾਂ ਦੀਆਂ ਕੁਝ ਹੋਰ ਛੋਟੀਆਂ ਸੰਪਰਦਾਵਾਂ ਵੀ ਹੋਂਦ ਵਿਚ ਆਈਆਂ। ਬਾਬਾ ਸ੍ਰੀ ਚੰਦ ਤੇ ਉਦਾਸੀ ਮਤ ਬਾਰੇ ਡਾ: ਮਹਿੰਦਰ ਕੌਰ ਗਿੱਲ 'ਚ ਲਿਖਦੀ ਹੈ ਕਿ ਗੁਰਮਤਿ ਅਤੇ ਉਦਾਸੀ ਮਤ ਦਾ ਮੂਲ ਸ੍ਰੋਤ ਇਕੋ ਹੀ ਹੈ। ਗੁਰਮਤਿ ਅਤੇ ਉਦਾਸੀਮਤ ਦਾ ਦਾਰਸ਼ਨਿਕ ਅਤੇ ਸੰਕਲਪ ਆਤਮਿਕ ਧਰਾਤਲ ਇਕੋ ਹੀ ਹੈ। ਗੁਰੂ ਨਾਨਕ ਬਾਣੀ ਦੇ ਸਰਬ ਪ੍ਰਥਮ ਵਿਆਖਿਆਕਾਰ ਬਾਬਾ ਸ੍ਰੀ ਚੰਦ ਜੀ ਹੀ ਸਨ। ਏਹੀ ਵਿਆਖਿਆ ਪਰਪਾਟੀ ਉਦਾਸੀ ਸੰਤਾਂ ਦੀ ਪ੍ਰਚਾਰ ਸ਼ੈਲੀ ਬਣੀ। ਗੁਰਮਤਿ ਦੇ ਮੂਲ ਬੁਨਿਆਦੀ ਦਾਰਸ਼ਨਿਕ ਨੁਕਤਿਆਂ ਦੀ ਸਹੀ ਵਿਆਖਿਆ ਪਹਿਲੋ ਪਹਿਲ ਉਦਾਸੀ ਸੰਤਾਂ ਨੇ ਕੀਤੀ। ਬੈਰਾਗ ਸੰਸਾਰਕ ਤਿਆਗ ਤੇ ਵਿਰਕਤ ਬਿਰਤੀ ਉਦਾਸੀ ਸਾਧੂ ਦੇ ਸਹਿਜ ਗੁਣ ਸੁਭਾਵ ਹਨ। ਭਾਵ ਉਪਰਾਮਤਾ, ਵੈਰਾਗ ਅਤੇ ਤਿਆਗ। ਇਨ੍ਹਾਂ ਤਿੰਨਾਂ ਦਾ ਦੀਦਾਰ ਬਾਬਾ ਸ਼੍ਰੀ ਚੰਦ ਜੀ ਦੀ ਜੀਵਨ ਸ਼ੈਲੀ ਵਿਚ ਬਹੁਤ ਸਹਿਜ ਸੀ॥

ਚੋਹਾਂ ਦਿਸ਼ਾਵਾਂ ਵਿਚ ਧਰਮ-ਪ੍ਰਚਾਰ ਕਰਨ ਵਾਲੇ ਸਤਿਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ਼੍ਰੀ ਚੰਦ ਜੀ ਦਾ ਜਨਮ ਸੰਨ 1494 ਈ: ਵਿਚ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਸੁਲਤਾਨਪੁਰ ਲੋਧੀ ਵਿਚ ਹੋਇਆ। ਇਨ੍ਹਾਂ ਦਾ ਬਚਪਨ ਬੇਬੇ ਨਾਨਕੀ ਜੀ ਦੀ ਦੇਖ-ਰੇਖ ਵਿਚ ਬੀਤਿਆ। ਸ਼੍ਰੀ ਚੰਦ ਜੀ ਨੇ ਵਿਆਹ ਨਾ ਕਰਕੇ ਵੈਰਾਗੀ ਜੀਵਨ ਬਤੀਤ ਕੀਤਾ।

ਚੌਥੀ ਯਾਤਰਾ ਤੋਂ ਪਰਤਣ 'ਤੇ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ 'ਚ ਆਪਣਾ ਸਥਾਈ ਨਿਵਾਸ ਕੀਤਾ। 17 ਵਰ੍ਹਿਆਂ ਉਪਰੰਤ ਸੰਨ 1539 ਈ: ਵਿਚ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਬਾਬਾ ਸ਼੍ਰੀ ਚੰਦ ਜੀ ਪਠਾਨਕੋਟ ਦੇ ਨੇੜਲੇ ਪਿੰਡ ਬਾਰਠ ਵਿਚ ਆਪਣੇ ਸਾਥੀ ਭਾਈ ਕਮਾਲੀਆ ਦੇ ਨਾਲ ਰਹਿਣ ਲੱਗ ਪਏ। ਉਥੇ ਰਹਿ ਕੇ ਇਨ੍ਹਾਂ ਨੇ ਉਦਾਸੀ ਭੇਖ ਨੂੰ ਵਿਕਸਿਤ ਕੀਤਾ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਆਪ ਜੀ ਨੂੰ ਗੁਰੂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਿਲਣ ਆਏ। ਇਥੇ ਗੁਰਦੁਆਰਾ ਤਪ ਅਸਥਾਨ ਬਾਬਾ ਸ਼੍ਰੀ ਚੰਦ ਜੀ ਅਤੇ ਪਾਤਸ਼ਾਹੀ ਪੰਜਵੀਂ ਦੀ ਆਮਦ ਦੀ ਯਾਦ 'ਚ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸ ਹੈ।

'ਉਦਾਸੀ ਭੇਖ' ਬਾਬਾ ਸ਼੍ਰੀ ਚੰਦ ਨੇ ਧਾਰਣ ਕੀਤਾ ਅਤੇ ਗ੍ਰਹਿਸਥੀਆਂ ਵਾਲੇ ਜੀਵਨ ਦਾ ਤਿਆਗ ਕਰਕੇ ਧਰਮ-ਪ੍ਰਚਾਰ ਵਿਚ ਜੁੱਟ ਗਏ। ਬਾਬਾ ਸ਼੍ਰੀ ਚੰਦ ਨੇ ਗੁਰੂ ਨਾਨਕ-ਬਾਣੀ ਨੂੰ ਗੁਰੂ ਰੂਪ ਵਿਚ ਗ੍ਰਹਿਣ ਕੀਤਾ। ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਹੋਣ ਕਾਰਣ ਗੁਰੂ ਸਾਹਿਬਾਨ ਵਲੋਂ ਬਾਬਾ ਸ਼੍ਰੀ ਚੰਦ ਨੂੰ ਮਾਣ-ਸਤਿਕਾਰ ਮਿਲਦਾ ਰਿਹਾ। ਇਥੋਂ ਤੱਕ ਕਿ ਬਾਬਾ ਜੀ ਦੇ ਅੰਤ-ਕਾਲ ਵੇਲੇ ਉਨ੍ਹਾਂ ਵਲੋਂ ਚਲਾਈ ਜਾ ਰਹੀ ਧਰਮ-ਪ੍ਰਚਾਰ ਲਹਿਰ ਨੂੰ ਜਾਰੀ ਰੱਖਣ ਲਈ 1624 ਈਸਵੀ ਵਿਚ ਛੇਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਨੂੰ ਬਾਬਾ ਜੀ ਦੇ ਅਰਪਿਤ ਕਰ ਦਿੱਤਾ।

ਬਾਬਾ ਸ਼੍ਰੀ ਚੰਦ ਜੀ ਧਰਮ-ਪ੍ਰਚਾਰ ਯਾਤਰਾ ਲਈ ਆਪ ਅੰਮ੍ਰਿਤਸਰ, ਕਸ਼ਮੀਰ, ਸ੍ਰੀ ਨਗਰ, ਪੋਠੋਹਾਰ, ਕਾਬੁਲ, ਕੰਧਾਰ, ਸਿੰਧ ਅਤੇ ਪੰਜਾਬ ਨਾਲ ਲੱਗਦੀਆਂ ਪਹਾੜੀ ਰਿਆਸਤਾਂ ਵਿਚ ਗਏ। ਉਹ ਬਾਰਠ ਤੋਂ ਠਟਾ (ਸਿੰਧ) ਤੋਂ ਹੁੰਦੇ ਹੋਏ ਦੁਆਰਕਾ ਗਏ, ਏਥੋਂ ਸੁਦਾਮਾਪੁਰੀ ਤੋਂ ਕਾਠੀਆਵਾੜ (ਗੁਜਰਾਤ) ਪਹੁੰਚੇ। ਉਥੋਂ ਮੇਵਾੜ (ਰਾਜਸਥਾਨ) ਤੋਂ ਕਈ ਅਸਥਾਨਾਂ 'ਤੇ ਪੜਾਅ ਕਰਦੇ ਹੋਏ ਮੁੜ ਬਾਰਠ ਤੋਂ ਹੁੰਦੇ ਹੋਏ ਚੰਬੇ ਪਹੁੰਚੇ, ਇਥੋਂ ਹੀ ਜਾ ਕੇ ਪਠਾਨਕੋਟ ਵਸਾਇਆ। ਉਪਰੰਤ ਕਰਤਾਰਪੁਰ ਪੁੱਜੇ, ਇਥੋਂ ਪਿਸ਼ਾਵਰ, ਕਾਬਲ, ਕੰਧਾਰ ਤੋਂ ਸਿੰਧ ਰਸਤੇ ਮੁੜ ਪੰਜਾਬ ਪੁੱਜੇ, ਗੁਰੂ ਪਿਤਾ ਦਾ ਹੁਕਮ ਬਾਬਾ ਸ਼੍ਰੀ ਚੰਦ ਜੀ ਨੇ ਪੂਰਨ ਸ਼ਰਧਾ, ਭਾਵਨਾ, ਸਤਿਕਾਰ ਨਾਲ ਨਿਭਾਇਆ। ਉਨ੍ਹਾਂ ਸ਼ਹਿਰ, ਨਗਰ, ਗੁਰੂ ਨਾਨਕ ਮਤ ਦਾ ਡੰਕਾ ਵਜਾਇਆ। ਗੁਰੂ ਨਾਨਕ ਸਾਹਿਬ ਦੀ ਤੀਸਰੀ ਯਾਤਰਾ ਦੇ ਆਰੰਭ ਸਮੇਂ ਅਤੇ ਬੇਬੇ ਨਾਨਕੀ ਤੇ ਸ਼੍ਰੀ ਜੈਰਾਮ ਜੀ ਦੇ ਚਲਾਣੇ ਤੋਂ ਬਾਅਦ ਬਾਬਾ ਸ਼੍ਰੀ ਚੰਦ ਜੀ ਵੀ ਮੁੜ ਮਾਤਾ ਸੁਲੱਖਣੀ ਜੀ ਪਾਸ ਪੱਖੋਕੇ ਆ ਗਏ। ਬਾਬਾ ਲਖਮੀ ਚੰਦ ਜੀ ਨੂੰ ਮਾਮੇ ਕ੍ਰਿਸ਼ਨ ਜੀ ਪਾਸ 'ਬਾਰਠ' ਭੇਜ ਦਿੱਤਾ ਤੇ ਆਪ ਗ੍ਰੰਥਾਂ ਦਾ ਅਧਿਐਨ ਕਰਨ ਲਈ ਉਥੋਂ ਹੀ ਅੱਗੇ ਕਸ਼ਮੀਰ ਸ੍ਰੀ ਨਗਰ ਚਲੇ ਗਏ। ਪੰਡਿਤ 'ਪ੍ਰਸ਼ੋਤਮਦਾਸ' ਪਾਸੋਂ ਵੇਦ ਪੜ੍ਹਨੇ ਆਰੰਭ ਕੀਤੇ। ਆਪ ਦੀ 24 ਸਾਲ ਦੀ ਆਯੂ ਹੋ ਚੁੱਕੀ ਸੀ। ਜਲਦ ਹੀ ਗ੍ਰੰਥਾਂ ਦੇ ਪੜ੍ਹਨ, ਰਟਨ ਤੋਂ ਬਾਅਦ ਅਨੁਭਵੀ ਵਿਦਵਾਨ ਤੇ ਤੇਜਸਵੀ ਮਹਾਤਮਾ ਦੇ ਰੂਪ ਵਿਚ ਸਾਹਮਣੇ ਆਏ। ਇਥੇ ਹੀ ਅਬਨਾਸ਼ੀ ਮੁਨੀ ਨੇ ਆਪ ਨਾਲ ਚਰਚਾ ਕੀਤੀ।

ਬਾਬਾ ਸ਼੍ਰੀ ਚੰਦ ਜੀ ਨੇ ਗੁਰੂ ਪਿਤਾ ਦੇ ਪ੍ਰੇਮ ਵਿਚ 'ਆਰਤਾ' ਦਾ ਉਚਾਰਣ ਕੀਤਾ। ਕਰਤਾਰਪੁਰ ਤੋਂ ਬਾਬਾ ਸ੍ਰੀ ਚੰਦ ਜੀ ਪ੍ਰਚਾਰ ਲਈ ਬਾਰਠ ਤੋਂ ਗਾਹਲੜੀ ਨਗਰ ਚਲੇ ਜਾਂਦੇ। ਭਗਤੀ 'ਚ ਲੀਨ ਕਈ-ਕਈ ਦਿਨ, ਮਹੀਨੇ ਵਾਪਸ ਨਾ ਮੁੜਦੇ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਬਾਬਾ ਸ਼੍ਰੀ ਚੰਦ ਜੀ ਨੂੰ ਸਮੇਂ-ਸਮੇਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਿਲਣ ਲਈ ਪਹੁੰਚਦੇ ਰਹੇ। ਗੁਰੂ ਸਾਹਿਬ ਉਦਾਸੀ ਸਾਧੂਆਂ ਉਪਰ ਨਦਰਿ-ਕਰਮ ਕਰਦੇ ਰਹੇ। ਉਨ੍ਹਾਂ ਨੇ ਪ੍ਰਚਾਰ ਕੇਂਦਰ ਸਥਾਪਤ ਕਰਵਾਏ। ਇਹ ਰੂਹਾਨੀਅਤ ਤੇ ਵਿਦਿਆ ਦੇ ਕੇਂਦਰ ਸਨ। ਇਥੋਂ ਹੀ ਸਾਧੂ ਵਿਦਿਆ ਲੈ ਕੇ ਗੁਰੂ ਨਾਨਕਮਤ ਦਾ ਪ੍ਰਚਾਰ ਭਾਰਤ ਦੇ ਕੋਨੇ-ਕੋਨੇ ਵਿਚ ਕਰਦੇ ਰਹੇ। ਇਹ ਉਦਾਸੀ ਸਾਧੂ ਅੱਗੇ ਚੱਲ ਕੇ ਦਸਨਾਮੀਏ ਅਖਵਾਏ। ਭਾਵ ਚਾਰ ਧੂਣੇ ਤੇ ਛੇ ਕੇਂਦਰ ਵਾਲੇ ਸਾਧੂ ਦਸਨਾਮੀਏ ਹੋਏ। ਉਨ੍ਹਾਂ ਦੀ ਇਹ ਪ੍ਰਚਾਰ-ਯਾਤਰਾ ਬਿਰਧ ਅਵਸਥਾ ਤੱਕ ਚੱਲਦੀ ਰਹੀ। ਲਗਭਗ 149 ਸਾਲ ਦੀ ਲੰਬੀ ਉਮਰ ਬਤੀਤ ਕਰਨ ਤੋਂ ਬਾਦ 1643 ਈ: ਵਿਚ ਚੰਬੇ ਦੇ ਸਥਾਨ ਉਤੇ ਆਪ ਅਕਾਲ ਚਲਾਣਾ ਕਰ ਗਏ। ਆਪ ਜਿਸ ਸ਼ਿਲਾ ਉਤੇ ਬੈਠ ਕੇ ਰਾਵੀ ਨਦੀ ਪਾਰ ਕਰਦੇ ਸਨ ਜਾਂ ਸਮਾਧੀ ਲਗਾਉਂਦੇ ਹੁੰਦੇ ਸਨ, ਉਹ ਹੁਣ 'ਸਿਲਾ ਸ੍ਰੀ ਚੰਦ ਜੀ ਕੀ' ਦੇ ਨਾਂ ਨਾਲ ਪ੍ਰਸਿੱਧ ਹੈ। ਬਾਬਾ ਸ਼੍ਰੀ ਚੰਦ ਜੀ ਨੇ 'ਆਰਤਾ', 'ਸਹੰਸਰਾ ਨਾਮਾ', 'ਗੁਰਗਾਇਤ੍ਰੀ ਮਾਤ੍ਰਾ' ਬਾਣੀ ਦੀ ਰਚਨਾ ਕੀਤੀ। ਜੋ ਸ਼੍ਰੀ ਚੰਦ ਪ੍ਰਕਾਸ਼ ਗ੍ਰੰਥ 'ਕ੍ਰਿਤ' ਪ੍ਰਤਾਪ ਹਰੀ ਵਿਚ ਦਰਜ਼ ਹੈ। ਆਪ ਦੇ ਨਾਂ ਨਾਲ ਸੰਬੰਧਿਤ 'ਮਾਤ੍ਰਾ' ਦੀ ਰਚਨਾ ਉਦਾਸੀ ਸੰਪਰਦਾਇ ਦੀ ਸਿਧਾਂਤਿਕ ਆਧਾਰ-ਭੂਮੀ ਮੰਨੀ ਜਾਂਦੀ ਹੈ॥

ਬਾਬਾ ਗੁਰਦਿੱਤਾ ਜੀ ਨੇ ਉਦਾਸੀ ਮਤ ਦੇ ਪ੍ਰਚਾਰ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਧੂਣਿਆਂ ਦੀ ਸਥਾਪਨਾ ਕਰਕੇ ਉਨ੍ਹਾਂ ਦੇ ਸੰਚਾਲਨ ਲਈ ਆਪਣੇ ਚਾਰ ਸਿਦਕੀ ਸੇਵਕਾਂ- ਬਾਬਾ ਅਲਮਸਤ, ਬਾਬਾ ਬਾਲੂ ਹਸਨਾ, ਬਾਬਾ ਫੂਲ ਸ਼ਾਹ ਅਤੇ ਬਾਬਾ ਗੋਇੰਦਾ ਨੂੰ ਨਿਯੁਕਤ ਕੀਤਾ। ਇਨ੍ਹਾਂ ਨੇ ਕ੍ਰਮਵਾਰ ਨਾਨਕਮੱਤਾ, ਡੇਰਾਦੂਨ, ਹੈਦਰਾਬਾਦ ਅਤੇ ਬਹਾਦਰਗੜ੍ਹ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਗੁਰੂ ਸਾਹਿਬਾਨ ਵਲੋਂ ਛੇ ਬਖਸ਼ਿਸ਼ਾਂ ਵੀ ਹੋਈਆ, ਜਿਵੇਂ:- (1) ਭਗਤ ਭਗਵਾਨੀਏ ਦਾ ਸੰਚਾਲਕ ਭਗਵਾਨ ਗਿਰੀ ਸਾਧੂ ਸੀ। ਇਸ ਨੇ ਗੁਰੂ ਹਰਿ ਰਾਏ ਜੀ ਪਾਸੋਂ ਬਖਸ਼ਿਸ਼ ਪਾਈ ਤੇ ਪੂਰਬੀ ਭਾਰਤ ਉਤਰ ਪ੍ਰਦੇਸ ਤੇ ਬਿਹਾਰ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। (2) **ਸੁਥਰੇ ਸ਼ਾਹੀਏ** : ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਹੱਥੋਂ ਵਰੋਸਾਏ ਗਏ ਤੇ ਇਨ੍ਹਾਂ ਨੂੰ ਗੁਰੂ ਹਰਿਰਾਏ ਸਾਹਿਬ ਜੀ ਦੇ ਹਜ਼ੂਰੀ ਸਿੱਖ ਹੋਣ ਦਾ ਮਾਣ ਵੀ ਪ੍ਰਾਪਤ ਹੈ। (3) **ਸੰਗਤ ਸਾਹਿਬੀਏ**: ਇਸ ਦੇ ਮੋਢੀ ਭਾਈ ਫੇਰੂ ਜੀ ਸਨ। ਇਨ੍ਹਾਂ 'ਤੇ ਗੁਰੂ ਦੀ ਬਖਸ਼ਿਸ਼ ਗੁਰੂ ਹਰਿਰਾਏ ਤੇ ਗੁਰੂ ਗੋਬਿੰਦ ਸਿੰਘ ਤੋਂ ਹੋਈ। ਇਨ੍ਹਾਂ ਨੇ ਤਹਿਸੀਲ-ਚੂਨੀਆਂ, ਜ਼ਿਲ੍ਹਾ ਲਾਹੌਰ ਨੂੰ ਆਪਣਾ ਪ੍ਰਚਾਰ ਖੇਤਰ ਬਣਾਇਆ। (4) **ਮੀਹਾਂ ਸ਼ਾਹੀਏ** : ਇਨ੍ਹਾਂ ਤੇ ਗੁਰੂ ਤੇਗ ਬਹਾਦਰ ਜੀ ਨੇ ਬਖਸ਼ਿਸ਼ ਕੀਤੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਨਵਾਜਿਆ। ਇਸ ਦੇ ਮੁਖੀ ਰਾਮਦੇਵ ਸਨ। ਇਨ੍ਹਾਂ ਨੇ ਗੁਰੂ ਘਰ ਦਾ ਪ੍ਰਚਾਰ ਬਹੁਤ ਲਗਨ ਨਾਲ ਕੀਤਾ। (5) **ਬਖਤ ਮਲੀਏ**: ਇਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਖਸ਼ਿਸ਼ ਪ੍ਰਾਪਤ ਕੀਤੀ। ਇਨ੍ਹਾਂ ਦਾ ਪ੍ਰਚਾਰ ਕੇਂਦਰ ਕਾਬਲ ਹੈ। ਅਤੇ (6) **ਜੀਤ ਮਲੀਏ** : ਇਨ੍ਹਾਂ ਨੂੰ ਛੇਵੇਂ ਪਾਤਸ਼ਾਹ ਨੇ ਬਖਸ਼ਿਸ਼ ਨਾਲ ਨਿਵਾਜਿਆ। ਇਨ੍ਹਾਂ ਦਾ ਪ੍ਰਚਾਰ ਕੇਂਦਰ ਫਤਹਿਪੁਰ ਮੰਨਿਆਂ ਜਾਂਦਾ ਹੈ। ਇਹ ਸਾਰੀਆਂ ਬਖ਼ਸ਼ਿਸ਼ਾਂ ਇਨ੍ਹਾਂ ਹੀ ਨਾਵਾਂ ਵਾਲੇ ਸਾਧਾਂ ਨਾਲ ਸੰਬੰਧਿਤ ਸਨ ਅਤੇ ਇਨ੍ਹਾਂ ਦੇ ਵੱਖਰੇ-ਵੱਖਰੇ ਪ੍ਰਚਾਰ-ਖੇਤਰ ਸਨ। ਇਸ ਤਰ੍ਹਾਂ ਚਾਰ ਧੂਣਿਆਂ ਅਤੇ ਛੇ ਬਖਸ਼ਿਸ਼ਾਂ ਵਾਲੇ ਇਹ ਦਸ ਸਾਧ 'ਦਸਨਾਮੀ ਸਾਧੂ' ਅਖਵਾਏ। ਸਨਾਤਨੀ ਰਸਮਾਂ ਸਹਿਜੇ-ਸਹਿਜੇ ਇਸ ਸੰਪਰਦਾਇ ਵਿਚ ਪ੍ਰਵੇਸ਼ ਕਰਨ ਲੱਗੀਆਂ ਅਤੇ ਪੰਚ-ਦੇਵ ਉਪਾਸਨਾ (ਬ੍ਰਹਮਾ, ਵਿਸ਼ਣੂ, ਸ਼ਿਵ, ਦੁਰਗਾ ਅਤੇ ਗਣੇਸ਼ ਦੀ ਪੂਜਾ) ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਮੂਲ ਰੂਪ ਵਿਚ ਨਿਰਗੁਣਵਾਦੀ ਉਦਾਸੀ ਸੰਪਰਦਾਇ ਵਿਚ ਸਰਗੁਣ ਉਪਾਸਨਾ ਪ੍ਰਚਲਿਤ ਹੋ ਗਈ।

ਉਨ੍ਹੀਵੀਂ ਸਦੀ ਵਿਚ ਬਾਬਾ ਪ੍ਰੀਤਮ ਦਾਸ ਅਤੇ ਬਾਬਾ ਬਨਖੰਡੀ ਨੇ ਖਿੰਡੀ-ਪੁੰਡੀ ਇਸ ਸੰਪਰਦਾਇ ਨੂੰ ਸੰਗਠਿਤ ਕਰਕੇ ਵੱਡੇ ਅਖਾੜੇ ਦੀ ਸਥਾਪਨਾ ਕੀਤੀ ਅਤੇ ਸਿੰਧ ਪ੍ਰਾਂਤ ਵਿਚ ਸਾਧੂ-ਬੇਲਾ ਕਾਇਮ ਕੀਤਾ। ਚੂੰਕਿ ਇਹ ਦੋਵੇਂ ਮਹੰਤ ਸਰਗੁਣਵਾਦੀ ਰੁਚੀਆਂ ਵਾਲੇ ਬ੍ਰਾਹਮਣ ਸਨ, ਇਸ ਲਈ ਸਗੁਣ-ਉਪਾਸਨਾ ਅਤੇ ਪੰਚ-ਦੇਵ ਉਪਾਸਨਾ ਨੇ ਉਦਾਸੀ ਸੰਪਰਦਾਇ ਵਿਚ ਆਪਣਾ ਦ੍ਰਿੜ੍ਹ ਸਥਾਨ ਬਣਾ ਲਿਆ। ਸੰਨ 1900 ਈ: ਤੱਕ ਪਹੁੰਚ ਕੇ ਇਸ ਸੰਪਰਦਾਇ ਦਾ ਸਿਧਾਂਤਿਕ ਸਰੂਪ ਉਹ ਨਾ ਰਿਹਾ, ਜੋ ਇਸ ਦੇ ਆਰੰਭ ਵੇਲੇ ਸੀ। ਪਰ ਉਦੋਂ ਤੱਕ ਇਹ ਸਿੱਖ-ਪੰਥ ਦੀ ਸ਼ਾਖਾ ਹੀ ਮੰਨੀ ਜਾਂਦੀ ਰਹੀ ਸੀ। ਇਥੋਂ ਗੁਰੂ ਨਾਨਕ ਪੰਥ ਅਤੇ ਉਦਾਸੀ-ਮਤ ਵਿਚ ਇਕ ਬੁਨਿਆਦੀ ਅੰਤਰ ਪੈਦਾ ਹੋ ਗਿਆ। ਉਦਾਸੀ-ਸੰਪਰਦਾਇ ਦੀ ਇਸ਼ਟ-ਭਾਵਨਾ ਬਾਬਾ ਗੁਰਦਿੱਤਾ ਤੱਕ ਤਾਂ ਗੁਰੂ-ਘਰ ਦੇ ਬਹੁਤ ਨੇੜੇ ਹੋ ਕੇ ਚੱਲੀ ਸਿਵਾਏ ਗ੍ਰਹਿਸਥ ਤਿਆਗਣ ਦੇ, ਪਰ ਬਾਅਦ ਵਿਚ ਬ੍ਰਾਹਮਣਵਾਦ ਦੇ ਪ੍ਰਭਾਵ ਕਾਰਣ ਉਸ ਵਿਚ ਪੰਚ-ਦੇਵ ਉਪਾਸਨਾ ਦੀ ਬਿਰਤੀ ਦੇ ਵਿਕਸਿਤ ਹੋ ਜਾਣ 'ਤੇ ਉਦਾਸੀ ਲੋਕ ਸਿੱਖ-ਧਰਮ ਨਾਲੋਂ ਦੂਰ ਹੋ ਗਏ। ਗੁਰਦੁਆਰਾ ਐਕਟ ਸੰਨ 1925 ਦੇ ਪਾਸ ਹੋਣ ਨਾਲ ਸੰਨ 1926 ਈ: ਤੋਂ ਕਾਨੂੰਨੀ ਤੌਰ 'ਤੇ ਉਦਾਸੀ ਸੰਪਰਦਾਇ ਸਿੱਖ-ਧਰਮ ਤੋਂ ਵੱਖ ਘੋਸ਼ਿਤ ਕਰ ਦਿੱਤੀ ਗਈ। ਹੌਲੀ ਹੌਲੀ ਉਦਾਸੀ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਬੰਦ ਹੁੰਦਾ ਗਿਆ।

ਧਾਰਮਿਕ ਖੇਤਰ ਵਿਚ ਉਦਾਸੀ ਸਾਧਾਂ ਨੇ ਇਕ ਨਵੇਂ ਪ੍ਰਕਾਰ ਦੀ ਸਾਧੂ ਸੰਪਰਦਾਇ ਨੂੰ ਜਨਮ ਦਿੱਤਾ, ਜੋ ਵਾਸਤਵ ਵਿਚ ਲੁਪਤ ਹੋਏ ਨਾਥ-ਪੰਥ ਦੀ ਸਥਾਨ-ਪੂਰਤੀ ਕਰਦੀ ਹੈ। ਇਨ੍ਹਾਂ ਸਾਧਾਂ ਵਿਚੋਂ ਕਈ ਜਟਾ-ਧਾਰੀ, ਕਈ ਮੋਨੇ, ਕਈ ਭਸਾਧਾਰੀ ਨਾਗੇ ਹਨ। ਅਧਿਕਤਰ ਗੇਰੂਏ ਬਸਤ੍ਰ ਧਾਰਣ ਕਰਦੇ ਹਨ। ਇਸ ਸੰਪਰਦਾਇ ਨੂੰ ਚਲਾਉਣ ਦਾ ਮੂਲ ਕਾਰਣ ਗੁਰੂ ਨਾਨਕ ਦੇਵ ਦੇ ਮਤ ਦਾ ਪ੍ਰਚਾਰ ਕਰਨਾ ਸੀ। ਸਿੱਖ-ਧਰਮ ਦੇ ਵਿਕਾਸ ਵਿਚ ਇਸ ਸੰਪਰਦਾਇ ਦਾ ਮਹੱਤਵਪੂਰਣ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਸਬੰਧੀ ਦੇਸ਼-ਵਿਦੇਸ਼ ਵਿਚ ਜਿਤਨੇ ਵੀ ਗੁਰੂ-ਧਾਮ ਬਣੇ ਉਨ੍ਹਾਂ ਦੀ ਸਥਾਪਨਾ ਵਿਚ ਉਦਾਸੀ ਸਾਧਾਂ ਦੀ ਮਹੱਤਵਪੂਰਣ ਭੂਮਿਕਾ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸਾਧਾਂ ਨੇ ਗੁਰਮੁਖੀ ਲਿਪੀ ਰਾਹੀਂ ਗੁਰਮਤਿ ਦਾ ਪ੍ਰਚਾਰ ਵੀ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਬੀੜਾਂ ਲਿਖ ਕੇ ਗੁਰੂਧਾਮਾਂ ਵਿਚ ਸਥਾਪਿਤ ਕੀਤੀਆਂ ਅਤੇ ਗੁਰਬਾਣੀ ਦੀ ਮੌਖਿਕ ਅਤੇ ਲਿਖਿਤ ਦੋਹਾਂ ਤਰ੍ਹਾਂ ਦੀ ਵਿਆਖਿਆ ਕੀਤੀ। ਸਾਧਾਂ ਵਿਚ ਹਰੀਆ ਜੀਮ ਆਨੰਦਘਨ, ਅਮੀਰਦਾਸ, ਸੁਖਬਾਸੀ ਰਾਮ, ਸੰਤ ਰੇਣ, ਰਾਮਦਾਸ ਆਦਿ ਨੇ ਅਨੇਕ ਸਾਹਿਤਕ ਰਚਨਾਵਾਂ ਕੀਤੀਆਂ। ਇਨ੍ਹਾਂ ਦਾ ਝੁਕਾ ਸਨਾਤਨ ਧਰਮ ਵੱਲ ਹੋਣ ਕਾਰਣ ਪੰਜਾਬ ਤੋਂ ਬਾਹਰਲੇ ਉਦਾਸੀਆਂ ਵਲੋਂ ਤਿਆਰ ਕੀਤੀਆਂ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਦੀ ਬਿਰਤੀ ਸਨਾਤਮ-ਧਰਮ ਵਾਲੀ ਹੈ। ਲੇਖ ਦੇ ਆਰੰਭ ਵਿਚ ਦਿੱਤੀਆਂ ਸੰਪਰਦਾਵਾਂ ਸਿੱਖ ਪੰਥ ਤੋਂ ਵਖਰੇਵਾਂ ਪੈਦਾ ਕਰ ਚੁੱਕੀਆਂ ਹਨ, ਇੱਕਾ-ਦੁੱਕਾ ਨੂੰ ਛੱਡ ਕੇ ਬਾਕੀ ਸਾਰੀਆਂ ਧਿਰਾਂ ਅੱਜ ਆਪਣਾ ਵੱਖਰਾ ਸਰੂਪ ਤਿਆਰ ਕਰ ਗਈਆਂ ਹਨ। ਸਮੇਂ-ਸਮੇਂ ਰਾਜਨੀਤੀ ਤੇ ਧਰਮ 'ਤੇ ਕਾਬਜ਼ ਲੋਕਾਂ ਨੇ ਆਪਣੇ ਨਿੱਜੀ ਹਿਤਾਂ ਖਾਤਰ ਅਜਿਹੇ ਫੈਸਲੇ ਲਏ, ਜਿਸ ਕਾਰਨ ਗੁਰੂ ਨਾਨਕ ਦੇ ਪੰਥ ਨੂੰ ਵੰਡਣ ਦਾ ਜਤਨ ਕੀਤਾ ਜਾਂਦਾ ਰਿਹਾ ਅਤੇ ਪੰਥਕ ਕਲਾਵਾ ਸੁੰਗੜਦਾ ਗਿਆ ਹੈ। ਅੱਜ ਇਕ ਨਿਸ਼ਾਨ ਤੇ ਇਕ ਵਿਧਾਨ ਦੀ ਪ੍ਰੰਪਰਾ ਨੂੰ ਖੋਰਾ ਲੱਗਾ ਹੈ।

ਬਾਬਾ ਸ੍ਰੀ ਚੰਦ ਜੀ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਪਿੰਡ ਪੱਖੋਕੇ ਪਧਾਰੇ। ਕੁਝ ਸਮਾਂ ਇਥੇ ਰੁਕਣ ਤੋਂ ਬਾਅਦ ਆਪ ਬਾਰਠ ਸਾਹਿਬ ਨੂੰ ਚਲੇ ਗਏ। ਪਿੰਡ ਪੱਖੋਕੇ ਵਿਖੇ ਉਨ੍ਹਾਂ ਦੀ ਯਾਦ ਵਿਚ ਧੂਣਾ ਬਾਬਾ ਸ਼੍ਰੀ ਚੰਦ ਜੀ ਸਥਾਪਤ ਹੈ। ਉਨ੍ਹਾਂ ਦੀ ਯਾਦ ਵਿਚ ਕਈ ਥਾਵਾਂ 'ਤੇ ਅਸਥਾਨ ਬਣੇ ਹਨ, ਜਿਨ੍ਹਾਂ ਵਿਚ ਗੁਰਦੁਆਰਾ ਲੰਗਰ ਮੰਦਰ ਚੋਲਾ ਸਾਹਿਬ ਡੇਰਾ ਬਾਬਾ ਨਾਨਕ, ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਚੰਦੂ ਨੰਗਲ, ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਮੰਡੀ ਸਾਹਿਬ ਡੇਰਾ ਬਾਬਾ ਨਾਨਕ, ਗੁਰਦੁਆਰਾ ਟਾਹਲੀ ਸਾਹਿਬ ਪਿੰਡ ਮੂਲੋਵਾਲੀ ਥੇਹ, ਗੁਰਦੁਆਰਾ ਬਾਬਾ ਸ਼੍ਰੀ ਚੰਦ ਜੀ ਟਾਹਲੀ ਸਾਹਿਬ ਦਾਲਮ ਨੰਗਲ, ਅਲੀਵਾਲ ਨਹਿਰਾਂ ਨੇੜੈ ਨਾਨਕ ਚੱਕ ਵਿਖੇ ਮੰਦਿਰ ਬਾਬਾ ਸ਼੍ਰੀ ਚੰਦ ਜੀ, ਗੁਰਦੁਆਰਾ ਬਾਬਾ ਸ਼੍ਰੀ ਚੰਦ ਜੀ ਪਿੰਡ ਸਰਹਾਲਾ ਨੇੜੇ ਕੱਥੂ ਨੰਗਲ, ਧੂਣਾ ਬਾਬਾ ਸ਼੍ਰੀ ਚੰਦ ਜੀ ਮਾਮੂਲ ਨੇੜੇ ਪਠਾਨਕੋਟ, ਮੰਦਿਰ ਬਾਬਾ ਸ਼੍ਰੀ ਚੰਦ ਜੀ ਚੰਬਾ ਹਿਮਾਚਲ ਪ੍ਰਦੇਸ਼, ਧੂਣਾ ਬਾਬਾ ਸ਼੍ਰੀ ਚੰਦ ਜੀ ਟਾਡਾ ਉੜਮੜ, ਧੂਣਾ ਬਾਬਾ ਸ਼੍ਰੀ ਚੰਦ ਜੀ ਭੀਖੋਵਾਲ, ਗੁਰਦੁਆਰਾ ਬਾਬਾ ਸ਼੍ਰੀ ਚੰਦ ਜੀ ਡੇਰਾ ਚਰਨ ਕਮਲ ਬਹਾਦਰਪੁਰ ਊਨਾ ਰੋਡ, ਧੂਣਾ ਬਾਬਾ ਕ੍ਰਿਪਾਲ ਸਿੰਘ ਹਾਜੀਪੁਰ ਹੁਸ਼ਿਆਰਪੁਰ, ਧੂਣਾ ਬਾਬਾ ਸ਼੍ਰੀ ਚੰਦ ਜੀ ਸਾਂਧਰਾ ਹੁਸ਼ਿਆਰਪੁਰ, ਧੂਣਾ ਬਾਬਾ ਸ਼੍ਰੀ ਚੰਦ ਜੀ ਲੱਸੀ ਤਲਾਬ ਸਾਮਚੋਰਾਸੀ, ਗੁਰਦੁਆਰਾ ਬਾਬਾ ਸ਼੍ਰੀ ਚੰਦ ਜੀ ਨਿਜਾਮਪੁਰਾ ਕਪੂਰਥਲਾ।

# ਹਿਜਰਤਨਾਮਾ 74: ਜੋਗਿੰਦਰ ਸਿੰਘ ਉੱਗੀ

# 'ਅਸੀਂ ਸਰਗੋਧੇ ਦੇ ਜਾਏ ਹਾਂ....'

## ਆਜ਼ਾਦੀ ਦੇ ਓਹਲੇ



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ

92569-73526

(Punjab Mail USA)



"ਨੱਥਾ ਸਿੰਘ, ਸਾਡਾ ਬਾਬਾ ਹੋਇਐ। ਪਹਿਲਾ ਸੰਸਾਰ ਯੁੱਧ ਲੜਿਐ ਉਨ੍ਹਾਂ। ਸੇਵਾ ਬਦਲੇ ਉਨ੍ਹਾਂ ਨੂੰ ਸਰਗੋਧਾ ਦੇ 19 ਚੱਕ ਵਿਚ ਮੁਰੱਬਾ ਅਲਾਟ ਸੀ। ਵੈਸੇ, ਸਾਡਾ ਜੱਦੀ ਪਿੰਡ ਫੁੱਲ-ਲੋਹੀਆਂ ਹੈ। 'ਕਾਲੀ ਲਹਿਰ ਸਿਖ਼ਰ 'ਤੇ ਸੀ, ਜਦ ਬਾਬਾ ਨੱਥਾ ਸਿੰਘ, ਦਾਦੀ ਰਾਧੀ ਸੰਗ 19 ਚੱਕ ਜੋ ਕਿ 25 ਮੁਰੱਬਿਆਂ ਦੀ ਮਾਲਕੀ ਦਾ ਪਿੰਡ ਵੱਜਦਾ, ਪ੍ਰਵਾਸ ਕਰ ਗਏ। ਉਨ੍ਹਾਂ ਘਰ, ਬਾਰ 'ਚ ਹੀ ਸਾਡੇ ਬਾਪ ਤਾਰਾ ਸਿੰਘ ਦਾ ਜਨਮ ਹੋਇਐ। ਪਿਤਾ ਦੀ ਸ਼ਾਦੀ ਉਧਰ ਬਾਰ ਵਿਚ ਹੀ ਬੀਬੀ ਤੇਜ ਕੌਰ ਨਾਲ ਹੋਈ। ਉਨ੍ਹਾਂ ਘਰ ਸੱਤ ਪੁੱਤਰਾਂ ਦਰਜ਼ਾ-ਬ-ਦਰਜ਼ਾ ਸਰਬਜੀਤ ਸਿੰਘ, ਮਹਿੰਦਰ ਸਿੰਘ, ਮੈਂ ਜੋਗਿੰਦਰ ਸਿੰਘ, ਮੋਹਣ ਸਿੰਘ, ਬਲਵੀਰ ਸਿੰਘ, ਕੇਹਰ ਸਿੰਘ, ਭਜਨ ਸਿੰਘ ਨੇ ਜਨਮ ਲਿਆ। ਸਭੋ ਲਾਠੀਆਂ ਵਰਗੇ, ਸਰਗੋਧੇ ਦੇ ਜਾਏ। ਭੈਣ ਸਾਡੇ ਕੋਈ ਨਾ।

ਸਾਡੇ ਗੁਆਂਢੀ ਪਿੰਡ ਚੱਕ 13, 16 ਅਤੇ ਉੱਘੀ ਗਾਇਕਾ ਨਰਿੰਦਰ ਬੀਬਾ ਦਾ 15 ਚੱਕ ਵੱਜਦਾ। 'ਟੇਸ਼ਣ ਸਾਨੂੰ ਸਿੱਲ੍ਹਾਂਵਾਲੀ ਲੱਗਦਾ।

ਪਿੰਡ ਦਾ ਚੌਧਰੀ ਲੰਬੜਦਾਰ ਕਰਮ ਸਿੰਘ ਜੱਟ ਸਿੱਖ, ਸੁਣੀਂਦਾ। ਉਸ ਦਾ ਪਿਛਲਾ ਪਿੰਡ ਚੋਮੋ-ਆਦਮਪੁਰ ਸੀ। ਸਾਡਾ ਬਾਬਾ ਨੱਥਾ ਸਿੰਘ ਵੀ ਚੌਧਰੀਆਂ ਵਿਚ ਸ਼ੁਮਾਰ ਹੁੰਦਾ। ਪਿੰਡ ਦੇ ਝਗੜੇ ਪਿੰਡ ਦੀ ਸੱਥ ਵਿਚ ਹੀ ਸੁਲਝਾ ਲੈਂਦੇ। ਮਾਧੋ, ਝੰਡਾ ਅਤੇ ਚੇਤ ਸਿੰਘ ਪਿੰਡ ਦੇ ਕਾਮੇ ਹੁੰਦੇ।

ਢਪੱਈ-ਕਪੂਰਥਲਾ ਤੋਂ ਮੁਣਸ਼ੀ ਵਗੈਰਾ ਝੀਰ ਸਨ, ਜੋ ਪਾਣੀ ਢੋਣ, ਵਿਆਹ-ਸ਼ਾਦੀਆਂ ਭੁਗਤਾਉਣ, ਭੱਠੀ 'ਤੇ ਦਾਣੇ ਭੁੰਨਣ ਦੇ ਨਾਲ-ਨਾਲ ਵਿਹਲ ਮੁਤਾਬਿਕ ਦਿਹਾੜੀ-ਲੱਪਾ ਵੀ ਕਰ ਲੈਂਦੇ। ਰੌਲਿਆਂ ਉਪਰੰਤ ਮੁੜ ਇਧਰ ਆ ਕੇ ਖੂਹੀਆਂ ਪੁੱਟਣ ਦਾ ਕੰਮ ਵੀ ਕਰਦੇ ਰਹੇ ਉਹ। ਕੱਪੜੇ ਧੋਣ ਲਈ ਮੁਸਲਮਾਨ ਧੋਬੀ ਸ਼ਮੀਲ ਹੁੰਦਾ। ਇਹ ਕਾਮੇ ਕਿਸਾਨਾਂ ਪਾਸੋਂ ਹਾੜ੍ਹੀ ਸਾਉਣੀ ਲੈਣ ਦੇ ਨਾਲ-ਨਾਲ, ਖੇਤਾਂ 'ਚੋਂ ਪੱਠਾ ਦੱਥਾ, ਸਬਜ਼ੀ-ਭਾਜੀ ਲੈ ਜਾਂਦੇ। ਖੁਸ਼ੀ-ਗ਼ਮੀ ਵਿਚ ਸਰਦੇ ਘਰ ਉਂਜ ਉਨ੍ਹਾਂ ਦੀ ਮਾਇਕ ਮਦਦ ਕਰਦੇ।

ਪਿੰਡ ਵਿਚ ਕੰਬੋਜ ਸਿੱਖਾਂ ਦਾ ਘਰ ਕੇਵਲ ਸਾਡਾ ਹੀ। ਜ਼ਿਆਦਾ ਗਿਣਤੀ ਸੈਣੀ ਅਤੇ ਮਹਿਤੋ ਸਿੱਖਾਂ ਦੀ। ਕੋਈ 3-3, 4-4, ਘਰ ਕਾਮੇ ਲੋਕਾਂ ਦੇ। ਇਨ੍ਹਾਂ ਕਾਮਿਆਂ ਵਿਚ ਕੁੱਝ ਮੁਸਲਿਮ ਪਰਿਵਾਰ ਵਿਚੋਂ ਸਨ। ਉਨ੍ਹਾਂ ਦੀਆਂ ਬੀਬੀਆਂ ਸਾਡੇ ਘਰ ਕੰਮ ਵਿਚ ਹੱਥ ਵਟਾ ਦਿੰਦੀਆਂ। ਉਨ੍ਹਾਂ ਦੇ, ਮੇਰੇ ਹਮਉਮਰ ਬੱਚੇ ਅਕਸਰ ਮੇਰੇ ਨਾਲ ਖੇਡਦੇ ਰਹਿੰਦੇ। ਪਰ ਇਸ ਵਕਤ ਮੈਨੂੰ ਹੁਣ ਉਨ੍ਹਾਂ ਦੇ ਨਾਮ ਯਾਦ ਨਾ।

ਬਾਰ ਦੇ ਚੱਕ 19 'ਚ, ਖ਼ੂਹ ਇੱਕ ਹੀ ਹੁੰਦਾ। ਉਸ ਦਾ ਪਾਣੀ ਖ਼ਾਰਾ ਸੀ, ਜੋ ਨਹਾਉਣ ਧੋਣ ਲਈ ਵਰਤਦੇ। ਸੋ ਪੀਣ ਲਈ ਨਹਿਰ ਦਾ ਪਾਣੀ ਹੀ ਚੁਬੱਚਿਆਂ 'ਚ ਭਰ ਸਾਫ਼ ਕਰ, ਪੀ ਲੈਂਦੇ।

ਗੋਰੇ ਨੇ ਇਕ ਇਹ ਕੰਮ ਖ਼ਾਸ ਕੀਤਾ ਕਿ ਉਨ੍ਹਾਂ ਪਿੰਡ ਦੇ ਕਾਮੇ ਲੋਕਾਂ, ਗ੍ਰੰਥੀ ਸਿੰਘ ਤੱਕ ਵੀ 5-5 ਏਕੜ ਕੱਚੀ ਜ਼ਮੀਨ ਅਲਾਟ ਕੀਤੀ ਹੋਈ ਸੀ। ਇਸ ਬਦਲੇ ਉਨ੍ਹਾਂ ਨੂੰ ਕਿਸ਼ਤਾਂ ਵਿਚ ਕੁੱਝ ਰਕਮ ਅਦਾ ਕਰਨੀ ਪੈਂਦੀ। ਉਸ ਉਪਰੰਤ ਹੀ ਇੰਤਕਾਲ ਉਨ੍ਹਾਂ ਦੇ ਨਾਮ ਪੁਰ ਹੁੰਦਾ। ਇਸ ਤਰ੍ਹਾਂ ਜਿਨ੍ਹਾਂ ਜ਼ਮੀਨਾਂ ਦੀ ਕੀਮਤ ਤਾਰਤੀ, ਉਨ੍ਹਾਂ ਨੂੰ ਬਦਲੇ ਵਿਚ ਇਧਰ ਆਣ 'ਤੇ ਜ਼ਮੀਨ ਅਲਾਟ ਹੋ ਗਈ। ਤੇ ਬਾਕੀ ਕਾਮੇ ਉਂਜ ਹੀ ਹਰਿ ਗਏ।

ਸਕੂਲ, ਚੱਕ ਵਿਚ ਚੌਥੀ ਤੱਕ ਸੀ। ਮੇਰੇ ਵੱਡੇ ਭਰਾ ਸਕੂਲ ਜਾਂਦੇ ਰਹੇ ਪਰ ਮੈਨੂੰ ਕਿਸੇ ਨਾ ਖੜ੍ਹਿਆ। ਭਲੇ ਮੈਂ ਹੱਲਿਆਂ ਵੇਲੇ ਕੋਈ ਦਸਵੇਂ ਵਰ੍ਹੇ 'ਚ ਹੋਵਾਂਗਾ।

ਝਨਾਂ ਬਰਾਂਚ ਨਹਿਰ ਪਿੰਡ ਵਿਚ ਖਹਿ ਕੇ ਲੰਘਦੀ, ਖੇਤਾਂ ਨੂੰ ਸੈਰਾਬ ਕਰਦੀ। ਫਸਲਾਂ ਦੀ ਸਾਵੀ ਭਾਅ ਦਿਲ ਨੂੰ ਭਾਉਂਦੀ। ਸੂਰ ਵਰਗੇ ਉੱਚੇ-ਲੰਮੇ ਕਮਾਦ ਅਤੇ ਨਰਮੇ ਹਵਾ ਚੱਲਦੀ ਤਾਂ ਦਨਦਨਾਉਂਦੇ, ਕਲੋਲਾਂ ਕਰਦੇ ਕਿਸੇ ਲਗਰ ਵਰਗੀ ਨਖ਼ਰੇ ਪੱਟੀ ਮੁਟਿਆਰ ਵਾਂਗ ਸੋਂਹਦੇ।

ਕਣਕ, ਕਮਾਦ, ਨਰਮਾ ਜਿਣਸ ਵਾਹਵਾ ਹੁੰਦੀ। ਪਿਤਾ ਜੀ ਗੱਡੇ ਲੱਦ ਕੇ ਸਰਗੋਧਾ ਮੰਡੀ ਵਿਚ ਵੇਚ ਆਉਂਦੇ।

ਇਹ ਕਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਭਾਰਤ ਦੀ ਵੰਡ ਹੋਵੇਗੀ, ਉਜਾੜੇ, ਹੱਲੇ ਪੈਣਗੇ। ਉਥੋਂ ਉੱਠਣਾ ਪਵੇਗਾ।

ਹੌਲੀ-ਹੌਲੀ ਹੱਲਿਆਂ ਦੀਆਂ ਖ਼ਬਰਾਂ ਉੱਚੀਆਂ ਉੱਠਣ ਲੱਗੀਆਂ। ਮਾਰ-ਧਾੜ, ਅੱਗਜ਼ਨੀ ਮਾਨੋ ਸੂਲੀ ਟੰਗੇ ਪਹਿਰ ਹੁੰਦੇ। ਪਿੰਡ ਵਿਚ ਵੀ ਹਲਚਲ ਸ਼ੁਰੂ ਹੋਈ। ਲੋਕ ਢਾਣੀਆਂ 'ਚ ਬੈਠੇ ਗੱਲਾਂ ਕਰਦੇ ਕਿ ਪਾਕਿਸਤਾਨ ਬਣੇਗਾ, ਇਥੋਂ ਹੁਣ ਉਠਣਾ ਪਵੇਗਾ। ਅਖ਼ੀਰ ਉਹ ਦਿਨ ਵੀ ਆਣ ਢੁੱਕਾ। ਪਿੰਡ ਦੇ ਚੁਰੱਸਤੇ ਵਿਚ ਸਾਰੇ ਲੋਕ 'ਕੱਠੇ ਹੋ ਗਏ। ਬਜ਼ੁਰਗਾਂ ਨਾਲ ਸਹਿਚਾਰਾ ਰੱਖਦੇ, ਗੁਆਂਢੀ ਪਿੰਡ ਦੇ ਭੱਟੀ ਮੁਸਲਿਮ ਚੌਧਰੀਆਂ ਸਾਨੂੰ ਝਨਾਂ ਦਰਿਆ ਪਾਰ ਕਰਾਇਆ। ਸਰਗੋਧਾ ਦੇ ਰਫਿਊਜੀ ਕੈਂਪ ਜੋ ਦਾਣਾ ਮੰਡੀ ਵਿਚ ਬਣਿਆਂ ਹੋਇਆ ਸੀ, ਪਹੁੰਚੇ। ਇਥੇ ਰਾਤਾਂ ਨੂੰ ਬੁਰੇ ਖਿਆਲ ਆਉਣ ਕਿ ਪਹਿਲਾਂ ਬਜ਼ੁਰਗ ਜਿਣਸ ਵੇਚਣ ਆਉਂਦੇ ਸਨ ਤੇ ਹੁਣ ਖ਼ੁਦ ਨੂੰ ਵੇਚਣ ਆਏ ਹਾਂ। ਪਰ ਅਫ਼ਸੋਸ ਕਿ 'ਜਿਹੇ ਹਾਲਾਤਾਂ ਵਿਚ ਕੋਈ ਖ਼ਰੀਦਦਾਰ ਨਹੀਂ ਹੈ।

ਕਰੀਬ ਇਕ ਹਫ਼ਤੇ ਬਾਅਦ ਮੌਤ ਨੂੰ ਘਚਾਨੀਆਂ ਦਿੰਦੇ ਅਸੀਂ ਸਾਰਾ ਟੱਬਰ ਰੇਲ ਗੱਡੀ ਰਾਹੀਂ ਲਾਹੌਰ-ਅੰਮ੍ਰਿਤਸਰ-ਜਲੰਧਰ ਹੁੰਦੇ ਹੋਏ, ਫੁੱਲ ਪਿੰਡ ਦੀ ਬਜਾਏ ਚੋਮੋ ਪਿੰਡ-ਆਦਮਪੁਰ ਪਹੁੰਚੇ। ਜਿਸ ਗੱਡੀ ਵਿਚ ਆਏ, ਉਸ ਦੀਆਂ ਲਹੂ ਨਾਲ ਲਿਬੜੀਆਂ ਸੀਟਾਂ ਕਿਸੀ ਬੀਤ ਚੁੱਕੀ ਭਿਆਨਕ ਘਟਨਾ ਦੀ ਗਵਾਹੀ ਭਰਦੀਆਂ ਸਨ। ਚੋਮੋ ਪਿੰਡ ਜਾਣ ਦੀ ਵਜ੍ਹਾ ਇਹ ਸੀ ਕਿ ਚੌਧਰੀ ਕਰਮ ਸਿੰਘ ਲੰਬੜਦਾਰ ਨੇ ਹੀ ਬਜ਼ੁਰਗਾਂ 'ਤੇ ਦਬਾਅ ਪਾਇਆ ਕਿ ਸਾਡਾ ਪਰਿਵਾਰ ਉਨ੍ਹਾਂ ਦੇ ਨਾਲ ਹੀ ਚੱਲ ਪਏ। ਬਾਬਾ ਜੀ, ਦਾਦੀ ਜੀ ਗੱਡਿਆਂ ਦੇ ਕਾਫ਼ਲੇ ਨਾਲ ਕੋਈ ਮਹੀਨਾ ਖੰਡ ਪੱਛੜ ਕੇ ਆਏ। ਉਥੇ ਮੁਸਲਮਾਨਾਂ ਵਲੋਂ ਛੱਡਿਆ ਇਕ ਖੂਹ ਅਤੇ ਇੱਕ ਘਰ ਅਸਾਂ ਆਰਜੀ ਕਬਜ਼ੇ ਵਿਚ ਕਰ ਲਿਆ। ਸਾਲ ਕੁ ਬਾਅਦ ਕੱਚੀ ਪਰਚੀ ਪਿੰਡ ਉੱਗੀ (ਜਲੰਧਰ) ਰਸੂਲਪੁਰ ਵੰਨੀ ਪਈ। ਫਿਰ ਦੋ ਕੁ ਸਾਲ ਬਾਅਦ ਉੱਗੀ ਪਿੰਡ ਹੀ ਰਹੀਮਪੁਰ ਵੰਨੀ ਪੱਕੀ ਪਰਚੀ ਪਈ। ਸਾਡੇ ਉਧਰ ਡੇਢ ਮੁਰੱਬੇ 'ਚੋਂ ਕੱਟ ਕਟਾ ਕੇ 28 ਏਕੜ ਜ਼ਮੀਨ ਅਲਾਟ ਹੋਈ ਸਾਨੂੰ। ਮਾਰੂ ਵਾਲੀ 50 ਪੈਸੇ, ਖੂਹ ਵਾਲੀ ਦੀ ਇੱਕ ਰੁਪਏ ਕੀਮਤ ਪਈ। ਜਦਕਿ ਉਧਰ ਬਾਰ 'ਚ ਛੱਡੀ ਜ਼ਮੀਨ ਦੀ ਕੀਮਤ ਸਵਾ ਰੁਪਏ ਆਂਕੀ ਗਈ। ਉਧਰ ਏਕੜ 40×40 ਕਰਮਾਂ ਦਾ ਸੀ, ਬਦਲੇ 'ਚ ਇਧਰ 40×36 ਕਰਮਾਂ ਦਾ ਏਕੜ ਮਿਲਿਆ।

ਮੇਰੀ ਸ਼ਾਦੀ ਪਟਿਆਲਾ ਦੀ ਸਰਦਾਰਨੀ ਗੁਰਨਾਮ ਕੌਰ ਨਾਲ ਹੋਈ। ਉਹ ਵੀ ਸਾਡੇ ਵਾਂਗ ਰਫਿਊਜੀ ਪਰਿਵਾਰ ਸੀ। ਮੇਰਾ ਬੇਟਾ ਕੁਲਵੀਰ ਸਿੰਘ ਜਿੱਥੇ ਨਜ਼ਦੀਕ ਪਿੰਡ ਆਧੀ ਦੇ ਸਰਕਾਰੀ ਹਾਈ ਸਕੂਲ ਵਿਚ ਸਾਇੰਸ ਮਾਸਟਰ ਹੈ। ਉਥੇ ਬੇਟੀ ਪਰਮਿੰਦਰ ਕੌਰ ਫੁੱਲ-ਲੋਹੀਆਂ ਆਪਣੇ ਘਰ ਰਾਜ਼ੀ ਬਾਜ਼ੀ ਹੈ। ਹੁਣ ਮੈਂ ਅਤੇ ਸਰਦਾਰਨੀ ਆਪਣੇ ਪੁੱਤ ਪੋਤਿਆਂ ਦੀ ਬਾਲ ਫੁਲਵਾੜੀ ਵਿਚ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਹੇ ਆਂ। ਆਹ ਕੰਮ ਤਾਂ ਪੁੱਤਰਾਂ ਤੂੰ ਚੰਗਾ ਕਰ ਚੱਲਿਐਂ ਕਿ ਕਾਲੇ ਇਤਿਹਾਸ ਦੀ ਤਾਰੀਖ਼ ਲਿਖ ਕੇ ਮੈਨੂੰ ਭਾਰ ਮੁਕਤ ਕਰ ਦਿੱਤੈ।"

---

# "ਘੱਟ ਉਮਰ 'ਚ ਭੁੱਲ ਜਾਣ ਦਾ" ਵਧਿਆ ਅੰਕੜਾ

ਅਨਿਲ ਧੀਰ

ਬਰੈਂਟਪਨ, ਕੈਨੇਡਾ

647-853-5800

healthmedia1@hotmail.com


(Punjab Mail USA)



**"ਅਲਜ਼ਾਈਮਰ ਅਤੇ ਡਿਮੈਂਸ਼ੀਆ ਬਾਰੇ ਜਾਗਰੂਕ ਹੋਵੋ" ਯਾਦਾਸ਼ਤ ਨਾਲ ਜੁੜੀ ਆਮ ਸਮੱਸਿਆ ਅਲਜ਼ਾਈਮਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਅੱਜ ਚੈਲੇਂਜ ਬਣਦਾ ਜਾ ਰਿਹਾ ਹੈ। ਵਿਸ਼ਵ ਅਲਜ਼ਾਈਮਰ ਮਹੀਨੇ ਦਾ ਮਕਸਦ ਹੈ ਹਰ ਪੱਧਰ 'ਤੇ ਜਾਗਰੂਕਤਾ"- ਅਨਿਲ ਧੀਰ**

ਵਿਸ਼ਵ ਭਰ ਵਿਚ ਸਤੰਬਰ 2023 ਨੂੰ ਵਿਸ਼ਵ ਅਲਜ਼ਾਈਮਰ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਉਦੇਸ਼ ਅਲਜ਼ਾਈਮਰ ਬਾਰੇ ਜਾਗਰੂਕਤਾ ਨੂੰ ਵਧਾਉਣਾ ਅਤੇ ਇਸ ਕਲੰਕ ਨੂੰ ਲਗਾਤਾਰ ਚੁਣੌਤੀ ਦੇਣਾ ਹੈ। ਅਲਜ਼ਾਈਮਰ ਰੋਗ ਦਿਮਾਗੀ ਕਮਜ਼ੋਰੀ ਦੀ ਇੱਕ ਕਿਸਮ ਹੈ, ਜੋ ਯਾਦਾਸ਼ਤ, ਸੋਚ ਅਤੇ ਵਿਵਹਾਰ ਵਿਚ ਅੱਜ ਬੇਸ਼ੁਮਾਰ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ। ਇਨਸਾਨ ਦੀ ਕੋਈ ਬਿਮਾਰੀ ਅਤੇ ਵੱਧ ਰਹੀ ਉਮਰ ਦੇ ਨਾਲ-ਨਾਲ ਡੇਲੀ ਰੂਟੀਨ ਵਿਚ ਇਸਦੇ ਦਖਲ ਨਾਲ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਸ਼ਵ ਭਰ ਵਿਚ ਇਹ ਦਿਮਾਗੀ ਕਮਜ਼ੋਰੀ ਦਾ ਅੰਕੜਾ ਅੰਦਾਜਨ 72-86% ਪਹੁੰਚ ਗਿਆ ਹੈ।

ਅਲਜ਼ਾਈਮਰ ਦੇ ਰੋਗੀ, ਜੋ 2030 ਤੱਕ 66 ਮਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਜ ਮੌਤ ਦਾ ਛੇਵਾਂ ਕਾਰਨ ਅਤੇ ਪਿਛਲੇ 18 ਸਾਲ ਵਿਚ ਅਲਜ਼ਾਈਮਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਲਗਭਗ 146% ਵਾਧਾ ਹੋਇਆ ਹੈ। ਜ਼ਰੂਰੀ ਨਹੀਂ ਬਜ਼ੁਰਗ ਪੀੜਿਤ ਹਨ, ਲਗਭਗ 200,000 ਅਮਰੀਕੀ 65 ਸਾਲ ਤੋਂ ਘੱਟ ਉਮਰ ਵਿਅਕਤੀ ਸ਼ਿਕਾਰ ਹਨ। ਸ਼ੁਰੂਆਤੀ ਅਲਜ਼ਾਈਮਰ ਰੋਗ 30 ਤੋਂ 60 ਸਾਲ ਦੀ ਉਮਰ ਵਿਚ ਦੇਖਿਆ ਜਾ ਰਿਹਾ ਹੈ। ਅਲਜ਼ਾਈਮਰ ਦੀ ਆਮ ਹਾਲਤ ਵਿਚ ਵਿਅਕਤੀ ਰੋਜ਼ ਦੇ ਕੰਮ ਯਾਨਿ ਸਵਾਲ ਵਾਰ-ਵਾਰ ਕਰਨ ਤੋਂ ਲੈ ਕੇ ਗੱਲਾਂ ਨੂੰ ਛੇਤੀ ਭੁੱਲਣ ਲੱਗ ਪੈਂਦਾ ਹੈ। ਦੂਸਰੀ ਹਾਲਤ ਵਿਚ ਬਿਮਾਰੀ ਨਾਲ ਪੀੜਤਾਂ ਨੂੰ ਪਰਿਵਾਰ ਦੇ ਮੈਂਬਰ ਅਤੇ ਦੋਸਤਾਂ ਦੀ ਪਛਾਣ ਕਰਨ 'ਚ ਮੁਸ਼ਕਲ ਆਉਣੀ ਸ਼ੁਰੂ ਹੋ ਜਾਂਦੀ ਹੈ। ਯਾਦਾਸ਼ਤ ਘਟਣ ਨਾਲ ਰੋਗੀ ਕਨਫਿਊਜ਼ ਰਹਿੰਦਾ ਹੈ। ਇਸ ਹਾਲਤ ਵਿਚ ਪਰਸਨਲ ਕੰਮ ਜਿਵੇਂ ਮੂੰਹ ਧੋਣਾ, ਟੂਥ-ਬਰੱਸ਼ ਕਰਨਾ, ਖਾਣਾ-ਪੀਣਾ ਅਤੇ ਕੱਪੜੇ ਬਦਲਣ ਵਗੈਰਾ ਵਿਚ ਵੀ ਮੁਸ਼ਕਲ ਆ ਸਕਦੀ ਹੈ। ਗੰਭੀਰ ਅਲਜ਼ਾਈਮਰ ਰੋਗ ਦੀ ਅਗਲੀ ਹਾਲਤ ਵਿਚ ਦਿਮਾਗੀ-ਸਿਸਟਮ ਜ਼ਿਆਦਾ ਕਮਜ਼ੋਰ ਹੋ ਜਾਣ ਕਰਕੇ ਦਿਮਾਗ ਦੇ ਟਿਸ਼ੂ,




ਸੈਲਜ਼ ਸੁੰਗੜ ਜਾਂਦੇ ਹਨ। ਬ੍ਰੇਨ-ਸਰਕੂਲੇਸ਼ਨ ਘੱਟ ਜਾਂ ਖਤਮ ਦੀ ਹਾਲਤ ਰੋਗੀ ਬੈਡ ਰਿਡਨ ਹੋ ਜਾਂਦਾ ਹੈ। ਆਪਣੇ-ਆਪ ਕੁੱਝ ਕਰਕੇ ਰੋਗੀ ਦੀ ਨਿਰਭਰਤਾ ਵੱਧ ਜਾਂਦੀ ਹੈ।

ਅਲਜ਼ਾਈਮਰ ਬਿਮਾਰੀ ਦਾ ਅਸਲ ਕਾਰਨ ਵਿਗਿਆਨੀ ਅਜੇ ਤੱਕ ਸਮਝ ਨਹੀਂ ਪਾ ਰਹੇ ਹਨ। ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜੈਨੇਟਿਕ ਬਦਲਾਅ ਵੀ ਕਾਰਨ ਹੋ ਸਕਦਾ ਹੈ। ਅਲਜ਼ਾਈਮਰ ਦੀ ਅਗਲੀ ਸਟੇਜ਼ 'ਚ ਦਿਮਾਗ ਅੰਦਰ ਹੋਣ ਵਾਲੇ ਗੁੰਝਲਦਾਰ ਪਰਿਵਰਤਨ ਅਤੇ ਲਗਾਤਾਰ ਬਦਲ ਰਿਹਾ ਲਾਈਫਸਟਾਈਲ ਮੰਨਿਆ ਜਾ ਰਿਹਾ ਹੈ। ਅਲਜ਼ਾਈਮਰ ਦੇ ਵਿਕਾਸ ਦੇ ਖਤਰੇ ਨੂੰ ਵਧਾਉਣ ਵਿਚ ਬ੍ਰੇਨ ਸੈਲਜ਼, ਟਿਸ਼ੂ ਦੀ ਵੱਖ-ਵੱਖ ਤਰੀਕੇ ਨਾਲ ਬਦਲਦੀ ਹੋਈ ਕ੍ਰਿਆ ਹੋ ਸਕਦੀ ਹੈ। ਵਿਗਿਆਨੀ ਦਿਮਾਗ ਅਤੇ ਸਰੀਰ ਦੇ ਤਰਲ ਪਦਾਰਥਾਂ ਵਿਚ ਤਬਦੀਲੀਆਂ ਬਾਰੇ ਸਟੱਡੀ ਦੁਆਰਾ ਅਲਜ਼ਾਈਮਰ ਦੇ ਪੈਦਾ ਹੋਣ ਵਾਲੇ ਲੱਛਣਾਂ ਨੂੰ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਔਪਲੀਪੋਪ੍ਰੋਟੀਨ ਈ ਜੀਨ ਦਾ ਇੱਕ ਰੂਪ ਹੋਣਾ ਸਰੀਰ ਅੰਦਰ ਖਤਰੇ ਨੂੰ ਵਧਾ ਰਹੀ ਹੈ। ਉਮਰ ਨਾਲ ਜੁੜੀਆਂ ਤਬਦੀਲੀਆਂ 'ਚ ਦਿਮਾਗ ਦੇ ਕੁੱਝ ਹਿੱਸੇ ਸਿੰਗੁੜ (ਐਟਰੋਫੀ) ਜਾਣ ਨਾਲ, ਨਾੜੀਆਂ ਦੀ ਕ੍ਰਿਆ ਬਿਗੜ ਜਾਂਦੀ ਹੈ। ਪੂਰਾ ਡੀ.ਐੱਨ.ਏ. ਗਰੁੱਪ ਜੋ ਕਿਸੇ ਵਿਅਕਤੀ ਦੇ ਦੇਰ ਨਾਲ ਹੋਣ ਵਾਲੇ ਅਲਜ਼ਾਈਮਰ ਦੇ ਖਤਰੇ ਨੂੰ ਵੱਖ-ਵੱਖ ਡਿਗਰੀਆਂ ਵਿਚ ਵਧਾ ਜਾਂ ਘਟਾ ਸਕਦਾ ਹੈ। ਵੱਧ ਰਹੀ ਅਲਜ਼ਾਈਮਰ ਦੀ ਸਮੱਸਿਆ ਅੱਜ ਬੌਧਿਕ ਗਿਰਾਵਟ ਨਾਲ ਜੁੜੇ ਰੋਗ-ਸਟ੍ਰੋਕ, ਹਾਈ-ਬਲੱਡ ਪ੍ਰੈਸ਼ਰ, ਮੋਟਾਪਾ ਅਤੇ ਡਾਇਬੀਟੀਜ਼ ਵੀ ਜ਼ਿੰਮੇਵਾਰ ਹੋ ਸਕਦੇ ਹਨ। ਦਿਮਾਗ ਦੀ ਵੱਧ ਰਹੀ ਉਮਰ ਅਤੇ ਬਿਮਾਰੀ ਦੇ ਅਸਲ ਕਾਰਨ ਲਈ ਰਿਸਰਚ ਜ਼ਾਰੀ ਹੈ।

- ਘੱਟ ਉਮਰ 'ਚ ਛੇਤੀ ਭੁੱਲ ਜਾਣ ਦੀ ਸਮੱਸਿਆ ਲਈ ਸਰੀਰਕ-ਮਾਨਸਿਕ ਐਕਸਰਸਾਈਜ਼, ਪੌਸ਼ਟਿਕ ਖੁਰਾਕ, ਸੋਸ਼ਲ ਗਤੀਵਿਧੀਆਂ, ਆਤਮ ਵਿਸ਼ਵਾਸ, ਸਮੇਂ-ਸਮੇਂ 'ਤੇ ਮੈਡੀਕਲ ਚੈੱਕਅਪ ਅਤੇ ਬਿਮਾਰੀਆਂ ਦੇ ਪ੍ਰੋਪਰ ਇਲਾਜ਼ ਨਾਲ ਅਲਜ਼ਾਈਮਰ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਅਲਜ਼ਾਈਮਰ ਤੋਂ ਬਚਾਅ ਲਈ ਗਲੋਬਲ ਐਕਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਹੈਲਦੀ ਲਾਈਫਸਟਾਈਲ, ਵਾਤਾਵਰਣ ਅਤੇ ਬਿਮਾਰੀਆਂ ਤੋਂ ਬਚਾਅ ਦੇ ਤਰੀਕੇ ਅਲਜ਼ਾਈਮਰ ਦਾ ਵਿਕਾਸ ਘਟਾਉਣ ਵਿਚ ਭੂਮਿਕਾ ਨਿਭਾ ਸਕਦੇ ਹਨ।
- ਅਲਜ਼ਾਈਮਰ ਦੀ ਜਾਂਚ ਲਈ ਕਲੀਨਿਕ ਟਰਾਇਲ ਦੁਆਰਾ "ਸੰਭਾਵਤ ਅਲਜ਼ਾਈਮਰ ਡਿਮੇਨਸ਼ੀਆ" ਰੋਗੀ ਅਤੇ ਪੂਰੇ ਪਰਿਵਾਰ ਦੀ ਸਮੁੱਚੀ ਸਿਹਤ, ਵਧੇਰੇ ਦਵਾਈਆਂ ਦੀ ਵਰਤੋਂ, ਖੁਰਾਕ, ਪਿਛਲੇ ਮੈਡੀਕਲ ਸਮੱਸਿਆਵਾਂ, ਡੇਲੀ ਗਤੀਵਿਧੀਆਂ ਕਰਨ ਦੀ ਯੋਗਤਾ, ਪੌਜ਼ੀਟਿਵ ਸੋਚ, ਮਾਨਸਿਕ ਵਿਵਹਾਰ ਵਿਚ ਤਬਦੀਲੀ ਬਾਰੇ ਜਾਂਚ, ਮੈਡੀਕਲ ਟੈਸਟ-ਐੱਮ.ਆਰ.ਆਈ., ਸੀ.ਟੀ.ਸੀ., ਪੀ.ਈ.ਟੀ., ਵਗੈਰਾ ਨਾਲ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ।
- ਅੰਤਰਰਾਸ਼ਟਰੀ ਪੱਧਰ ਤੰਦਰੁਸਤੀ ਲਈ ਤੇ ਅਲਜ਼ਾਈਮਰ ਦੀ ਕਲੀਨਿਕਲ ਖੋਜ, ਇਲਾਜ, ਰੋਕਥਾਮ ਅਤੇ ਸਮਝਣ ਲਈ ਵਲੰਟੀਅਰਾਂ ਦੇ ਸਹਿਯੋਗ ਦੀ ਲੋੜ ਹੈ।
- ਸਿਗਰੇਟ ਜਾਂ ਤਮਾਕੂਨੋਸ਼ੀ ਅਤੇ ਜ਼ਿਆਦਾ ਅਲਕੋਹਲ ਇਸਤੇਮਾਲ ਕਰਨ ਵਾਲੇ ਦਿਮਾਗੀ ਕਮਜ਼ੋਰੀ, ਸ਼ੂਗਰ, ਸਟ੍ਰੋਕ ਅਤੇ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦੇ ਨਾਲ ਅਲਜ਼ਾਈਮਰ ਦਾ ਵੀ ਖਤਰਾ ਵਧਾ ਰਹੇ ਹਨ। ਤੰਦਰੁਸਤੀ ਲਈ ਜੰਕ ਫੂਡ, ਜ਼ਿਆਦਾ ਸ਼ੂਗਰ, ਅਲਕੋਹਲ ਅਤੇ ਨਸ਼ਿਆਂ ਦੀ ਆਦਤ ਕੰਟਰੋਲ ਕਰਨ ਦੀ ਲੋੜ ਹੈ।
- ਰੂਟੀਨ ਦੀ ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਓਮੇਗਾ ਸਪਲੀਮੈਂਟਸ, ਬਦਾਮ ਗਿਰੀ, ਦੁੱਧ, ਪਨੀਰ, ਦਹੀਂ, ਘਰੇਲੂ ਮਿਕਸ ਵੇਜ਼ੀਟੇਬਲ ਸੂਪ, ਤਾਜ਼ੇ ਫਲਾਂ ਦਾ ਰਸ, ਦਾਲਾਂ, ਬੀਨਜ਼, ਓਲਿਵ ਆਇਲ ਵਗੈਰਾ ਨੂੰ ਸ਼ਾਮਲ ਕਰੋ।

**ਨੋਟ: ਆਮ ਲੱਛਣ ਜਿਵੇਂ-** ਆਪਣੇ ਗਲੇ ਵਿਚ ਲਟਕੀ ਹੋਈ ਐਨਕ ਲੱਭਣਾ, ਕਾਰ ਪਾਰਕ ਕਰਕੇ ਅਤੇ ਕਾਰ ਦੀ ਅਤੇ ਬਾਹਰੋਂ ਆਕੇ ਘਰ ਦੀ ਚਾਬੀ ਰੱਖ ਕੇ ਭੱਲ ਜਾਣਾ, ਦੋਸਤ-ਰਿਸ਼ਤੇਦਾਰਾਂ ਦੇ ਨਾਂ, ਰੋਜ਼ ਦੇ ਜ਼ਰੂਰੀ ਕੰਮ, ਬਿੱਲਾਂ ਦਾ ਸਮੇਂ 'ਤੇ ਭੁਗਤਾਨ, ਕੰਮ ਕਰਨ ਦੀ ਯੋਗਤਾ ਘੱਟ ਜਾਣਾ ਅਤੇ ਛੇਤੀ ਮੂਡ ਬਦਲ ਜਾਣ ਦੀ ਹਾਲਤ ਨੂੰ ਗੰਭੀਰਤਾ ਨਾਲ ਲੈ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈ ਬਲੱਡ-ਪ੍ਰੈਸ਼ਰ, ਡਿਪ੍ਰੈਸ਼ਨ ਅਤੇ ਸ਼ੂਗਰ ਦੇ ਰੋਗੀਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ।

# ਕੈਨੇਡਾ ਦੇ ਗੁਰਦੁਆਰਾ ਸਾਹਿਬਾਨ ..



ਸ਼ਿੰਦਰ ਸਿੰਘ ਮੀਰਪੁਰੀ
ਅਮਰੀਕਾ ਕੈਲੀਫੋਰਨੀਆ
559-285-0841
(Punjab Mail USA)



ਸਿੱਖਾਂ ਅੰਦਰ ਜਦ ਵੀ ਗੁਰਦੁਆਰਾ ਸਾਹਿਬਾਨ ਦੀ ਗੱਲ ਚੱਲਦੀ ਹੈ, ਤਾਂ ਇੱਕ ਆਸਥਾ ਦੀ ਕਿਰਨ ਹਰ ਸਿੱਖ ਦੇ ਮਨ ਵਿਚ ਆ ਕੇ ਪ੍ਰਗਟ ਹੋਣ ਲੱਗਦੀ ਹੈ। ਕਿਉਂਕਿ ਗੁਰਦੁਆਰਾ ਸਾਹਿਬਾਨ ਨੂੰ ਸਿੱਖ ਕੌਮ ਅੰਦਰ ਵੱਡੇ ਪੱਧਰ ’ਤੇ ਆਸਥਾ ਦਾ ਕੇਂਦਰ ਮੰਨਿਆ ਜਾਂਦਾ ਹੈ। ਸਾਡੇ ਸਿੱਖ ਗੁਰੂ ਸਾਹਿਬਾਨ ਤੋਂ ਲੈ ਕੇ ਹੁਣ ਤੱਕ ਗੁਰਦੁਆਰਾ ਸਾਹਿਬਾਨ ਆਸਤਾ ਦੇ ਕੇਂਦਰ ਤੋਂ ਸਿੱਖੀ ਦਾ ਧੁਰਾ ਮੰਨੇ ਜਾਂਦੇ ਹਨ ਪਰ ਪਿਛਲੇ ਲੰਬੇ ਸਮੇਂ ਤੋਂ ਗੁਰੂ ਘਰਾਂ ਦੇ ਅੰਦਰ ਜੋ ਕੁਝ ਵਾਪਰ ਰਿਹਾ ਹੈ, ਉਸ ਨੂੰ ਲੈ ਕੇ ਵੀ ਸਿੱਖ ਕੌਮ ਦੇ ਮਨਾਂ ਅੰਦਰ ਨਮੋਸ਼ੀ ਭਰੀ ਗੱਲ ਹੈ। ਅੱਜ ਗੱਲ ਕਰਾਂਗੇ ਕੈਨੇਡਾ ਦੇ ਗੁਰਦੁਆਰਾ ਸਾਹਿਬਾਨਾਂ ਦੀ, ਜਿੱਥੇ ਪਿਛਲੇ ਲੰਬੇ ਸਮੇਂ ਤੋਂ ਕਈ ਜਗ੍ਹਾ ’ਤੇ ਵੱਖ-ਵੱਖ ਥਾਵਾਂ ਉਪਰ ਆਪਸ ਵਿਚ ਲੜਨ-ਝਗੜ ਦੀਆਂ ਗੱਲਾਂ-ਬਾਤਾਂ ਤਾਂ ਸਾਹਮਣੇ ਆਈਆਂ ਹੀ ਹਨ, ਉਥੇ ਹੀ ਸਿਆਸੀ ਚੌਧਰੀ ਗੁਰਦੁਆਰਾ ਸਾਹਿਬ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੇ ਵੀ ਆ ਰਹੇ ਹਨ। ਕੈਨੇਡਾ ਵਿਖੇ ਲੰਘੇ ਦਿਨੀਂ ਗੁਰਦੁਆਰਾ ਸਾਹਿਬ ਦੇ ਅੰਦਰ ਇੱਕ ਬੱਚੀ ਵੱਲੋਂ ਜੋ ਉੱਥੇ ਲੰਗਰ ਛਕਣ ਗਈ ਸੀ, ਵੀਡੀਓ ਬਣਾ ਕੇ ਗੁਰੂ ਘਰ ਨੂੰ ਨਿੰਦਣ ਦੀ ਗੱਲ ਆਖੀ ਗਈ, ਜੋ ਬੇਹੱਦ ਘਟੀਆ ਅਤੇ ਗਲਤ ਸੀ। ਸਾਡੇ ਬਹੁਤ ਸਾਰੇ ਲੋਕ ਵੇਖੋ-ਵੇਖੀ, ਗੁਰੂ ਘਰ ਨੂੰ ਮੰਦਾ-ਚੰਗਾ ਬੋਲਣ ਲੱਗ ਪਏ ਪਰ ਅਸਲ ਗੱਲ ਕੀ ਸੀ, ਕਿਸੇ ਵੀ ਸੱਜਣ ਨੇ ਵੇਖਣ ਦਾ ਯਤਨ ਨਹੀਂ ਕੀਤਾ। ਗੁਰਦੁਆਰਾ ਸਾਹਿਬਾਨ ਦੇ ਵਿਚ ਲੰਗਰ ਛਕਣ ਤੋਂ ਬਾਅਦ ਜਦੋਂ ਲੜਕੀ ਨੇ ਲੰਗਰ ਨਾਲ ਲੈ ਕੇ ਜਾਣ ਦੀ ਗੱਲ ਕੀਤੀ, ਤਾਂ ਉਥੇ ਇਕ ਸੇਵਾਦਾਰ ਨੇ ਉਸ ਕੁੜੀ ਨੂੰ ਰੋਕ ਦਿੱਤਾ, ਜਿਸ ਤੋਂ ਵਿਵਾਦ ਵੱਧ ਗਿਆ ਪਰ ਅਸਲ ਕਾਰਨ ਕੀ ਸਨ, ਕਿਸੇ ਨੇ ਵੀ ਕੁਝ ਸੋਚਣ ਦੀ ਲੋੜ ਨਹੀਂ ਸਮਝੀ। ਇਹ ਬੇਹੱਦ ਗਲਤ ਵਰਤਾਰਾ ਹੈ।

ਜੋ ਸਟੂਡੈਂਟ ਕੈਨੇਡਾ ਦੀ ਧਰਤੀ ’ਤੇ ਆ ਕੇ ਪੜ੍ਹਾਈ ਕਰਨ ਆਉਂਦੇ ਹਨ, ਉਨ੍ਹਾਂ ਦਾ ਸਫ਼ਰ ਵੀ ਕੋਈ ਬਹੁਤਾ ਵਧੀਆ ਨਹੀਂ ਬੀਤ ਰਿਹਾ। ਇੱਕ ਪਾਸੇ ਤਾਂ ਉਨ੍ਹਾਂ ਨੂੰ ਵੱਡੇ ਪੱਧਰ ’ਤੇ ਖਰਚੇ ਦੀ ਮਾਰ ਪੈ ਰਹੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਪਰਿਵਾਰਿਕ ਮਸਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਬੱਚਿਆਂ ਨੂੰ ਪਿੰਡ ਪੈਸੇ ਭੇਜਣ ਲਈ ਮਾਂ-ਪਿਉ ਵੱਲੋਂ ਆਖਿਆ ਜਾਂਦਾ ਹੈ। ਪਰ ਉਹ ਕੀ ਕਰਨ, ਵਿਦਿਆਰਥੀਆਂ ਦੇ ਤਾਂ ਕੁਝ ਵੀ ਸਮਝ ਵਿਚ ਨਹੀਂ ਪੈਂਦਾ ਕਿਉਂਕਿ ਉਨ੍ਹਾਂ ਨੂੰ ਜਿੱਥੇ ਪੜ੍ਹਾਈ ਦਾ ਡਰ ਸਤਾਉਂਦਾ ਹੈ, ਉਥੇ ਹੀ ਪਿੱਛੇ ਭੇਜੇ ਜਾਣ ਵਾਲੇ ਪੈਸਿਆਂ ਦਾ ਫਿਕਰ ਉਨ੍ਹਾਂ ਬੱਚਿਆਂ ਨੂੰ ਵੱਢ-ਵੱਢ ਕੇ ਖਾਈ ਜਾਂਦਾ ਹੈ। ਬਹੁਤ ਸਾਰੇ ਬੱਚੇ ਆਪਣੇ ਕਮਰਿਆਂ ਦਾ ਕਰਾਇਆ ਵੀ ਦੇਣ ਤੋਂ ਅਸਮਰੱਥ ਹਨ। ਕਈ ਵਿਦਿਆਰਥੀ ਗਲਤ ਰਸਤੇ ਪੈ ਕੇ ਆਪਣੀ ਪੜ੍ਹਾਈ ਦਾ ਅਤੇ ਖਰਚਾ ਪੂਰਾ ਕਰਦੇ ਹਨ, ਇਹ ਬਹੁਤ ਮਾੜੀ ਗੱਲ ਹੈ। ਕੈਨੇਡਾ ਵਿਚ ਕੁੜੀਆਂ ਦੀ ਜ਼ਿੰਦਗੀ ਵੀ ਬਹੁਤ ਔਖੀ ਬੀਤ ਰਹੀ ਹੈ ਪਰ ਸਾਰਿਆਂ ਨੂੰ ਇੱਕੋ ਰੱਸੇ ਵੀ ਨਹੀਂ ਬੰਨਿਆ ਜਾ ਸਕਦਾ।


ਕੈਨੇਡਾ ਦੀ ਧਰਤੀ ’ਤੇ ਇਕੋ ਕਮਰਿਆਂ ਵਿਚ ਰਹਿ ਰਹੇ ਬੱਚਿਆਂ ਨੂੰ ਬਹੁਤ ਔਖ ਮਹਿਸੂਸ ਹੁੰਦੀ ਹੈ। ਕਿਰਾਇਆ ਦੇਣ ਤੋਂ ਇਲਾਵਾ ਇੱਕ ਬੇਸਮੈਂਟ ਵਿਚ ਕਈ-ਕਈ ਜਣੇ ਰਹਿ ਰਹੇ ਹਨ। ਇਹੀ ਹਾਲ ਕੁੜੀਆਂ ਦਾ ਹੈ। ਕੈਨੇਡਾ ਦੀ ਧਰਤੀ ’ਤੇ ਜੋ ਵਿਦਿਆਰਥੀ ਭਾਵੇਂ ਉਹ ਪੜ੍ਹਾਈ ਕਰਨ ਪੱਕੇ ਹੋਣ ਵੱਲ ਵੱਧ ਰਹੇ ਹਨ, ਉਨ੍ਹਾਂ ਦਾ ਵੀ ਹਾਲ ਕੋਈ ਬਹੁਤਾ ਵਧੀਆ ਨਹੀਂ ਹੈ। ਇੱਕ ਗੱਲ ਪੰਜਾਬੀਆਂ ਬਾਰੇ ਜ਼ਰੂਰ ਮਸ਼ਹੂਰ ਹੈ ਕਿ ਉਹ ਆਪਣੇ ਦਮ ’ਤੇ ਵਿਦੇਸ਼ਾਂ ਦੀ ਧਰਤੀ ’ਤੇ ਜਾ ਕੇ ਵੀ ਪੰਜਾਬੀ ਦੇ ਝੰਡੇ ਜ਼ਰੂਰ ਗੱਡ ਦਿੰਦੇ ਹਨ। ਜੇਕਰ ਪੰਜਾਬੀਆਂ ਦੇ ਦੁੱਖਾਂ-ਦਰਦਾਂ ਦੀ ਗੱਲ ਕਰੀਏ, ਤਾਂ ਕੈਨੇਡਾ ਜਾਂ ਹੋਰਨਾਂ ਮੁਲਕਾਂ ਅੰਦਰ ਪੜ੍ਹਾਈ ਦੇ ਤੌਰ ’ਤੇ ਜਾਣ ਵਾਲੇ ਨੌਜਵਾਨ ਬੱਚਿਆਂ ਦਾ ਭਵਿੱਖ ਹੁਣ ਖ਼ਤਰੇ ਤੋਂ ਖਾਲੀ ਨਹੀਂ ਜਾਪ ਰਿਹਾ। ਕਿਉਂਕਿ ਪੈਸੇ ਪੱਖੋਂ ਪੰਜਾਬੀ ਮਾਪੇ ਕੰਗਾਲ ਹੋ ਚੁੱਕੇ ਹਨ ਅਤੇ ਉਨ੍ਹਾਂ ਦੇ ਬੱਚੇ ਵਿਦੇਸ਼ਾਂ ਦੀ ਧਰਤੀ ’ਤੇ ਸੈੱਟ ਹੋਣ ਦੇ ਲਾਲਚ ਵਿਚ ਬੇਥਾਹ ਪੈਸਾ ਬਾਹਰਲੇ ਮੁਲਕਾਂ ਨੂੰ ਭੇਜ ਰਹੇ ਹਨ।

ਲੰਘੇ ਵਰਿਆਂ ਦੌਰਾਨ ਜਦੋਂ ਕਰੋਨਾ ਨੇ ਆਪਣੇ ਪੈਰ ਪਸਾਰੇ ਸਨ, ਤਾਂ ਉਸ ਸਮੇਂ ਜਿੱਥੇ ਬਹੁਤ ਸਾਰੇ ਹਸਪਤਾਲਾਂ ਨੇ ਆਪਣੇ ਬੂਹੇ ਭੇੜ ਲਏ ਸੀ, ਤਾਂ ਕੇਵਲ ਗੁਰਦੁਆਰਾ ਸਾਹਿਬਾਨ ਦੇ ਅੰਦਰ ਹੀ ਇੱਕੋ-ਇੱਕ ਸਾਧਨ ਆਮ ਜਨਤਾ ਦੀ ਦੁੱਖਾਂ-ਦਰਦਾਂ ਨੂੰ ਸਮਝਣ ਦੇ ਲਈ ਬਚਿਆ ਸੀ। ਗੁਰਦੁਆਰਾ ਸਾਹਿਬਾਨਾਂ ਅੰਦਰ ਹੀ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦਾ ਖਰਚਾ ਵੀ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਕੀਤਾ ਜਾਂਦਾ ਸੀ। ਕੈਨੇਡਾ ਦੇ ਗੁਰੂ ਘਰ ਜਿੱਥੇ ਆਮ ਜਨਤਾ ਲਈ ਨਿਆਮਤ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਦੇ ਲਈ ਰਹਿਣ-ਬਸੇਰਾ ਬਣਦੇ ਹਨ, ਉੱਥੇ ਹੀ ਕਰੋਨਾ ਸਮੇਂ ਦੀ ਕੈਨੇਡਾ ਦੇ ਗੁਰੂ ਘਰਾਂ ਵੱਲੋਂ ਪੰਜਾਬੀਆਂ ਸਮੇਤ ਪੂਰੀ ਦੁਨੀਆਂ ਦੇ ਲੋਕਾਂ ਨੂੰ ਰਹਿਣ-ਬਸੇਰਾ ਬਣਾ ਕੇ ਦੇਣਾ ਆਪਣੇ ਆਪ ਵਿਚ ਇੱਕ ਵੱਡੀ ਗੱਲ ਹੈ। ਸੋ ਨਿੱਕੀ ਜਿਹੀ ਗੱਲ ’ਤੇ ਕਿਸੇ ਵੀ ਗੁਰੂ ਘਰ ਨੂੰ ਜਾਂ ਧਾਰਮਿਕ ਸਥਾਨ ਨੂੰ ਨਿੰਦਣਾ ਠੀਕ ਨਹੀਂ ਹੈ, ਇਹ ਗੱਲ ਬਿਲਕੁਲ ਗਲਤ ਹੈ। ਇੱਕ ਤਰ੍ਹਾਂ ਦੇ ਸਾਰੇ ਲੋਕ ਕਿਤੇ ਵੀ ਨਹੀਂ ਹੋ ਸਕਦੇ। ਜਿਸ ਤਰ੍ਹਾਂ ਕੈਨੇਡਾ ਦੇ ਵਿਦਿਆਰਥੀਆਂ ਨੂੰ ਉਥੋਂ ਦੇ ਗੁਰੂ ਘਰਾਂ ਵੱਲੋਂ ਆਸਰਾ ਦਿੱਤਾ ਜਾ ਰਿਹਾ ਹੈ। ਇਹ ਆਪਣੇ ਆਪ ਵਿਚ ਇੱਕ ਬਹੁਤ ਵੱਡੀ ਗੱਲ ਹੈ।

ਬਹੁਤ ਸਾਰੇ ਗੁਰੂ ਘਰਾਂ ਬਾਰੇ ਤਾਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਉਹ ਕੈਨੇਡਾ ਵਿਚ ਪੜ੍ਹਨ ਆਉਂਦੇ ਵਿਦਿਆਰਥੀਆਂ ਨੂੰ ਲੰਗਰ ਦੇ ਨਾਲ-ਨਾਲ ਬਰਤਨ ਲੈ ਕੇ ਵੀ ਦੇ ਰਹੇ ਹਨ, ਜੋ ਆਪਣੇ ਆਪ ਵਿਚ ਇੱਕ ਵੱਡੀ ਗੱਲ ਹੈ। ਬਿਨਾਂ ਸ਼ੱਕ ਸਾਡੇ ਗੁਰਧਾਮ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਸੇਧ ਲੈ ਕੇ ਦੀਨ-ਦੁਖੀਆਂ ਦੇ ਨਾਲ-ਨਾਲ ਬੱਚਿਆਂ ਦੀ ਸੇਵਾ ਵੀ ਕਰ ਰਹੇ ਪ੍ਰਤੀਤ ਹੁੰਦੇ ਹਨ। ਇਸੇ ਤਰ੍ਹਾਂ ਔਖੇ ਸਮਿਆਂ ਅੰਦਰ ਗੁਰੂਘਰ ਤੋਂ ਆਸ ਲੈ ਕੇ ਹੀ ਲੋਕ ਆਉਂਦੇ ਹਨ ਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਖਾਲੀ ਨਹੀਂ ਮੋੜਨਾ ਚਾਹੀਦਾ, ਉਹ ਭਾਵੇਂ ਕਿਸੇ ਵੀ ਵਰਗ ਨਾਲ ਸਬੰਧਿਤ ਹੋਣ ਇਹ ਅਲੱਗ ਗੱਲ ਹੈ। ਬਿਨਾਂ ਸ਼ੱਕ ਪੜ੍ਹਨ ਗਏ ਵਿਦਿਆਰਥੀ ਕੈਨੇਡਾ ਦੀ ਧਰਤੀ ’ਤੇ ਗੁਰੂ ਘਰਾਂ ਵਿਚ ਆਸਰਾ ਲੈ ਰਹੇ ਹਨ, ਜੋ ਚੰਗੀ ਗੱਲ ਹੈ। ਲੰਘੇ ਸਮੇਂ ਵੀ ਕਈ ਘਟਨਾਵਾਂ ਨੇ ਜਨਮ ਲਿਆ ਸੀ, ਜੋ ਹੌਲੀ-ਹੌਲੀ ਅਲੋਪ ਹੋ ਗਈਆਂ, ਸੋ ਇੱਥੇ ਇੱਕ ਗੱਲ ਵਰਨਣਯੋਗ ਕਿ ਜਦ ਵੀ ਦੁਨੀਆਂ ਉੱਤੇ ਦੁੱਖਾਂ ਦਰਦਾਂ ਦੀ ਗੱਲ ਚੱਲੀ, ਤਾਂ ਗੁਰੂ ਸਾਹਿਬਾਨ ਦੇ ਅਪਣਾਏ ਹੋਏ ਨੇ ਮੂਹਰੇ ਹੋ ਕੇ ਜੰਗ ਲੜੀ।

ਆਖ਼ਰ ਵਿਚ ਇੱਕ ਗੱਲ ਕਹਿਣੀ ਚਾਹਾਂਗਾ ਕਿ ਬਿਨਾਂ ਸੋਚੇ ਸਮਝੇ ਕਿਸੇ ਵੀ ਮਾਮਲੇ ਨੂੰ ਤੂਲ ਦੇ ਕੇ ਸੋਸ਼ਲ ਮੀਡੀਆ ’ਤੇ ਨਹੀਂ ਪਾਉਣਾ ਚਾਹੀਦਾ। ਇਸ ਤਰ੍ਹਾਂ ਦੀਆਂ ਘਟਨਾਵਾਂ ਅਕਸਰ ਵਿਵਾਦਾਂ ਨੂੰ ਜਨਮ ਦਿੰਦੀਆਂ ਹਨ। ਗ਼ਲਤੀ ਕਿਸੇ ਨੇ ਕੀਤੀ ਅਤੇ ਉਸ ਦਾ ਖਮਿਆਜ਼ਾ ਕਿਸੇ ਨੂੰ ਭੁਗਤਣਾ ਪੈ ਰਿਹਾ। ਇਹ ਗੱਲਾਂ ਸਾਡੇ ਸਮਾਜ ਅੰਦਰ ਅਕਸਰ ਚੱਲ ਰਹੀਆਂ ਹਨ। ਬਿਨਾਂ ਕਾਰਨ ਤੋਂ ਪੈਦਾ ਹੋਈਆਂ ਘਟਨਾਵਾਂ ਕਈ ਵਾਰ ਸਾਡਾ ਵੱਡਾ ਨੁਕਸਾਨ ਕਰ ਦਿੰਦੀਆਂ ਹਨ। ਜਿਸ ਤਰ੍ਹਾਂ ਬਾਅਦ ਵਿਚ ਇਹ ਸੋਸ਼ਲ ਮੀਡਿਆ ’ਤੇ ਲੜਕੀ ਨੂੰ ਲੋਕਾਂ ਨੇ ਮੰਦਾ-ਚੰਗਾ ਬੋਲਿਆ, ਉਸ ਨੂੰ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ, ਉਹ ਵੀ ਬਿਲਕੁਲ ਗਲਤ ਗੱਲ ਹੈ। ਇਸ ਤਰ੍ਹਾਂ ਦੀਆਂ ਗਲਤ ਗੱਲਾਂ ਨੂੰ ਨਕਾਰ ਕੇ ਚੰਗੇ ਪੱਖ ਵੱਲ ਚੱਲਣਾ ਹੀ ਇਨਸਾਨੀਅਤ ਅਖਵਾਉਂਦੀ ਹੈ। ਬਿਨਾਂ ਗੱਲ ਤੋਂ ਕਿਸੇ ਵੀ ਧਾਰਮਿਕ ਸਥਾਨ ਨੂੰ ਨਿੰਦਣਾ ਨਹੀਂ ਚਾਹੀਦਾ। ਆਓ ਸਾਰੇ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਸੇਧ ਲੈ ਕੇ ਗੁਰਧਾਮਾਂ ਦੀ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰੀਏ। ਇਹਦੇ ਵਿਚ ਹੀ ਸਾਰੇ ਇਨਸਾਨੀ ਸਮਾਜ ਦੀ ਭਲਾਈ ਹੈ।

# ‘ਵਿਸ਼ਵਾਸ ਆਧਾਰਿਤ ਸ਼ਾਸਨ’ ਘੱਟ ਨਿਯਮਾਂ ਨਾਲ ਕੀਤਾ ਜਾਵੇਗਾ




-ਡਾ. ਸਤਿਆਵਾਨ ‘ਸੌਰਭ’
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀ.ਵੀ. ਪੈਨਲਿਸਟ, ਹਰਿਆਣਾ
94665-26148, 01255281381
(Punjab Mail USA)



ਜਨ ਵਿਸ਼ਵਾਸ ਬਿੱਲ ਦਾ ਉਦੇਸ਼ ਵਾਤਾਵਰਣ, ਖੇਤੀਬਾੜੀ, ਮੀਡੀਆ, ਉਦਯੋਗ ਅਤੇ ਵਪਾਰ, ਪ੍ਰਕਾਸ਼ਨ ਅਤੇ ਹੋਰ ਡੋਮੇਨਾਂ ਨੂੰ ਨਿਯੰਤਰਿਤ ਕਰਨ ਵਾਲੇ 42 ਕਾਨੂੰਨਾਂ ਵਿਚ ਲਗਭਗ 180 ਅਪਰਾਧਾਂ ਨੂੰ ਅਪਰਾਧੀ ਬਣਾਉਣਾ ਹੈ, ਜੋ ਦੇਸ਼ ਵਿਚ ਕਾਰੋਬਾਰ ਕਰਨ ਵਿਚ ਆਸਾਨੀ ਲਈ ਰੁਕਾਵਟਾਂ ਪੈਦਾ ਕਰਦੇ ਹਨ। ਇਸ ਦਾ ਉਦੇਸ਼ ਕਾਰੋਬਾਰੀ ਵਾਤਾਵਰਣ ਪ੍ਰਣਾਲੀ ਨੂੰ ਹੁਲਾਰਾ ਦੇਣ ਅਤੇ ਜਨਤਕ ਭਲਾਈ ਨੂੰ ਬਿਹਤਰ ਬਣਾਉਣ ਲਈ ਕੈਦ ਦੀਆਂ ਧਾਰਾਵਾਂ ਨੂੰ ਪੂਰੀ ਤਰ੍ਹਾਂ ਹਟਾਉਣਾ ਜਾਂ ਉਨ੍ਹਾਂ ਨੂੰ ਵਿੱਤੀ ਜੁਰਮਾਨੇ ਨਾਲ ਬਦਲਣਾ ਹੈ। ਜਨ ਵਿਸ਼ਵਾਸ ਬਿੱਲ ਦਾ ਟੀਚਾ 42 ਐਕਟਾਂ ਦੇ ਤਹਿਤ 180 ਅਪਰਾਧਾਂ ਨੂੰ ਅਪਰਾਧੀ ਬਣਾਉਣਾ ਹੈ। ਯਾਨੀ ਕਿ 180 ਅਜਿਹੇ ਅਪਰਾਧ ਹਨ, ਜਿਨ੍ਹਾਂ ਨੂੰ ਹੁਣ ਅਪਰਾਧ ਨਹੀਂ ਮੰਨਿਆ ਜਾਵੇਗਾ ਅਤੇ ਇਸ ਲਈ ਸਜ਼ਾ ਘਟਾਈ ਜਾਵੇਗੀ। ਇਹ ਕਾਨੂੰਨ ਵਾਤਾਵਰਣ, ਖੇਤੀਬਾੜੀ, ਮੀਡੀਆ, ਉਦਯੋਗ, ਵਪਾਰ, ਪ੍ਰਕਾਸ਼ਨ ਅਤੇ ਹੋਰ ਬਹੁਤ ਸਾਰੇ ਖੇਤਰਾਂ ਨਾਲ ਸਬੰਧਤ ਹਨ, ਜਿਨ੍ਹਾਂ ਵਿਚ ਅਪਰਾਧਾਂ ਨੂੰ ਜਾਂ ਤਾਂ ਘਟਾਇਆ ਗਿਆ ਹੈ ਜਾਂ ਖ਼ਤਮ ਕੀਤਾ ਗਿਆ ਹੈ, ਤਾਂ ਜੋ ਦੇਸ਼ ਵਿਚ ਕਾਰੋਬਾਰ ਕਰਨ ਵਿਚ ਆਸਾਨੀ ਹੋਵੇ। ਇਸ ਬਿੱਲ ਦਾ ਉਦੇਸ਼ ਨਿਸ਼ਚਿਤ ਕਰਨਾ ਹੈ। ਅਪਰਾਧਾਂ ਦੇ ਕੇਸ ਵਿਚ ਮਿਲੀ ਜੇਲ੍ਹ ਦੀ ਸਜ਼ਾ ਜਾਂ ਤਾਂ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਜਾਵੇ ਜਾਂ ਜੁਰਮਾਨਾ ਲਗਾ ਕੇ ਰਿਹਾਅ ਕਰ ਦਿੱਤਾ ਜਾਵੇ।


ਭਾਰਤ ‘ਰੈਗੂਲੇਟਰੀ ਕੋਲੈਸਟ੍ਰੋਲ’ ਤੋਂ ਪੀੜਤ ਹੈ, ਜੋ ਵਪਾਰ ਕਰਨ ਦੇ ਰਾਹ ’ਚ ਰੁਕਾਵਟ ਬਣ ਰਿਹਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਬਣਾਏ ਗਏ ਕਾਨੂੰਨਾਂ, ਨਿਯਮਾਂ ਅਤੇ ਨਿਯਮਾਂ ਨੇ ਸਮੇਂ ਦੇ ਨਾਲ ਵਿਚਾਰਾਂ, ਸੰਗਠਨ, ਫੰਡਾਂ, ਉੱਦਮਤਾ ਅਤੇ ਉਨ੍ਹਾਂ ਦੁਆਰਾ ਨੌਕਰੀਆਂ, ਦੌਲਤ ਅਤੇ ਜੀ.ਡੀ.ਪੀ. ਦੇ ਨਿਰਵਿਘਨ ਪ੍ਰਵਾਹ ਵਿਚ ਰੁਕਾਵਟਾਂ ਪੈਦਾ ਕੀਤੀਆਂ ਹਨ। ਕੁਝ ਵਪਾਰਕ ਕਾਨੂੰਨਾਂ ਵਿਚ, ਪਾਲਣਾ ਰਿਪੋਰਟ ਨੂੰ ਦੇਰ ਨਾਲ ਜਾਂ ਗਲਤ ਤਰੀਕੇ ਨਾਲ ਦਾਇਰ ਕਰਨਾ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.), 1860 ਦੇ ਤਹਿਤ ਦੇਸ਼ਧ੍ਰੋਹ ਦੇ ਬਰਾਬਰ ਸਜ਼ਾਯੋਗ ਅਪਰਾਧ ਹੈ। ਵਪਾਰਕ ਕਾਨੂੰਨਾਂ ਦਾ ਅਪਰਾਧੀਕਰਨ ਭਾਰਤੀ ਵਪਾਰਕ ਪ੍ਰੰਪਰਾਵਾਂ ਅਤੇ ਲੋਕਾਚਾਰ ਅਤੇ ਭਾਰਤ ਵਿਚ ਉੱਦਮਤਾ ਦੇ ਮਾਣ ਦੀ ਉਲੰਘਣਾ ਕਰਦਾ ਹੈ। ਭਾਰਤ ਵਿਚ ਕਾਰੋਬਾਰ ਕਰਨ ਨੂੰ ਨਿਯੰਤਰਿਤ ਕਰਨ ਵਾਲੇ 1,536 ਕਾਨੂੰਨਾਂ ਵਿਚੋਂ ਅੱਧੇ ਤੋਂ ਵੱਧ ਨੂੰ ਜੇਲ੍ਹ ਦੀ ਸਜ਼ਾ ਹੈ। ਪੰਜ ਰਾਜਾਂ - ਗੁਜਰਾਤ, ਪੰਜਾਬ, ਮਹਾਰਾਸ਼ਟਰ, ਕਰਨਾਟਕ ਅਤੇ ਤਾਮਿਲਨਾਡੂ - ਦੇ ਕਾਨੂੰਨਾਂ ਵਿਚ 1000 ਤੋਂ ਵੱਧ ਕੈਦ ਦੀ ਸਜ਼ਾ ਹੈ। ਭਾਰਤ ਵਿਚ ਕਾਰੋਬਾਰਾਂ ਨੂੰ ਦਰਪੇਸ਼ ਮੁੱਖ ਸਮੱਸਿਆਵਾਂ ਵਿਚੋਂ ਇੱਕ ਹੈ ਨਿਯਮਾਂ ਦੀ ਗੁੰਝਲਤਾ ਅਤੇ ਓਵਰਲੈਪਿੰਗ। ਕੇਂਦਰੀ, ਰਾਜ ਅਤੇ ਸਥਾਨਕ ਪੱਧਰ ’ਤੇ ਕਈ ਰੈਗੂਲੇਟਰੀ ਸੰਸਥਾਵਾਂ ਅਕਸਰ ਕਾਰੋਬਾਰਾਂ ਲਈ ਉਲਝਣ ਅਤੇ ਪਾਲਣਾ ਬੋਝ ਦਾ ਕਾਰਨ ਬਣਦੀਆਂ ਹਨ। ਭਾਰਤ ਵਿਚ, ਨਿਰਮਾਣ ਖੇਤਰ ਵਿਚ 150 ਤੋਂ ਵੱਧ ਕਰਮਚਾਰੀਆਂ ਵਾਲਾ ਇੱਕ ਔਸਤ ਉਦਯੋਗ ਇੱਕ ਸਾਲ ਵਿਚ 500-900 ਪਾਲਣਾ ਕਰਦਾ ਹੈ, ਜਿਸਦੀ ਕੀਮਤ ਲਗਭਗ 12-18 ਲੱਖ ਰੁਪਏ ਹੈ। ਕਾਨੂੰਨਾਂ ਵਿਚ ਵਾਰ-ਵਾਰ ਤਬਦੀਲੀਆਂ ਜਿਵੇਂ ਕਿ ਜੀ.ਐੱਸ.ਟੀ. ਟੈਕਸ ਦਰਾਂ ਵਿਚ ਸੋਧ, ਨਿਰਯਾਤ ਪਾਬੰਦੀਆਂ, ਆਦਿ ਦੇਸ਼ ਵਿਚ ਕਾਰੋਬਾਰ ਕਰਨ ਦੀ ਸੌਖ ਨੂੰ ਪ੍ਰਭਾਵਤ ਕਰਦੀਆਂ ਹਨ।

ਕਈ ਜੁਰਮਾਂ ਵਿਚ ਜੇਲ੍ਹ ਦੀ ਵਿਵਸਥਾ ਖ਼ਤਮ ਕਰ ਦਿੱਤੀ ਜਾਵੇਗੀ। ਇੰਡੀਅਨ ਪੋਸਟ ਆਫਿਸ ਐਕਟ, 1898 ਦੇ ਤਹਿਤ ਸਾਰੇ ਅਪਰਾਧ ਅਤੇ ਜ਼ੁਰਮਾਨੇ ਹਟਾ ਦਿੱਤੇ ਜਾਣਗੇ। ਸ਼ਿਕਾਇਤ ਨਿਵਾਰਣ ਪ੍ਰਣਾਲੀ ਵਿਚ ਬਦਲਾਅ ਕੀਤੇ ਜਾਣਗੇ, ਜੁਰਮਾਨੇ ਤੈਅ ਕਰਨ ਲਈ ਇੱਕ ਜਾਂ ਇੱਕ ਤੋਂ ਵੱਧ ਅਧਿਕਾਰੀ ਨਿਯੁਕਤ ਕੀਤੇ ਜਾਣਗੇ। ਕਿਸੇ ਵੀ ਕਾਨੂੰਨ ਦੀ ਉਲੰਘਣਾ ਦੇ ਮਾਮਲੇ ਵਿਚ, ਅਧਿਕਾਰੀ ਜਾਂਚ ਸਥਾਪਤ ਕਰਨ, ਪੁੱਛਗਿੱਛ ਕਰਨ ਅਤੇ ਸਬੂਤ ਲਈ ਸੰਮਨ ਜਾਰੀ ਕਰਨ ਦੇ ਯੋਗ ਹੋਣਗੇ। ਜੁਰਮਾਂ ਲਈ ਲਗਾਈਆਂ ਜਾਣ ਵਾਲੀਆਂ ਸਜ਼ਾਵਾਂ ਨੂੰ ਸੋਧਿਆ ਜਾਵੇਗਾ। ਬਿੱਲ ਮੁਤਾਬਕ ਜੁਰਮਾਨੇ ਦੀ ਘੱਟੋ-ਘੱਟ ਰਕਮ ਦਾ 10 ਫੀਸਦੀ ਹਰ ਤਿੰਨ ਸਾਲ ਬਾਅਦ ਵਧਾਇਆ ਜਾਵੇਗਾ। ਯਾਨੀ ਜੁਰਮਾਨੇ ਦੀ ਰਕਮ ਹਰ ਤਿੰਨ ਸਾਲ ਬਾਅਦ ਵਧਾਈ ਜਾਵੇਗੀ। ਬਿੱਲ ਅਪਰਾਧਿਕ ਕਾਨੂੰਨਾਂ ਨੂੰ ਤਰਕਸੰਗਤ ਬਣਾਉਣ ਵਿਚ ਮਦਦ ਕਰੇਗਾ, ਤਾਂ ਜੋ ਲੋਕ, ਕਾਰੋਬਾਰ ਅਤੇ ਸਰਕਾਰੀ ਏਜੰਸੀਆਂ ਮਾਮੂਲੀ ਜਾਂ ਤਕਨੀਕੀ ਤੌਰ ’ਤੇ ਗਲਤ ਉਲੰਘਣਾਵਾਂ ਲਈ ਜੇਲ੍ਹ ਜਾਣ ਦੀ ਚਿੰਤਾ ਤੋਂ ਬਿਨਾਂ ਕੰਮ ਕਰ ਸਕਣ। ਪ੍ਰਸਤਾਵਿਤ ਕਾਨੂੰਨ ਐਕਟ ਜਾਂ ਉਲੰਘਣਾ ਦੀ ਗੰਭੀਰਤਾ ਅਤੇ ਨਿਰਧਾਰਤ ਸਜ਼ਾ ਦੀ ਗੰਭੀਰਤਾ ਵਿਚਕਾਰ ਸੰਤੁਲਨ ਬਣਾਉਂਦਾ ਹੈ। ਨਿਆਂ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਤਕਨੀਕੀ ਅਤੇ ਪ੍ਰਕਿਰਿਆਤਮਕ ਖਾਮੀਆਂ, ਮਾਮੂਲੀ ਗਲਤੀਆਂ ਅਤੇ ਮਹੱਤਵਪੂਰਨ ਅਪਰਾਧਾਂ ਦੇ ਨਿਰਧਾਰਨ ਵਿਚ ਦੇਰੀ ਦੁਆਰਾ ਬੋਝ ਹੈ। ਨਤੀਜੇ ਵਜੋਂ, ਇਹ ਕਾਨੂੰਨ ਕਾਨੂੰਨੀ ਪ੍ਰਣਾਲੀ ’ਤੇ ਬੋਝ ਨੂੰ ਘਟਾਏਗਾ ਅਤੇ ਕੇਸਾਂ ਦੇ ਪੈਂਡਿੰਗ ਨੂੰ ਘਟਾਏਗਾ। ਲੋਕਤੰਤਰੀ ਸ਼ਾਸਨ ਦੀ ਨੀਂਹ ਸਰਕਾਰ ਵਿਚ ਹੈ, ਜੋ ਆਪਣੇ ਲੋਕਾਂ ਅਤੇ ਸੰਸਥਾਵਾਂ ’ਤੇ ਭਰੋਸਾ ਕਰਦੀ ਹੈ। ਇਸ ਸੰਦਰਭ ਵਿਚ, ਪਬਲਿਕ ਟਰੱਸਟ ਬਿੱਲ ਸਿਸਟਮ ਨੂੰ ਬੇਰੋਕ ਕਰਨ ਅਤੇ ਪੁਰਾਣੇ ਅਤੇ ਅਪ੍ਰਚਲਿਤ ਕਾਨੂੰਨਾਂ ਦੇ ਬੋਝ ਨੂੰ ਹਟਾਉਣ ਦੀ ਕਲਪਨਾ ਕਰਦਾ ਹੈ। ਪਾਲਣਾ ਦੇ ਬੋਝ ਨੂੰ ਘਟਾ ਕੇ ਕਾਰੋਬਾਰ ਕਰਨ ਦੀ ਸੌਖ ਵਿਚ ਸੁਧਾਰ ਹੋਵੇਗਾ।

ਸੂਖਮ, ਛੋਟੇ ਅਤੇ ਦਰਮਿਆਨੇ ਪੱਧਰ ਦੇ ਕਾਰੋਬਾਰ ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਬਣਦੇ ਹਨ ਅਤੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਨ੍ਹਾਂ ਉੱਦਮਾਂ ਲਈ ਰਸਮੀ ਖੇਤਰ ਵਿਚ ਜਾਣ ਅਤੇ ਨੌਕਰੀਆਂ ਅਤੇ ਆਮਦਨੀ ਪੈਦਾ ਕਰਨ ਲਈ, ਪ੍ਰਭਾਵਸ਼ਾਲੀ ਅਤੇ ਕੁਸ਼ਲ ਵਪਾਰਕ ਨਿਯਮ ਹੋਣੇ ਚਾਹੀਦੇ ਹਨ, ਜੋ ਬੇਲੋੜੀ ਲਾਲ ਫੀਤਾਸ਼ਾਹੀ ਨੂੰ ਖਤਮ ਕਰਦੇ ਹਨ। ਬਿੱਲ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਰੈਗੂਲੇਟਰੀ ਬੋਝ ਨਿਵੇਸ਼ਕਾਂ ਲਈ ਕਾਫੀ ਰੁਕਾਵਟਾਂ ਪੈਦਾ ਕਰਦਾ ਹੈ। ਇਸ ਤੋਂ ਇਲਾਵਾ, ਲੋੜੀਂਦੀਆਂ ਪ੍ਰਵਾਨਗੀਆਂ ਲਈ ਲੰਮੀ ਪ੍ਰਕਿਰਿਆ ਲਾਗਤਾਂ ਨੂੰ ਵਧਾ ਸਕਦੀ ਹੈ ਅਤੇ ਉੱਦਮਤਾ ਦੀ ਭਾਵਨਾ ਨੂੰ ਘਟਾ ਸਕਦੀ ਹੈ। ਜਨ ਵਿਸ਼ਵਾਸ ਬਿੱਲ ਰਾਹੀਂ ਪ੍ਰਸਤਾਵਿਤ ਸੋਧਾਂ ਨਿਵੇਸ਼ ਫੈਸਲਿਆਂ ਨੂੰ ਤੇਜ਼ ਕਰਨਗੀਆਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਕਾਰਨ ਹੋਰ ਨਿਵੇਸ਼ਾਂ ਨੂੰ ਆਕਰਸ਼ਿਤ ਕਰਨਗੀਆਂ। ਇਹ ਬਿੱਲ ਪਾਲਣਾ ਨੂੰ ਘਟਾਉਣ ਅਤੇ ਛੋਟੇ ਅਪਰਾਧਾਂ ਲਈ ਕੈਦ ਦੇ ਡਰ ਨੂੰ ਦੂਰ ਕਰਨ ਵਿਚ ਮਦਦ ਕਰੇਗਾ, ਜਿਸ ਨਾਲ ਕਾਰੋਬਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ‘ਵਿਸ਼ਵਾਸ ਆਧਾਰਿਤ ਸ਼ਾਸਨ’ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਸਰਕਾਰ ਨੂੰ ਦੇਸ਼ ਦੇ ਲੋਕਾਂ ਅਤੇ ਵੱਖ-ਵੱਖ ਸੰਸਥਾਵਾਂ ’ਤੇ ਭਰੋਸਾ ਕਰਨਾ ਚਾਹੀਦਾ ਹੈ, ਇਹ ਲੋਕਤੰਤਰੀ ਸ਼ਾਸਨ ਦੀ ਨੀਂਹ ਹੈ। ਪੁਰਾਣੇ ਨਿਯਮ ਅਜੇ ਵੀ ਲਾਗੂ ਹਨ, ਵਿਸ਼ਵਾਸ ਦੀ ਕਮੀ ਦਾ ਕਾਰਨ ਬਣਦੇ ਹਨ। ਰੈਗੂਲੇਟਰੀ ਪਾਲਣਾ ਦੇ ਬੋਝ ਨੂੰ ਘਟਾਉਣਾ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਤੇਜ਼ ਕਰਦਾ ਹੈ ਅਤੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਕਰਦਾ ਹੈ। ਇਸ ਬਿੱਲ ਦਾ ਮਕਸਦ ਭਾਰਤ ’ਚ ਚੱਲ ਰਹੇ ਕਾਰੋਬਾਰ ਨੂੰ ਸੁਖਾਲਾ ਬਣਾਉਣਾ ਹੈ। ਕਾਰੋਬਾਰ ਕਰਨ ਲਈ ਕਈ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਨਿਯਮਾਂ ਦੀ ਉਲੰਘਣਾ ਕਰਨ ’ਤੇ ਭਾਰੀ ਜੁਰਮਾਨਾ ਅਤੇ ਜੇਲ੍ਹ ਦੀ ਵਿਵਸਥਾ ਹੈ। ਬਿੱਲ ਮੁਤਾਬਕ ਜੇਕਰ ਅਜਿਹਾ ਹੁੰਦਾ ਹੈ, ਤਾਂ ਦੇਸ਼ ’ਚ ਕਾਰੋਬਾਰ ਨੂੰ ਕਿਵੇਂ ਉਤਸ਼ਾਹ ਮਿਲੇਗਾ।

# ਸਾਰਾਗੜ੍ਹੀ ਦਾ ਸਾਕਾ




***(ਪ੍ਰਣਾਮ ਸ਼ਹੀਦਾਂ ਨੂੰ)***

ਸਾਮਰਾਜੀਆਂ ਨੇ ਹੀ ਖੁਦ ਲੜਾਈ ਜੁਗਤ ਸੀ,
ਰੂਸ-ਬਰਤਾਨੀਆਂ ਦੀ ਨਹੀਂ ਮਿਲੀ ਭੁਗਤ ਸੀ।
ਜੰਗ ਜਾਣਦੈ ਦੋਨੋਂ ਇੱਕ ਦੂਜੇ ਦੇ ਮੁੱਢੋਂ ਵੈਰੀ ਸੀ,
ਰਾਜਨੀਤਿਕ ਫ਼ਾਇਦਿਆਂ 'ਚ ਦੋਵੇਂ ਜ਼ਹਿਰੀ ਸੀ।

ਆਪੋ-ਆਪਣੇ ਕਬਜ਼ੇ ਦੀ ਕਰਦੇ ਕਵਾਇਤ ਸੀ,
ਭੋਰਾ ਨਹੀਂ ਸੀ ਰਾਜ਼ੀ ਨ ਦਿੰਦੇ ਰਿਆਇਤ ਸੀ।
ਪੁਸ਼ਤੂਨੀਆਂ ਦੇ ਇਲਾਕੇ ਬਹੁਤੇ ਦਿਲ-ਸੰਗ ਸੀ, *
ਗੈਰ ਸੁੱਕੇ ਲੰਘ ਜਾਣ ਨ ਉਹ ਕਰਦੇ ਪਸੰਦ ਸੀ।

ਦੱਰਾ ਖ਼ੈਬਰ ਵਿਪਾਰੀਆਂ ਦਾ ਸੀ ਸ਼ਾਹ ਰਾਸਤਾ,
ਰਾਹ 'ਚ ਅਫ਼ਗਾਨੀਆਂ ਸੰਗ ਪੈਂਦਾ ਸੀ ਵਾਸਤਾ।
ਕਬਜ਼ਾ ਪੰਜਾਬ ਉੱਤੇ ਕਰ ਕੇ ਗੋਰੇ ਫ਼ਿਰੰਗੀਆਂ,
ਅੱਖਾਂ ਲਲਚਾਈਆਂ ਖਾੜੀ ਦੇਸ਼ਾਂ ਉੱਤੇ ਟੰਗੀਆਂ।

ਸੋਚਕੇ ਵਿਚਾਰ ਕੇ ਸਾਰਾਗੜ੍ਹੀ ਚੌਕੀ ਥਾਪੀ ਸੀ,
ਸਿੰਘੋ 'ਰੋਕਣਾ ਹੈ ਵੈਰੀਆਂ ਨੂੰ' ਦਿੱਤੀ ਥਾਪੀ ਸੀ।
36 ਸਿੱਖ ਰੈਜਮੈਂਟ ਦੇ ਸਿਰਲੱਥ ਜੋਧੇ ਇੱਕੀ ਸੀ,
10,000 ਅਫਗਾਨੀਆਂ ਦੀ ਨੱਪੀ ਗਿੱਚੀ ਸੀ।

ਕਰ ਕੇ ਅਰਦਾਸ ਲਾਈ ਬਾਜ਼ੀ ਸਿਰ-ਧੜ ਸੀ,
ਵਿਛਾਏ 600 ਦੇ ਸੱਥਰ ਕਰਕੇ ਬਿਨ ਧੜ ਸੀ।
ਭੱਜਿਆ ਨਾ ਕੋਈ ਨਾ ਹੀ ਪਿਆਰੀ ਜਾਨ ਸੀ,
ਪਾ ਕੇ ਸ਼ਹੀਦੀਆਂ ਗੁਰੂ ਦੀ ਵਧਾਈ ਸ਼ਾਨ ਸੀ।

ਅੱਜ ਤਾਈਂ ਬਹਾਦਰੀ ਨੂੰ ਗੋਰੇ ਨੇ ਯਾਦ ਕਰਦੇ,
ਚਰਨਾਂ 'ਚ ਉਨ੍ਹਾਂ ਦੇ ਉਹ ਨੇ ਖਿਤਾਬ ਧਰਦੇ।
ਫੋਲੀਏ ਇਤਿਹਾਸ ਨਾ ਕੋਈ ਹੋਰ ਕੌਮ ਟੱਕਰੀ,
ਇੱਕ ਇੱਕ ਜੱਗ 'ਤੇ ਲੱਭੇ ਇਹ ਮਿਸਾਲ ਵੱਖਰੀ।



**-ਸੇਵਾ ਸਿੰਘ ਨੂਰਪੁਰੀ**
(Punjab Mail USA)

* ਦਿਲ-ਸੰਗ : ਪੱਥਰ ਦਿਲ

# 2- ਮੇਰੀ ਸਰਕਾਰ ...

**(ਵਿਅੰਗ)**

ਰਲ ਕੇ ਜੈਹਮਤਾਂ ਕੁਲ ਜਹਾਨ ਦੀਆਂ, ਆਈਆਂ ਮੇਰੇ 'ਤੇ ਮੇਰਾ ਵਿਆਹ ਬਣ ਕੇ।
ਸ਼ਕਲ ਨਾਰ ਦੀ ਯਾਰ ਜਮਦੂਤ ਕੋਈ, ਮੇਰੇ ਗਲੇ ਵਿਚ ਪੈ ਗਿਆ ਫਾਹ ਬਣ ਕੇ।
ਬੈਹ ਕੇ ਜਦੋਂ ਰੋਵਾਂ ਕਿਸਮਤ ਆਪਣੀ ਨੂੰ, ਵੇਖ-ਵੇਖ ਉਹ ਦੰਦੀਆਂ ਕੱਢਦੀ ਏ।
ਗਲ ਕੰਬਲੀ ਵਾਲੀ ਹੋਈ ਨਾਲ ਮੇਰੇ, ਛੱਡਾਂ ਮੈਂ ਨਾ ਕੰਬਲੀ ਛੱਡਦੀ ਏ।
ਬੜੀ ਸੋਹਣੀ ਸੁੱਚਜੀ ਸਿਆਣੀ ਏ ਉਹ, ਕੰਮ ਕਈ ਮੇਰੇ ਸਵਾਰਦੀ ਏ।
ਮੰਗਾਂ ਰੋਟੀ ਤਾਂ ਆਟੇ ਦਾ ਚੁੱਕ ਪੇੜਾ, ਮੇਰੇ ਵਿਚ ਵਗਾਹ ਕੇ ਮਾਰਦੀ ਏ।
ਪਾਣੀ ਮੰਗਾਂ ਤਾਂ ਖਾਲੀ ਗਲਾਸ ਸੁੱਟ ਕੇ, ਆਖ ਦਏ ਨਲਕਾ ਕੋਈ ਦੂਰ ਤਾਂ ਨਹੀਂ।
ਘੜੀ ਮੁੜੀ ਉੱਠ ਕੇ ਐਵੇਂ ਫਿਰੇ ਭੱਜੀ, ਤੇਰੇ ਪਿਓ ਦੀ ਮੈਂ ਕੋਈ ਮਜ਼ਦੂਰ ਤਾਂ ਨਹੀਂ।
ਪੜ੍ਹਦੇ ਕੰਨਾਂ ਦੇ ਪਾਟਣੋ ਮਸਾਂ ਬਚਦੇ, ਜੇਕਰ ਸੈਹ ਸੁਭਾਵੀ ਉਹ ਬੋਲਦੀ ਏ।
ਕਈ ਘੰਟੇ ਮੈਂ ਗਲੀ ਵਿਚ ਖੜ੍ਹਾ ਰੈਹਨਾ, ਕੁੰਡਾ ਬੜੀ ਮਜਾਜ਼ ਨਾਲ ਖੋਲਦੀ ਏ।
ਮਿਲਣ ਸਾਰ ਹੈ ਏਨੀ ਕਿ ਕੋਲ ਦੀ ਵੀ, ਲੰਘ ਸਕੇ ਨਾਂਹ ਬਿਨਾ ਤਕਰਾਰ ਕੋਈ।
ਸੁਣ ਕੇ ਏਹਦੀਆ ਸਿਫਤਾਂ ਨੂੰ ਘਰ ਮੇਰੇ, ਨਹੀਂ ਪੈਰ ਧਰਦਾ ਰਿਸ਼ਤੇਦਾਰ ਕੋਈ।
ਪਾਵਾਂ ਧੋਤੇ ਹੋਏ ਕੱਪੜੇ ਜਿਸ ਦਿਨ ਮੈਂ, ਪਤਾ ਕਿਸ ਤਰ੍ਹਾਂ ਸਾਂਗ ਬਣਾਇਆ ਹੁੰਦਾ।
ਕਰਕੇ ਮਿਲਣੀ ਜਿਓਂ ਸੁਭਾਸ਼ ਦੇ ਸਹੌਰਿਆਂ ਤੋਂ, ਲਾਲ ਚੰਦ 'ਰੌੜਾ ਹੁਣੇ ਆਇਆ ਹੁੰਦਾ।
ਹੋਣਾ ਕੋਈ ਨਾਭਾਗਾ ਹੀ ਦਿਨ ਐਸਾ, ਜਿਸ ਦਿਨ ਨਾਂਹ ਸਾਡੀ ਲੜਾਈ ਹੋਵੇ।
ਧੱਮੜ ਧੱਸਾ ਨਿੱਤ ਇਸ ਤਰ੍ਹਾਂ ਪਿਆ ਰ੍ਹੈਂਦਾ, ਘਰ ਸੈਂਸੀਆਂ ਜਿਵੇਂ ਕੁੜਮਾਈ ਹੋਵੇ।
ਸੇਵਾ ਸਾਧਾਂ ਫਕੀਰਾਂ ਤੇ ਬ੍ਰਾਮਣਾਂ ਦੀ, ਕਦੇ ਕਰਨ ਤੋਂ ਨਹੀਂ ਘਬਰਾਉਂਦੀ ਏ।
ਸੋਟਾ ਘੋਟਣਾ ਜੋ ਵੀ ਹੱਥ ਆਵੇ, ਰੱਜ-ਰੱਜ ਕੇ ਚਾਹਟਾ ਛਕਾਉਂਦੀ ਏ।
ਉਠ ਕੇ ਝਗੜਦੀ ਰੋਜ਼ ਸਵੇਰ ਵੇਲੇ, ਲੋਕ ਕਹਿਣ ਤੜਕੇ ਹੀ ਪਾ ਛਿੰਝ ਦਿੱਤੀ।
ਐਸੇ ਰੱਬ ਤੋਂ ਸਦਕੜੇ ਲੱਖ ਵਾਰੀ, ਹੰਸ ਨਾਲ ਜਿਸ ਨਰੜ ਏ ਗਿਰਝ ਦਿੱਤੀ।
ਖੱਦਰ ਪੋਸ਼ ਉਂਝ ਬਣ ਕੇ ਤੇ ਰਹੇ ਸਾਦੀ, ਮੇਰਾ ਰੈਂਹਦਾ ਵੀ ਪੋਸ਼ ਸੁਕਾਈ ਜਾਂਦੀ।
ਆਪਣੇ ਮਾਪਿਆਂ, ਮਾਸੜਾਂ, ਫੁੱਫੜਾਂ ਨੂੰ, ਹੋ ਬੇਕਿਰਕ ਘਰ ਮੇਰਾ ਲੁਟਾਈ ਜਾਂਦੀ।
ਹੁੰਦਾ ਸੋ ਜੋ ਲਿਖਿਆ ਤਕਦੀਰ ਦੇ ਵਿਚ, ਹੋਣੀ ਛੱਡਦੀ ਕਦੇ ਨਾਂਹ ਲੁੱਕਿਆਂ 'ਤੇ।
ਕੀ-ਕੀ ਫੋਲਣੇ ਫੋਲਾਂ ਮੈਂ ਜਗ ਅੱਗੇ, ਨੰਗਾ ਢਿੱਡ ਹੁੰਦਾ ਝੱਗਾ ਚੁੱਕਿਆਂ 'ਤੇ।
ਮੈਂ ਇਕ ਸ਼ਾਇਰ ਤੇ ਉਹ ਉਜੱਡ ਨਾਰੀ, ਜਾਣਿ ਸਾਰ ਕੀ ਰੱਬ ਦੇ ਭਾਣਿਆਂ ਦੀ।
ਕਵਿਤਾ ਮੇਰੀਆਂ ਕੂੜੇ 'ਤੇ ਸੁੱਟ ਦੇਵੇ, ਟੱਟੀ ਪੂੰਝ ਕੇ ਬਾਲਾਂ ਅੰਵਾਣਿਆਂ ਦੀ।
ਗੱਲਾਂ ਕਈ ਅਣ ਹੋਣੀਆਂ ਅਣ ਸੁਣੀਆਂ, ਹੱਸ-ਹੱਸ ਕੇ ਕਰਨੀਆਂ ਪੈਂਦੀਆਂ ਨੇ।
ਕਈ ਵਾਰੀ ਅੱਲਾ ਦੀ ਇਸ ਭੈਣ ਦੀਆਂ, ਮੈਨੂੰ ਮਿੰਨਤਾਂ ਵੀ ਕਰਨੀਆਂ ਪੈਂਦੀਆਂ ਨੇ।
ਮੇਰੇ ਘਰ ਜਾ ਕੇ ਕੋਈ ਦੱਸਿਓ ਨਾਂਹ, ਏਹੋ ਬੇਨਤੀ ਹੈ ਆਖਰਕਾਰ ਮੇਰੀ।
ਸਮਝ ਵਾਲਿਆਂ ਲਿਆ ਏ ਸਮਝ ਦਰਦੀ, ਏਹ ਹੈ ਨਾਰੀ ਮੇਰੀ ਜਾਂ ਸਰਕਾਰ ਮੇਰੀ।



**ਸਤਨਾਮ ਸਿੰਘ ਦਰਦੀ (ਚਾਨੀਆਂ-ਜਲੰਧਰ)**
92569-73526
**(Punjab Mail USA)**

# ਸਰਸਾ ਦੀਏ ਨਦੀਏ ਨੀ

ਸਰਸਾ ਦੀਏ ਨਦੀਏ ਨੀ
ਤੈਂ ਇਹ ਕੀ ਕਹਿਰ ਕਮਾਇਆ ਈ, ਗੁਰੂ ਪਰਿਵਾਰ ਵਿਛੋੜਾ ਪਾਇਆ ਈ
ਕਵੀਆ ਤੂੰ ਆਪ ਹੀ ਦੱਸ
ਇਸ ਵਿਚ ਮੇਰਾ ਕੀ ਦੋਸ਼ ਏ ?
ਇਹ ਤਾਂ ਦੁਸ਼ਟ ਔਰੰਗਜ਼ੇਬ ਨੇ
ਗੁਰੂ ਪਰਿਵਾਰ ਨਾਲ
ਕਹਿਰ ਕਮਾਇਆ ਈ
ਪਹਿਲਾਂ ਆਪਣੇ ਇਸ਼ਟ
ਕੁਰਾਨ ਸ਼ਰੀਫ ਦੀਆਂ ਕਸਮਾਂ ਖਾਧੀਆਂ
ਮਗਰੋਂ ਆਪਣੇ ਇਸ਼ਟ ਨੂੰ ਵੀ ਬਖਸ਼ਿਆ ਨਾ
ਤੇ ਗੁਰੂ ਪਰਿਵਾਰ ਨਾਲ ਧ੍ਰੋਹ ਕਮਾਇਆ ਈ
ਵਹਿਸ਼ੀ, ਪਸ਼ੂ, ਦਰਿੰਦੇ, ਦੁਸ਼ਟ ਲੋਕ
ਕਦੀ ਵੀ ਕਿਸੇ ਦੇ ਮਿੱਤਰ ਨਹੀਂ ਹੁੰਦੇ
ਕਵੀਆ ਤੂੰ ਆਪ ਹੀ ਦੱਸ
ਇਸ ਵਿਚ ਮੇਰਾ ਕੀ ਦੋਸ਼ ਏ ?
ਇਹ ਤਾਂ ਦੁਸ਼ਟ, ਵਹਿਸ਼ੀ, ਫਰੇਬੀ, ਕਪਟੀ,
ਪਾਪੀ ਅਤੇ ਜਜ਼ਬਾਤਾਂ, ਅਹਿਸਾਸਾਂ,
ਜ਼ਮੀਰ ਤੇ ਨੈਤਿਕਤਾ ਤੋਂ ਸੱਖਣੇ ਔਰੰਗਜ਼ੇਬ ਨੇ
ਗੁਰੂ ਪਰਿਵਾਰ ਨਾਲ ਧ੍ਰੋਹ ਕਮਾਇਆ ਈ
ਤੇ ਗੁਰੂ ਪਰਿਵਾਰ ਵਿਛੋੜਾ ਪਾਇਆ ਈ




**-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ**
530-777-0955
**(Punjab Mail USA)**

# "ਪਿੰਗਲੇ ਜਿੱਥੇ ਰਾਜ਼ੀ ਹੋਏ"

ਕਾਲੇ ਕਾਂ ਜਿੱਥੇ ਚਿੱਟੇ ਹੋਵਣ ਉਹ ਥਾਂ ਨੂੰ
ਤੂੰ ਭੁੱਲ ਗਿਆ ਏਂ
ਮੜ੍ਹੀਆਂ ਅਤੇ ਮਸਾਣਾਂ ਉੱਤੇ ਜਾ ਜਾ ਕੇ
ਤੂੰ ਰੁਲ ਗਿਆ ਏਂ
ਪਿੰਗਲੇ ਜਿੱਥੇ ਰਾਜ਼ੀ ਹੋਏ ਉੱਥੇ ਜਾ ਕੇ ਵੇਖ ਜ਼ਰਾ।
ਹਰਿਮੰਦਰ ਸਾਹਿਬ ਵਿਚ ਮਨਾ ਮੇਰਿਆ
ਜਾ ਕੇ ਮੱਥਾ ਟੇਕ ਜ਼ਰਾ...।
ਫਿਰੇ ਹਜ਼ਾਰਾਂ ਕੋਹ ਭਟਕਦਾ ਤਪਦਾ ਮਨ ਤਾਂ
ਠਰਿਆ ਈ ਨਈਂ
ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਦੇ ਤੂੰ
ਕਰਿਆ ਈ ਨਈਂ
ਰਾਮਦਾਸ ਸਤਿਗੁਰੂ ਦੀ ਨਗਰੀ
ਵਿਚ ਕਰ ਤੂੰ ਪ੍ਰਵੇਸ਼ ਜ਼ਰਾ
ਹਰਿਮੰਦਰ ਸਾਹਿਬ ਵਿਚ...।
ਗੁਰੂ ਰਾਮਦਾਸ ਦੀ ਨਗਰੀ ਦੇ ਵਿਚ ਦੁਨੀਆਂ
ਚੱਲ-ਚੱਲ ਆਉਂਦੀ ਏ
ਦੁਖੀਆਂ ਅਤੇ ਨਿਤਾਣਿਆਂ ਨੂੰ ਇਹ ਧਰਤੀ
ਗਲ ਨਾਲ ਲਾਉਂਦੀ ਏ
ਅੰਦਰਲੇ ਹੰਕਾਰ ਨੂੰ ਛੱਡ ਕੇ ਰੱਖ ਗੁਰਾਂ 'ਤੇ ਟੇਕ ਜ਼ਰਾ।
ਹਰਿਮੰਦਰ ਸਾਹਿਬ ਵਿਚ ...।
ਨੀਵਾਂ ਹੋਕੇ ਜੋ ਵੀ ਆਉਂਦਾ
ਜਾਵੇ ਝੋਲੀਆਂ ਭਰ ਭਰ ਕੇ
ਤਨ ਮਨ ਸੀਤਲ ਹੋ ਜਾਂਦਾ ਇਸ ਥਾਂ ਦੇ
ਦਰਸ਼ਨ ਕਰ ਕਰ ਕੇ
ਬਾਣੀ ਬਾਣੇ ਦੇ ਨਾਲ ਜੁੜ ਜਾ
ਛੱਡ ਕੇ ਝੂਠਾ ਭੇਖ ਜ਼ਰਾ।
ਹਰਿਮੰਦਰ ਸਾਹਿਬ ਵਿਚ....।
ਹਰਿਮੰਦਰ ਸਾਹਿਬ ਵਿਚ ਹਰ ਵੇਲੇ
ਮੈਂ ਸੁਣਿਆ ਹਰਿ ਜੀ ਵਸਦਾ ਏ
ਕੀਰਤਨ ਨਿਰਮੋਲਕ ਹੀਰਾ ਸੁਣ ਸੁਣ
ਪੱਤਾ ਪੱਤਾ ਹਸਦਾ ਏ
ਸੰਗਤ ਵਿਚੋਂ ਲੱਭਜੂ ਇੱਕ ਦਿਨ
ਨੀਝਾਂ ਲਾਕੇ ਦੇਖ ਜ਼ਰਾ।
ਹਰਿਮੰਦਰ ਸਾਹਿਬ ਵਿਚ....।
ਵੀਲ੍ਹ ਚੇਅਰਾਂ ਦੇ ਉੱਤੇ ਬਹਿਕੇ ਅੱਜ ਵੀ
ਦੁਖੀਏ ਆਉਂਦੇ ਨੇ
ਵਾਪਸ ਮੁੜ ਦੇ ਪੈਦਲ ਚੱਲ ਕੇ ਕੌਤਕ
ਸਤਿਗੁਰ ਵਰਤਾਉਂਦੇ ਨੇ
ਦੁੱਖ ਭੰਜਨੀ ਬੇਰੀ ਦੇ ਹੇਠਾਂ
ਮਾਰ ਚੌਂਕੜਾ ਬੈਠ ਜ਼ਰਾ।
ਹਰਿਮੰਦਰ ਸਾਹਿਬ ਵਿਚ....।
ਲੰਗਰ ਵਿਚ ਪ੍ਰਸ਼ਾਦਾ ਛਕ ਕੇ
ਭੁੱਖ ਲੱਖਾਂ ਦੀ ਮਿਟਦੀ ਏ
ਜੂਠੇ ਭਾਂਡੇ ਮਾਂਜ ਕੇ ਸੰਗਤ
ਮਨ ਦੀ ਮੈਲ ਲਾਹ ਸੁੱਟਦੀ ਏ
"ਗਿੱਲ ਮਲਕੀਤ ਭੱਠਲਾਂ" ਵਾਲਿਆ
ਮਨ ਸਤਿਗੁਰ ਨੂੰ ਵੇਚ ਜ਼ਰਾ।
ਹਰਿਮੰਦਰ ਸਾਹਿਬ ਵਿਚ ਮਨਾ ਮੇਰਿਆ
ਜਾ ਕੇ ਮੱਥਾ ਟੇਕ ਜ਼ਰਾ।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 79865-28225**
94174-90943
**(Punjab Mail USA)**


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove BLVD 9700
Bradshaw RD 9600
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
Gurjatinder S. Randhawa
REALTOR CA DRE licence # 01490567
garysingh123@yahoo.com